# ਚਿਰਾਗ

ਅਕਤੂਬਰ-ਦਸੰਬਰ 2009

**October-December 2009**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਵਿਰਾਗ



20 ਰੁਪਏ

70

ਅਕਤੂਬਰ - ਦਸੰਬਰ 2009

# ਚਿਰਾਗ਼ ਤਿਮਾਹੀ

**ਅਕਤੂਬਰ - ਦਸੰਬਰ 2009**

ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ - ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ, ਸੁਲੱਖਣ ਸਰਹੱਦੀ, ਲਾਲ ਸਿੰਘ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)


## ਤਤਕਰਾ


| | |
|---|---|
| ◆ ਸੰਪਾਦਕੀ ਟਿੱਪਣੀਆਂ | 1. ਇੱਕ ਸੰਵਾਦ, 2. ਨਿੰਦਿਆ-ਸ਼ਾਸਤਰ ਦਾ ਨਿਰਮਾਣ |
| ◆ ਵਿਸ਼ਵ ਸਾਹਿਤ | ਫਲਸਤੀਨੀ ਕਵੀ ਮਹਿਮੂਦ ਦਰਵੇਸ਼ ਤੇ ਉਸ ਦੀ ਇੱਕ ਕਵਿਤਾ (ਸੋਗ-ਗੀਤ) |
| ◆ ਇਸ ਅੰਕ ਦਾ ਵਿਸ਼ੇਸ਼ ਕਵੀ | ਪ੍ਰਵਾਸੀ ਗ਼ਜ਼ਲ-ਗੋ ਸੁਰਿੰਦਰ ਸੋਹਲ ਦੀਆਂ ਛੇ ਗ਼ਜ਼ਲਾਂ |
| ◆ ਵਿਸ਼ੇਸ਼ ਕਾਲਮ | ਮੇਰੀ ਗ਼ਜ਼ਲ (ਸਵੈ-ਕਥਨ ਤੇ ਪੰਜ ਗ਼ਜ਼ਲਾਂ) (ਗੁਰਦੀਪ ਡੇਅਰਾਦੂਨ) |
| ◆ ਪੰਜਾਬੀ ਕਹਾਣੀ | ਜੀਵਨ ਦਾ ਯਥਾਰਥ (ਗੁਰਜੰਟ ਕਲਸੀ) |
| ◆ ਹਿੰਦੀ ਕਹਾਣੀ | ਸੰਦੂਕ (ਨਿਰਮਲ ਸਿੰਘ) |
| ◆ ਨਾਵਲ ਦਾ ਅੰਸ਼ | ਇੰਦਰ ਸਿੰਘ ਖਾਮੋਸ਼ ਦਾ ਨਾਵਲ (ਪੁਸ਼ਕਿਨ ਦੀ ਮੌਤ) |
| ◆ ਵਾਘਿਓਂ ਪਾਰ | ਗੁਲਾਮ ਮੁਸਤਫਾ ਬਿਸਮਿਲ (ਤਿੰਨ ਗ਼ਜ਼ਲਾਂ), ਬਾਬਾ ਨਜ਼ਮੀ (ਕਵਿਤਾ) |
| ◆ ਵਿਚਾਰ-ਚਰਚਾ | 1. ਪਰਵਾਸੀ ਪੰਜਾਬੀ ਸਾਹਿਤ-ਅਧਿਐਨ ਦੇ ਮਸਲੇ (ਡਾ. ਕਰਮਜੀਤ ਸਿੰਘ) |
| | 2. ਸਭਿਆਚਾਰ ਦੀ ਉਤਪਤੀ ਤੇ ਵਿਕਾਸ (ਅਤਰਜੀਤ) |
| ◆ ਨਜ਼ਮਾਂ | ਸਤਿੰਦਰ ਕੌਰ ਰੰਧਾਵਾ, ਤੇਰਾ ਸਿੰਘ ਚੰਨ (ਗੀਤ) |
| ◆ ਗ਼ਜ਼ਲਾਂ | ਸੁਲੱਖਣ ਸਰਹੱਦੀ (ਚਾਰ ਗ਼ਜ਼ਲਾਂ) ਹਰੀ ਸਿੰਘ ਮੋਹੀ, ਤ੍ਰੈਲੋਚਨ ਲੋਚੀ (ਦੋ ਗ਼ਜ਼ਲਾਂ) |
| ◆ ਯਾਦਾਂ ਸੰਨ ਸੰਤਾਲੀ | ਸੋਮ ਆਨੰਦ (ਦਿੱਲੀ) |
| ◆ ਪੁਸਤਕ ਪੜਚੋਲ | ਕਰਕ ਕਲੇਜੇ ਮਾਹਿ (ਤਲਵਿੰਦਰ ਕੌਰ), ਚਮਤਕਾਰੀ ਕੈਨੇਡਾ, (ਖੋਜੀ ਕਾਫਰ), ਹਾਇ ਉਏ ਦੁੱਲਿਆ (ਭੋਲਾ ਸਿੰਘ ਸੰਘੇੜਾ), ਦਿਲ-ਦਰਵਾਜ਼ੇ (ਤ੍ਰੈਲੋਚਨ ਲੋਚੀ) |
| ◆ ਪੁਸਤਕ ਪ੍ਰਾਪਤੀ | *** |
| ◆ ਟਾਈਟਲ | ਜ਼ੰਜ਼ੀਰਾਂ ਜਕੜੇ |



Postal Address:
Harbhajan Singh Hundal,
V.FAtu Chak,
P.O. Dhilwan
Distt. Kapurthala -144804
(Pb.) India .
Phone No. 01822-273188
(M) 99150-42242



ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | : 80 ਰੁ. |
| ਇਕ ਪਰਚਾ | : 20 ਰੁ. |
| ਸੰਸਥਾਵਾਂ (ਵਾਰਸ਼ਿਕ) | : 100 ਰੁ. |
| ਯੂਰੋਪ | : 10 ਪੌਂਡ |
| ਅਮਰੀਕਾ | : 12 ਡਾਲਰ |
| ਕੈਨੇਡਾ | : 15 ਡਾਲਰ |

**ਚੰਦਾ ਸਿਰਫ਼ ਮਨੀ ਆਰਡਰ ਰਾਹੀਂ ਭੇਜਿਆ ਜਾਵੇ।**

**ਚਿਰਾਗ਼ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।**

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਡਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼
274-ਚੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ
352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ 31 ਅਕਤੂਬਰ 2009




# 1. ਇੱਕ ਸੰਵਾਦ

"ਕਹਾਣੀ ਪੰਜਾਬ" ਅੰਕ 63-64 ਵਿਚ ਪਰਚੇ ਦੇ ਸੰਪਾਦਕ ਡਾ. ਕ੍ਰਾਂਤੀਪਾਲ ਨੇ ਪੰਜਾਬੀ ਨਾਵਲ ਬਾਰੇ ਬਹੁਤ ਸਾਰੇ ਨੁਕਤੇ ਉਠਾਏ ਹਨ ਤੇ ਪੰਜਾਬੀ ਨਾਵਲ ਦੇ ਵਿਕਾਸ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਨਾਵਲ ਬਾਰੇ ਉਹਦੇ ਕਥਨ ਸਾਰੇ ਹੀ ਸੰਵਾਦ ਰਚਾਉਣ ਵਾਲੇ ਹਨ। ਇਹ ਲੰਮਾ-ਚੌੜਾ ਵਿਵਾਦ ਹੈ। ਕਿਸੇ ਸਮੇਂ ਇਸ ਗੱਲ 'ਤੇ ਵੀ ਸੰਵਾਦ ਰਚਾਵਾਂਗੇ, ਪਰੰਤੂ ਇਸ ਸਮੇਂ ਅਸੀਂ ਲੇਖ ਦੇ ਅੰਤਲੇ ਪੈਰਿਆਂ ਵਿਚ ਕਹੇ ਕੁਝ ਕਥਨਾਂ ਦਾ ਨੋਟਿਸ ਹੀ ਲੈ ਰਹੇ ਹਾਂ। ਵਿਦਵਾਨ ਲੇਖਕ ਪੰਜਾਬੀ ਵਿਚ ਇਨਾਮਾਂ-ਸਨਮਾਨਾਂ ਦੀ ਗੱਲ ਮਿੱਤਰ ਸੈਨ ਮੀਤ ਨੂੰ ਸੰਦਰਭ ਵਿਚ ਰੱਖਕੇ ਕਰਦਾ ਹੈ ਅਤੇ ਉਸਦੀ ਨਾਵਲ ਕਲਾ ਦੀ ਵਿਧੀ 'ਤੇ ਵੀ ਕਿੰਤੂ ਕਰਦਾ ਹੈ ਕਿ ਉਹ ਆਪਣੇ ਪੇਸ਼ੇ ਨਾਲ ਸੰਬੰਧਿਤ ਨਾਵਲ ਲਿਖਦਾ ਹੈ ਅਤੇ ਪ੍ਰੋਜੈਕਟ ਬਣਾ ਕੇ ਕੰਮ ਕਰਦਾ ਹੈ। ਜਿਥੋਂ ਤੱਕ ਮਿੱਤਰ ਸੈਨ ਮੀਤ ਨੂੰ ਸਾਹਿਬ ਅਕਾਦਮੀ ਦਾ ਸਨਮਾਨ ਮਿਲਣ ਦਾ ਸਵਾਲ ਹੈ ਤਾਂ ਸਾਡੀ ਜਾਣਕਾਰੀ ਅਨੁਸਾਰ ਇਸ ਵਿਚ ਕੋਈ ਹੇਰਾਫੇਰੀ ਨਹੀਂ ਹੋਈ। ਪਰੰਤੂ ਜੇ ਲੇਖਕ ਇਸ ਮਸਲੇ ਨੂੰ ਤੂਲ ਦੇ ਕੇ ਬੁਰੇ ਦੇ ਘਰ ਤੱਕ ਜਾਂਦਾ ਹੈ ਤਾਂ ਅਸੀਂ ਬੜੀ ਬੇਬਾਕੀ ਨਾਲ ਕਹਿੰਦੇ ਹਾਂ ਕਿ ਇਨਾਮਾਂ-ਸਨਮਾਨਾਂ ਦੇ ਸੰਬੰਧ ਵਿਚ ਪੰਜਾਬੀ ਦੇ ਹਮਾਮ ਵਿਚ ਸਾਰੇ ਹੀ ਨੰਗੇ ਹਨ। ਇਸੇ ਤਰ੍ਹਾਂ ਕਦੇ ਅਣਖੀ ਨੂੰ ਸਨਮਾਨ ਮਿਲਿਆ ਸੀ ਤੇ ਕਦੇ ਨਿਰੰਜਣ ਤਸਨੀਮ ਨੂੰ ਵੀ ਇਵੇਂ ਮਿਲਿਆ ਸੀ। ਇੱਥੇ ਇੱਕ ਅੱਧੀ ਢਿਬਰੀ ਹੀ ਢਿੱਲੀ ਨਹੀਂ ਜਿਸਨੂੰ ਠੀਕ ਕੀਤਾ ਜਾ ਸਕੇ ਇਥੇ ਤਾਂ ਆਵਾ ਹੀ ਊਤਿਆ ਹੋਇਆ ਹੈ। ਵਿਦਵਾਨ ਲੇਖਕ ਜਾਣਦਾ ਹੈ ਕਿ ਜਮਾਤੀ ਸਮਾਜ ਵਿਚ ਵਰਤਾਰੇ ਰਾਜ ਪ੍ਰਬੰਧ ਨਾਲ ਜੁੜੇ ਹੋਏ ਹੁੰਦੇ ਹਨ। ਵਰਤਾਰਿਆਂ ਨੂੰ ਸੋਧਣ ਲਈ ਰਾਜ ਪ੍ਰਬੰਧ ਨਾਲ ਟੱਕਰ ਲੈਣੀ ਤੇ ਉਹਨੂੰ ਬਦਲਣ ਲਈ ਸੰਘਰਸ਼ ਕਰਨਾ ਪੈਂਦਾ ਹੈ। ਇਸ ਲਈ ਇਸ ਗੱਲ 'ਤੇ ਇੱਕਾ-ਦੁੱਕਾ ਟਿੱਪਣੀ ਦੇ ਕੋਈ ਅਰਥ ਨਹੀਂ ਹਨ। ਰਹੀ ਗੱਲ ਮਿੱਤਰ ਸੈਨ ਮੀਤ ਦੇ ਪੇਸ਼ੇ ਨਾਲ ਜੁੜੀ ਤੇ ਪ੍ਰੋਜੈਕਟ ਬਣਾ ਕੇ ਲਿਖਣ ਦੀ। ਤਾਂ ਇਸ ਬਾਰੇ ਅਗਲੀ ਟਿੱਪਣੀ ਕਰਨ ਤੋਂ ਪਹਿਲਾਂ ਅਸੀਂ ਵਿਦਵਾਨ ਲੇਖਕ ਤੋਂ ਇਹ ਪੁੱਛਣ ਦੀ ਹਿਮਾਕਤ ਕਰਦੇ ਹਾਂ ਕਿ ਮਿੱਤਰ ਸੈਨ ਮੀਤ ਲੇਖਕ ਲਈ ਕੋਈ ਓਪਰਾ ਨਹੀਂ ਹੈ। ਦੋਨੋਂ ਇਕੋ ਸ਼ਹਿਰ ਦੇ ਜੰਮਪਲ ਹਨ। ਉਮਰ ਦੇ ਥੋੜ੍ਹੇ-ਬਹੁਤੇ ਅੰਤਰ ਤੋਂ ਬਿਨਾਂ ਸਮਕਾਲੀ ਹਨ। ਇਸ ਲਈ ਲੇਖਕ ਨੂੰ ਮਿੱਤਰ ਸੈਨ ਮੀਤ ਦੀ ਕਲਾ ਬਾਰੇ ਕਾਫੀ ਸਮਾਂ ਪਹਿਲਾਂ ਸੰਵਾਦ ਰਚਾਉਣਾ ਚਾਹੀਦਾ ਸੀ। ਸਾਡੀ ਜਾਣਕਾਰੀ ਅਨੁਸਾਰ ਅਜਿਹਾ ਪਹਿਲਾਂ ਨਹੀਂ ਹੋਇਆ। ਮਿੱਤਰ ਸੈਨ ਮੀਤ ਨੂੰ ਇਨਾਮ ਮਿਲਣ ਸਮੇਂ ਉਸ ਬਾਰੇ ਸੰਵਾਦ ਰਚਾਉਣ ਦੇ ਕੀ ਕੋਈ ਵਿਸ਼ੇਸ਼ ਮੰਤਵ ਹਨ? ਜੇਕਰ ਕੋਈ ਅਜਿਹੀ ਗੱਲ ਹੈ ਤਾਂ ਲੇਖਕ ਸੰਕੇਤਾਂ ਤੇ ਸੰਕੋਚ ਤੋਂ ਕੰਮ ਲੈਣ ਦੀ ਥਾਂ ਖੁੱਲ ਕੇ ਗੱਲ ਕਰੇ ਤੇ ਸੰਵਾਦ ਰਚਾਵੇ। ਇਹ ਕੁਝ ਪੰਜਾਬੀ ਨਾਵਲਕਾਰੀ ਤੇ ਪੰਜਾਬੀ ਬੋਲੀ ਦੋਨਾਂ ਲਈ ਫਾਇਦੇਮੰਦ ਹੋਵੇਗਾ। ਉਂਝ ਇਸ ਤਰ੍ਹਾਂ ਗੱਲ ਕਰਨ ਦੇ ਅਰਥ ਸੰਕੀਰਨਤਾ ਵੀ ਕੱਢੇ ਜਾ ਸਕਦੇ ਹਨ। ਇਸ ਸੰਬੰਧ ਵਿਚ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਮਿੱਤਰ ਸੈਨ ਮੀਤ ਵਲੋਂ ਆਪਣੇ ਪੇਸ਼ੇ ਨਾਲ ਸੰਬੰਧਿਤ ਤੇ ਪ੍ਰੋਜੈਕਟ ਬਣਾ ਕੇ ਲਿਖਣਾ ਸਾਹਿਤਕ ਜਗਤ ਵਿਚ ਕੋਈ ਓਪਰੀ ਤੇ ਗੁਨਾਹ ਵਾਲੀ ਗੱਲ ਨਹੀਂ ਹੈ। ਸੰਸਾਰ ਸਾਹਿਤ ਦੇ ਚਿੰਤਨ ਵਿਚ ਅਨੇਕਾਂ ਉਦਾਹਰਨਾਂ ਇਹੋ ਜਿਹੀਆਂ ਪਈਆਂ ਹਨ ਕਿ ਲੇਖਕ ਨੇ ਪੇਸ਼ੇ ਦਾ ਲਾਭ ਉਠਾ ਕੇ ਤੇ ਲਗਾਤਾਰ ਪ੍ਰੋਜੈਕਟ ਬਣਾ ਕੇ ਮਹਾਨ ਲਿਖਤਾਂ ਲਿਖੀਆਂ। ਅਕਸਰ ਲੋਕ ਟੈਕਸਟ ਬੁੱਕ ਤੇ ਗਾਈਡ ਲਿਖਕੇ ਢੇਰ ਸਾਰਾ ਧਨ ਕਮਾ ਲੈਂਦੇ ਹਨ। ਆਪਣੇ ਪੇਸ਼ੇ ਤੋਂ ਅੱਗੇ ਲਿਖਤਾਂ ਦਾ ਵੀ ਵਪਾਰੀਕਰਨ ਕਰਦੇ ਹਨ। ਅਸੀਂ ਸਮਝਦੇ ਹਾਂ ਕਿ ਮਿੱਤਰ ਸੈਨ ਮੀਤ ਉੱਤੇ ਅਜਿਹਾ ਦੋਸ਼ ਨਹੀਂ ਲਾਇਆ ਜਾ ਸਕਦਾ। ਮਿੱਤਰ ਸੈਨ ਮੀਤ ਨੇ ਆਪਣੀ ਕਲਾ ਨੂੰ ਹਾਕਮ ਜਮਾਤਾਂ ਦੇ ਰਾਜ ਪ੍ਰਬੰਧ ਤੇ ਸਟੇਟ ਦੇ ਅੰਗਾਂ ਨੂੰ ਨੰਗਾ ਕਰਕੇ ਜਮਾਤ ਲਈ

ਇੱਕ ਵਿਚਾਰਧਾਰਕ ਹਥਿਆਰ ਬਣਾ ਕੇ ਪੇਸ਼ ਕੀਤਾ ਹੈ ਜਿਸਨੂੰ ਜਮਾਤ ਚੇਤਨ ਤੌਰ 'ਤੇ ਵਰਤ ਸਕਦੀ ਹੈ। ਹੁਣ ਤੋਂ ਪਹਿਲਾਂ ਉਹਨੇ ਆਪਣੀਆਂ ਕਿਰਤਾਂ ਆਪਣੀ ਤਨਖਾਹ ਵਿਚੋਂ ਖਰਚ ਕਰਕੇ ਛਪਵਾਈਆਂ ਸਨ। ਇਹ ਖਰਚਾ ਉਸ ਸਮੇਂ ਉਸਦੀ ਆਰਥਿਕਤਾ 'ਤੇ ਬੋਝ ਸੀ। ਇਸ ਲਈ ਜਮਾਤ ਦੇ ਹੱਕ ਵਿਚ ਨਿੱਜੀ ਤੌਰ 'ਤੇ ਘਾਟੇ ਵਾਲਾ ਸੌਦਾ ਕਰ ਲੈਣਾ ਕੋਈ ਗੁਨਾਹ ਨਹੀਂ। ਰਹੀ ਗੱਲ ਪ੍ਰੋਜੈਕਟ ਬਣਾ ਕੇ ਲਿਖਣ ਦੀ ਤਾਂ ਸੰਸਾਰ ਪ੍ਰਸਿੱਧ ਫਰਾਂਸੀਸੀ ਲੇਖਕ ਐਮਲ ਜ਼ੋਲਾ ਨੇ ਫਰਾਂਸੀਸੀ ਸਮਾਜ ਬਾਰੇ ਪ੍ਰੋਜੈਕਟ ਬਣਾ ਕੇ ਲਿਖਤਾਂ ਲਿਖੀਆਂ ਸਨ। ਉਹਦਾ ਟੀਚਾ ਸਮੁੱਚੇ ਸਮਾਜ ਨੂੰ ਲਿਖਤਾਂ ਰਾਹੀਂ ਪੇਸ਼ ਕਰਨਾ ਸੀ। ਸਾਰੇ ਜਾਣਦੇ ਹਨ ਕਿ ਉਸ ਸਮੇਂ ਦੇ ਫਰਾਂਸੀਸੀ ਸਮਾਜ ਨੇ ਉਹਦੀਆਂ ਲਿਖਤਾਂ ਨੂੰ ਵੱਖ-ਵੱਖਰੇ ਰੂਪ ਵਿਚ ਲਿਆ। ਜਿਹੜੀਆਂ ਉਹਨਾਂ ਨੂੰ ਚੰਗੀਆਂ ਲੱਗੀਆਂ ਉਹਨਾਂ ਨੂੰ ਦਾਦ ਦੇਣ ਲਈ ਵੱਡੇ-ਵੱਡੇ ਜਲੂਸਾਂ ਦੀ ਸ਼ਕਲ ਵਿਚ ਉਹਦੇ ਘਰ ਤੱਕ ਗਏ। ਕਈ ਵਾਰ ਉਹਨੂੰ ਮੋਢੇ 'ਤੇ ਚੁੱਕ ਕੇ ਭੰਗੜੇ ਵੀ ਪਾਏ। ਪਰੰਤੂ ਚੰਗੀਆਂ ਲਿਖਤਾਂ ਨਾ ਲੱਗਣ ਵੇਲੇ ਉਹਦੇ ਘਰ ਜਾ ਕੇ ਇੱਟਾਂ ਵੀ ਮਾਰਦੇ ਰਹੇ ਤੇ ਗਾਲ੍ਹਾਂ ਵੀ ਕੱਢ ਕੇ ਆਉਂਦੇ ਰਹੇ। ਇਹ ਸਾਹਿਤਮੁਖੀ ਸਮਾਜ ਦੀ ਤਸਵੀਰ ਹੈ ਪਰੰਤੂ ਸਾਡੀ ਪੰਜਾਬੀਆਂ ਦੀ ਬਦਕਿਸਮਤੀ ਹੈ ਕਿ ਸਾਖਰਤਾ ਦੇ ਵਿਕਾਸ, ਲੇਖਕਾਂ ਦੀ ਗਿਣਤੀ ਵਧਣ ਤੇ ਕਿਤਾਬਾਂ ਦੇ ਢੇਰ ਛਾਪਣ ਦੇ ਬਾਵਜੂਦ ਅਸੀਂ ਹਾਲੀਂ ਤੱਕ ਅਜਿਹਾ ਸਮਾਜ ਨਹੀਂ ਸਿਰਜ ਸਕੇ। ਸਾਡੀ ਸੋਚ ਅਨੁਸਾਰ ਸਾਹਿਤ ਨਾਲ ਜੁੜੇ ਸਾਡੇ ਪੰਜਾਬੀਆਂ ਲਈ ਇੱਕ ਮੁੱਖ ਮੁੱਦਾ ਲੋਕਾਂ ਨੂੰ ਸਾਹਿਤਮੁਖੀ ਬਣਾਉਣਾ ਹੈ।

ਕਿਸੇ ਲੇਖਕ ਬਾਰੇ ਤੇ ਉਸ ਬਾਰੇ ਸੰਵਾਦ ਰਚਾਉਣਾ ਕੋਈ ਮਾੜੀ ਗੱਲ ਨਹੀਂ। ਖੁੱਲ-ਦਿਲੇ ਤੇ ਸੰਕੀਰਨਤਾ ਤੋਂ ਮੁਕਤ ਸੰਵਾਦ ਦਾ ਅਸੀਂ ਸੁਆਗਤ ਕਰਾਂਗੇ। ਅਸੀਂ ਵਿਦਵਾਨ ਲੇਖਕ ਨੂੰ ਵੀ ਮਸ਼ਵਰਾ ਦਿੰਦੇ ਹਾਂ ਕਿ ਉਹ ਪਹਿਲੀ ਪੀੜ੍ਹੀ ਦੇ ਸੰਸਕਾਰਾਂ ਤੇ ਕੰਪਲੈਕਸਾਂ ਤੋਂ ਮੁਕਤ ਹੋ ਕੇ ਗੱਲ ਕਰੇ ਤੇ ਸਾਡੇ ਪੰਜਾਬੀ ਮਾਹੌਲ ਨੂੰ ਸੌੜੇਪਣ 'ਚੋਂ ਕੱਢ ਕੇ ਵਿਸ਼ਾਲਤਾ ਵੱਲ ਲੈ ਕੇ ਜਾਵੇ।

## 2. ਨਿੰਦਿਆ-ਸ਼ਾਸ਼ਤਰ ਦਾ ਨਿਰਮਾਣ

ਸਾਹਿਤ ਦਾ ਇੱਕ ਆਪਣਾ ਸੁਭਾਅ ਹੈ ਕਿ ਇਸ ਵਿਚ ਤੱਤ ਤੇ ਰੂਪ ਪੱਖੋਂ ਲਗਾਤਾਰਾ ਵਾਧਾ ਹੁੰਦਾ ਰਹਿੰਦਾ ਹੈ। ਨਵੀਆਂ ਸਿਨਫਾਂ ਤੇ ਤਜ਼ਰਬੇ ਕੀਤੇ ਜਾਂਦੇ ਰਹਿਣ ਜਿਹੜੀਆਂ ਤੱਤ ਤੇ ਰੂਪ ਵਿਚ ਨਵੀਆਂ ਹੋਣ। ਹੋਰਨਾਂ ਭਾਸ਼ਾਵਾਂ ਦੇ ਸਾਹਿਤ ਵਿਚ ਇਹ ਅਕਸਰ ਹੁੰਦਾ ਰਹਿੰਦਾ ਹੈ ਪਰੰਤੂ ਕਾਫ਼ੀ ਸਮੇਂ ਵਿਚ ਇਸ ਪੱਖ ਤੋਂ ਖੜੋਤ ਆ ਗਈ ਲੱਗਦੀ ਸੀ। ਹੁਣ ਇੱਕ ਨਵੀਂ ਸਿਨਫ਼, ਜਿਹੜੀ ਮੁੱਢ ਵਿਚ ਕੁਝ ਕੁ ਵਿਅਕਤੀਆਂ ਦੇ ਦਿਮਾਗ ਦੀ ਇਖ਼ਤਰਾ ਲੱਗਦੀ ਸੀ ਹੁਣ ਹੌਲੀ-ਹੌਲੀ ਬਕਾਇਦਾ ਇੱਕ "ਸਿਨਫ਼" ਦਾ ਰੂਪ ਧਾਰਦੀ ਜਾ ਰਹੀ ਹੈ। ਕਾਫੀ ਚਿਰ ਪਹਿਲਾਂ ਇੱਕ ਵਿਅਕਤੀ ਅਚਾਨਕ ਹੀ ਪੰਜਾਬੀ ਸਾਹਿਤ ਦੇ ਖੇਤਰ ਵਿਚ ਨਮੂੰਦਾਰ ਹੋਇਆ। ਉਹਦੀ ਹਰ ਇੱਕ ਗੱਲ ਚੁੱਭਵੀਂ ਤੇ ਟੇਢੀ ਹੁੰਦੀ ਸੀ। ਉਹ ਬੰਦਾ ਕਿਸੇ ਨਾ ਕਿਸੇ ਦੀ ਪੱਗ ਨੂੰ ਹੱਥ ਪਾਉਂਦਾ ਰਹਿੰਦਾ ਸੀ। ਕਦੇ-ਕੁਦਾਈਂ ਉਹਦੀ ਗੱਲ ਸਮਝ ਆਉਣ ਵਾਲੀ ਹੁੰਦੀ ਪਰੰਤੂ ਬਹੁਤੀ ਵਾਰ ਇਸਦਾ ਸਿਰ ਪੈਰ ਨਾ ਲੱਭਦਾ। ਕਿਸੇ ਵਿਅਕਤੀ ਨੂੰ ਬੱਦੂ ਕਰਨਾ ਤੇ ਨਿੰਦਣਾ ਹੀ ਲੱਗਦਾ। ਇਹ ਵਿਅਕਤੀ ਹਰ ਗੱਲ ਬੜੇ ਆਤਮ ਵਿਸ਼ਵਾਸ ਨਾਲ ਕਰਦਾ ਤੇ ਆਪਣੇ ਆਪ ਨੂੰ ਸਭ ਕੁਝ ਜਾਨਣ ਵਾਲਾ 'ਜਾਣੀ-ਜਾਣ' ਦਰਸਾਉਣ ਦਾ ਯਤਨ ਕਰਦਾ। ਕਾਫੀ ਚਿਰ ਇਹ ਵਿਅਕਤੀ ਵੱਖੋ-ਵੱਖ ਪਰਚਿਆਂ ਵਿਚ ਠੂਹ-ਠਾਹ ਕਰਦਾ ਰਹਿੰਦਾ। ਕੁਝ ਮਹੀਨੇ ਪਹਿਲਾਂ ਆਪਣੇ ਅਚਾਨਕ ਨਮੂੰਦਾਰ ਹੋਣ ਵਾਂਗ ਉਸਨੇ ਇੱਕ ਤ੍ਰੈਮਾਸਿਕ ਪਰਚਾ ਕੱਢਣਾ ਆਰੰਭ ਕਰ ਦਿੱਤਾ। ਹੁਣ ਉਸਨੇ ਆਪਣੇ ਪਰਚੇ ਵਿਚ ਪੱਗ ਲਾਹੁਣ ਤੇ ਦਾਹੜੀ ਪੁੱਟਣ ਦਾ ਲਗਾਤਾਰ ਕੰਮ ਆਰੰਭ ਕਰ ਦਿੱਤਾ ਹੈ। ਆਮ ਤੌਰ 'ਤੇ ਲੋਕ ਮਾਨਤਾ ਅਨੁਸਾਰ, ਜਦੋਂ ਇੱਕ ਜਾਨਵਰ ਹੌਂਕਦਾ ਹੈ ਤਾਂ ਦੂਜੇ ਵੀ ਅਜਿਹਾ ਹੀ



ਕਰਦੇ ਹਨ ਪਰੰਤੂ ਪਹਿਲਾਂ ਸਾਰਾ ਟੱਬਰ ਹੀ ਬੈਠਾ ਹੋਵੇ ਤਾਂ ਉਹਨਾਂ ਦੀ ਹੋਂਦ ਦਾ ਪਤਾ ਨਹੀਂ ਲੱਗਦਾ। ਇਹੋ ਕੁਝ ਹੀ ਪੰਜਾਬੀ ਸਾਹਿਤ ਵਿਚ ਵਾਪਰਿਆ ਹੈ। ਹੁਣ ਉਪਰੋਕਤ ਕਰਮ ਕਰਨ ਵਾਲੇ ਲੇਖਕ ਵੱਖ-ਵੱਖਰੇ ਸ਼ਹਿਰਾਂ ਵਿਚ ਉੱਠ ਖੜ੍ਹੇ ਹਨ। ਪਿਛਲੇ ਸਮੇਂ ਵਿਚ ਕਈ ਰਸਾਲੇ ਸਾਡੇ ਕੋਲ ਪੁੱਜੇ ਹਨ ਜਿਨ੍ਹਾਂ ਵਿਚ ਇਹ ਕਾਰਜ ਕੀਤਾ ਗਿਆ ਹੈ। ਇਸ ਤਰ੍ਹਾਂ ਸਾਡੇ ਮਨ ਵਿਚ ਖਦਸ਼ਾ ਖੜ੍ਹਾ ਹੋਇਆ ਹੈ ਕਿ ਸੱਚਮੁੱਚ ਹੀ ਪੰਜਾਬੀ ਸਾਹਿਤ ਵਿਚ ਇਕ ਨਵੀਂ ਸਿਨਫ਼ ਨੇ ਜਨਮ ਲੈ ਲਿਆ ਹੈ ਪਰੰਤੂ ਹਾਲੇ ਤੱਕ ਕਿਸੇ ਨੇ ਇਸ ਸਿਨਫ਼ ਦਾ ਨਾਮਕਰਨ ਨਹੀਂ ਕੀਤਾ। ਅਸੀਂ ਕਾਫ਼ੀ ਚਿਰ ਸੋਚਕੇ ਤੇ ਸਿਰ ਜੋੜ ਕੇ ਬੈਠਣ ਉਪਰੰਤ ਇਸ ਸਿੱਟੇ 'ਤੇ ਪੁੱਜੇ ਹਾਂ ਕਿ ਹੁਣ ਇਹ ਸਿਨਫ਼ ਮੁਟਿਆਰ ਹੋ ਗਈ ਹੈ ਤ ਇਹਦਾ ਨਾਮਕਰਨ ਕਰਨਾ ਬਣਦਾ ਹੈ। ਅਸੀਂ ਆਪਣੇ ਵਲੋਂ ਇਹਦਾ ਨਾਮਕਰਨ "ਨਿੰਦਿਆ ਸ਼ਾਸਤਰ" ਕੀਤਾ ਹੈ। ਅੱਗੇ ਤੋਂ ਵੀ ਵਿਚਾਰ ਚਰਚਾ ਵਿਚ ਇਹੀ ਨਾਮ ਵਰਤਾਂਗੇ। ਸਿਆਣੇ ਪਾਠਕ ਸਾਡੀ ਗੱਲ ਸਮਝ ਜਾਇਆ ਕਰਨਗੇ।

ਅਸੀਂ ਇੱਥੇ ਇੱਕ ਗੱਲ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਸਾਹਿਤ ਦਾ ਤੇ ਆਲੋਚਨਾ ਦਾ ਚੋਲੀ ਦਾਮਨ ਦਾ ਸਾਥ ਹੈ। ਆਲੋਚਨਾ ਬਿਨਾਂ ਸਾਹਿਤ ਵਿਕਾਸ ਨਹੀਂ ਕਰ ਸਕਦਾ। ਇਸੇ ਲਈ ਅਸੀਂ ਹਮੇਸ਼ਾ ਆਲੋਚਨਾ ਦੇ ਹੱਕ ਵਿਚ ਰਹੇ ਹਾਂ ਅਤੇ ਸਾਹਿਤਕ ਆਲੋਚਨਾ ਨੂੰ ਅਸੀਂ ਹਮੇਸ਼ਾ ਛਾਪਦੇ ਰਹੇ ਹਾਂ। ਸਾਡੀ ਇਹ ਵੀ ਸਮਝਦਾਰੀ ਹੈ ਕਿ ਆਲੋਚਨਾ ਸਾਹਿਤ ਦੀ ਹੋਣੀ ਚਾਹੀਦੀ ਹੈ ਲੇਖਕ ਦੀ ਨਹੀਂ। ਆਲੋਚਕ ਜਿਸ ਸਿਨਫ਼ ਦੀ ਵੀ ਆਲੋਚਨਾ ਕਰੇ ਉਸਦਾ ਉਹ ਸਰਵ ਪ੍ਰਵਾਨਿਤ ਵਿਦਵਾਨ ਅਤੇ ਗਿਆਤਾ ਹੋਣਾ ਚਾਹੀਦਾ ਹੈ, ਅਸੀਂ ਇਹ ਵੀ ਸਮਝਦੇ ਹਾਂ ਕਿ ਹਰ ਇੱਕ ਸਿਨਫ਼ ਹੀ ਇਕੋ ਜਿਹੀ ਆਲੋਚਨਾ ਦੀ ਭਾਗੀ ਨਹੀਂ ਹੁੰਦੀ। ਇਹਨਾਂ ਵਿਚ ਅੰਤਰ ਹੁੰਦਾ ਹੈ। ਮਿਸਾਲ ਵਜੋਂ ਸਵੈ-ਜੀਵਨੀ ਵਿਚ ਜੇਕਰ ਥੋੜ੍ਹੀ ਬਹੁਤੀ ਗੱਲ-ਬਾਤ ਵਧਾ ਚੜ੍ਹਾ ਕੇ ਕੀਤੀ ਜਾਂਦੀ ਹੈ ਤੇ ਜਿਸਦਾ ਸਾਹਿਤ ਤੇ ਸਮਾਜ ਨੂੰ ਕੋਈ ਹਰਜ ਨਾ ਪੁੱਜਦਾ ਹੋਵੇ ਉਹ ਨੁਕਤਾਚੀਨੀ ਤੋਂ ਮੁਕਤ ਹੁੰਦੀ ਹੈ। ਜੀਵਨੀਕਾਰ ਜੇਕਰ ਕੋਈ ਗੱਲ ਕਿਸੇ ਦੇ ਹਵਾਲੇ ਨਾਲ ਕਹਿੰਦਾ ਹੈ ਤਾਂ ਨੁਕਤਾਚੀਨੀ ਦਾ ਨਿਸ਼ਾਨਾ ਹਵਾਲਾ ਹੋਣਾ ਚਾਹੀਦਾ ਹੈ ਨਾ ਕੀ ਜੀਵਨੀਕਾਰ ਦਾ। ਇੱਕ ਗੱਲ ਹੋਰ ਕਿ ਸਾਹਿਤ ਵਿਚ ਇਨਾਮਾਂ-ਸਨਮਾਨਾਂ ਦੀ ਗੱਲ ਸਦਾ ਹੀ ਵਾਦ-ਵਿਵਾਦੀ ਰਹੀ ਹੈ। ਅਸੀਂ ਇਹ ਸਮਝਦੇ ਹਾਂ ਕਿ ਜਮਾਤੀ ਸਮਾਜ ਵਿਚ ਸਨਮਾਨਾਂ ਦਾ ਦੇਣਾ ਤੇ ਲੈਣਾ ਕੋਈ ਅਲੋਕਾਰ ਗੱਲ ਨਹੀਂ, ਇਹ ਸਰਮਾਇਦਾਰੀ ਦੇ ਖਾਸੇ ਅਨੁਕੂਲ ਹੀ ਹੈ। ਅਜਿਹੇ ਕਾਰਜ ਦੀ ਕਿਸੇ ਸਮੇਂ ਗੱਲ ਕੀਤੀ ਜਾ ਸਕਦੀ ਹੈ ਪਰੰਤੂ ਲਗਾਤਾਰ ਬੱਦੂ ਕਰਨ ਦੀ ਮੁਹਿੰਮ ਨਹੀਂ ਚਲਾਣੀ ਜਾਣੀ ਚਾਹੀਦੀ। ਇਸ ਨਾਲ ਪ੍ਰਾਪਤੀ ਘੱਟ ਤੇ ਤਲਖੀ ਵੱਧ ਵੱਧਦੀ ਹੈ। ਹੋਰਾਂ ਸਿਨਫ਼ਾਂ ਵਾਂਗ ਆਲੋਚਨਾ ਵੀ ਇੱਕ ਸਿੱਟੇਬੰਦ ਸਿਨਫ਼ ਹੈ ਇਸ ਲਈ ਦੂਜੀਆਂ ਸਿਨਫ਼ਾਂ ਵਾਂਗ ਮੁਹਾਰਤ ਤੇ ਚਿੰਤਨ ਦੀ ਲੋੜ ਹੁੰਦੀ ਹੈ। ਇਕ ਸਮਾਂ ਉਹ ਵੀ ਆਉਂਦਾ ਹੈ ਕਿ ਆਲੋਚਕ ਆਪਣੀ ਕਲਾ ਪ੍ਰਵੀਨਤਾ ਦੇ ਸਹਾਰੇ ਨਾਵਲਕਾਰਾਂ ਤੇ ਕਹਾਣੀਕਾਰਾਂ ਦ ਬਰਾਬਰ ਦਾ ਦਰਜਾ ਪ੍ਰਾਪਤ ਕਰ ਲੈਂਦਾ ਹੈ। ਇਸਨੂੰ ਸਾਰੇ ਮੰਨ ਜਾਂਦੇ ਹਨ ਜੇਕਰ ਸਾਰੇ ਨਹੀਂ ਤਾਂ ਘੱਟ-ਘੱਟ ਬਹੁ ਸੰਮਤੀ ਇਹ ਗੱਲ ਜਰੂਰ ਸਵੀਕਾਰ ਕਰ ਲੈਂਦੀ ਹੈ।

ਅਸੀਂ ਉਪਰੋਕਤ ਸ਼ਬਦਾਂ ਨਾਲ ਸੰਕੇਤਕ ਰੂਪ ਵਿਚ ਸਿਨਫ਼ ਦੇ ਨਾਂਅ ਥੱਲੇ ਸਾਹਿਤ 'ਚ ਆ ਰਹੇ ਨਵੇਂ ਵਿਗਾੜ ਵੱਲ ਧਿਆਨ ਦਿਵਾਇਆ ਹੈ। ਅਸੀਂ ਆਪਣੇ ਵਲੋਂ ਅਜਿਹੇ ਵਿਗਾੜ ਦੇ ਹੱਕ ਵਿਚ ਨਹੀਂ ਹਾਂ ਇਸੇ ਲਈ ਆਪਣੀ ਨਾ-ਪਸੰਦਗੀ ਦਾ ਪ੍ਰਗਟਾਵਾ ਕੀਤਾ ਹੈ। ਇਸ ਲਈ ਅਸੀਂ ਪੰਜਾਬੀ ਪਾਠਕਾਂ, ਆਲੋਚਕਾਂ ਤੇ ਵਿਦਵਾਨ ਲੇਖਕਾਂ ਦਾ ਧਿਆਨ ਇਸ ਪਾਸੇ ਕਰਾਉਂਦੇ ਹਾਂ ਕਿ ਉਹਨਾਂ ਨੂੰ ਚੇਤਨ ਹੋ ਕੇ ਇਸ ਕੁਰਾਹੇ ਦਾ ਵਿਰੋਧ ਕਰਨਾ ਚਾਹੀਦਾ ਹੈ। ਅਸੀਂ ਅੰਗਰੇਜ਼ੀ ਦੇ ਅਖਾਣ "ਬੁਰਾਈ ਨੂੰ ਜੰਮਦੀ ਨੂੰ ਮਾਰੋ" ਅਨੁਸਾਰ ਕਹਿੰਦੇ ਹਾਂ ਕਿ ਅਜਿਹੀ ਬੁਰਾਈ ਨੂੰ ਪੈਦਾ ਹੋਣ ਤੋਂ ਪਹਿਲਾਂ ਹੀ ਖ਼ਤਮ ਕਰ ਦਿਓ, ਨਹੀਂ ਪਿੱਛੋਂ ਇਹ "ਕਾਂਗਰਸ ਘਾਹ" ਵਾਂਗ ਫੈਲ ਜਾਵੇਗੀ ਤੇ ਫਿਰ ਪ੍ਰਦੂਸ਼ਣ ਨੂੰ ਰੋਕਣਾ ਮੁਸ਼ਕਿਲ ਹੋ ਜਾਵੇਗਾ। ●

– ਸੰਪਾਦਕੀ ਮੰਡਲ

ਇਸ ਵਾਰ ਦਾ ਵਿਸ਼ੇਸ਼ ਕਵੀ

# ਸੁਰਿੰਦਰ ਸੋਹਲ ਛੇ ਗ਼ਜ਼ਲਾਂ

1

ਇਸ ਦੇ ਦਿਲ ਅੰਦਰ ਕੋਈ ਸੰਗੀਨ ਸਾਜਿਸ਼ ਪਲ ਰਹੀ ਹੈ।
ਅੱਗ ਤਾਂ ਹੀ ਬਰਫ਼ ਦਾ ਚਿਹਰਾ ਲਗਾ ਕੇ ਜਲ ਰਹੀ ਹੈ।

ਰੱਬ ਜਾਣੇ ਮੇਰੇ ਸਾਵ੍ਹੇਂ ਆਉਣ ਤੋਂ ਕਿਉਂ ਟਲ ਰਹੀ ਹੈ।
ਚਾਨਣੀ ਬੱਦਲ ਦੇ ਓਹਲੇ ਹੋ ਕੇ ਰਸਤਾ ਵਲ ਰਹੀ ਹੈ।

ਇਕ ਤਰਫ਼ ਤਾਂ ਲੋਕ ਸਿਲਾਂ-ਪੱਥਰ ਵਿਚ ਵਟ ਰਹੇ ਨੇ,
ਇਕ ਤਰਫ਼ ਪੱਥਰ 'ਚੋਂ ਹੱਸਦੀ ਮੂਰਤੀ ਨਿਕਲ ਰਹੀ ਹੈ।

ਇਤਰ ਭਿੱਜੀਆਂ ਰੰਗਲੀਆਂ ਇਸ ਨੇ ਬਹਾਰਾਂ ਵਰਨੀਆਂ ਨੇ,
ਏਸੇ ਕਰਕੇ ਪੱਤਝੜ ਜੰਗਲ ਨੂੰ ਵਟਣਾ ਮਲ ਰਹੀ ਹੈ।

ਮੈਂ ਤਾਂ ਘਰ ਹੀ ਛੱਡ ਆਇਆ ਸਾਂ ਮਹਿਕ, ਜਜ਼ਬੇ ਤੇ ਰਿਸ਼ਤੇ,
ਪਰ ਸਫ਼ਰ ਵਿਚ ਪੈੜ ਕਿਸਦੀ ਨਾਲ ਮੇਰੇ ਚਲ ਰਹੀ ਹੈ।

ਮਛਲੀਆਂ ਫੜ੍ਹਦਾ ਮੈਂ ਤਟ 'ਤੇ ਸੌਂ ਗਿਆ ਕਿ ਖ਼ਾਬ ਆਇਆ,
ਕੜ੍ਹ ਰਿਹਾ ਹੈ ਤੇਲ, ਇਸ ਵਿਚ ਮਛਲੀ ਮੈਨੂੰ ਤਲ ਰਹੀ ਹੈ।

2

ਮਿਲ ਗਿਆ ਨ੍ਹੇਰੇ ਨੂੰ ਮੌਕਾ ਦੋਸ਼ ਲਾਵਣ ਵਾਸਤੇ,
ਮੈਂ ਚੁਰਾਈ ਅੱਗ ਜਦੋਂ ਦੀਵੇ ਜਗਾਵਣ ਵਾਸਤੇ।

ਘਰਦਿਆਂ ਬਿਰਖਾਂ ਨੂੰ ਔੜਾਂ ਤੋਂ ਬਚਾਵਣ ਵਾਸਤੇ।
ਸੰਦਲੀ ਬਦਲੀ ਗਈ ਸਾਗਰ 'ਚ ਨ੍ਹਾਵਣ ਵਾਸਤੇ।

ਮੈਂ ਬੁਲਾਏ ਨੇ ਘਰੇ ਕਿਸ਼ਤੀ, ਪਰਿੰਦਾ ਤੇ ਚਿਰਾਗ਼,
ਤਰਨ, ਉੱਡਣ, ਜਗਣ ਦੇ ਸਭ ਭੇਦ ਪਾਵਣ ਵਾਸਤੇ।

ਮਾਣ ਕੇ ਛਾਵਾਂ ਤੇ ਫਲ ਖਾ ਕੇ ਨਸ਼ੁਕਰਾ ਆਦਮੀ,
ਸੋਚਦਾ ਹੈ ਬਿਰਖ ਦੀ ਪੌੜੀ ਬਣਾਵਣ ਵਾਸਤੇ।

ਆਫ਼ਰੀ ਹੋਈ ਨਦੀ ਸਾਗਰ 'ਚ ਮੂਧੇ ਮੂੰਹ ਗਿਰੀ,
ਪਰਬਤੋਂ ਉੱਤਰੀ ਸੀ ਆਪਣਾ ਰੋਹ ਦਿਖਾਵਣ ਵਾਸਤੇ।

ਤੂੰ ਏਂ ਚਿੱਤਰਕਾਰ ਤੇਰੇ 'ਤੇ ਕੋਈ ਬੰਦਿਸ਼ ਨਹੀਂ,
ਬਰਫ਼ ਦੇ ਆਲੇ 'ਚ ਸੂਰਜ ਨੂੰ ਟਿਕਾਵਣ ਵਾਸਤੇ।



ਸੋਚ ਸੀ ਜਿਹੜੀ ਬਚਾਈ ਸਿਰ ਗਵਾ ਕੇ ਆਪਣਾ,
ਹੋਰ ਮੇਰੇ ਕੋਲ ਹੈ ਕੀ ਸੀ ਗਵਾਵਣ ਵਾਸਤੇ।

ਪਾਈ ਹੈ ਅੜਚਣ ਜਿਨ੍ਹੇ ਉਹ ਸੋਚਦੈ, ਮੈਂ ਝੁਕ ਗਿਆਂ,
ਮੈਂ ਤਾਂ ਝੁਕਿਆ ਰਾਹ 'ਚੋਂ ਕੰਡੇ ਹਟਾਵਣ ਵਾਸਤੇ।

3

ਮੈਂ ਚਾਹੁੰਦਾ ਹਾਂ ਮੇਰੀ ਹਸਤੀ ਇਵੇਂ ਕਵਿਤਾ 'ਚ ਢਲ ਜਾਵੇ,
ਹਵਾ ਵੰਝਲੀ 'ਚੋਂ ਲੰਘ ਕੇ ਜਿਸ ਤਰ੍ਹਾਂ ਸੁਰ ਵਿਚ ਬਦਲ ਜਾਵੇ।

ਵਿਘਨਕਾਰੀ ਤਪੱਸਿਆ 'ਚੋਂ ਅਜਬ ਬਖ਼ਸ਼ਿਸ਼ ਮਿਲੀ ਮੈਨੂੰ,
ਮੇਰੀ ਛੋਹ ਨਾਲ ਜਲ ਹੈ ਜੰਮਦਾ, ਪੱਥਰ ਪਿਘਲ ਜਾਵੇ।

ਨਿਸ਼ਾਨੇ ਦੇ ਨਸ਼ੇ ਵਿਚ ਦੇਖਣਾ ਨਾ ਹੋਸ਼ ਭੁੱਲ ਜਾਵੀਂ,
ਤੇਰੇ ਹਥਲੀ ਰਫ਼ਲ ਕਿਧਰੇ ਤੇਰੇ ਘਰ ਵੱਲ ਨਾ ਚਲ ਜਾਵੇ।

ਮੈਂ ਜਦ ਥਲ 'ਚੋਂ ਗੁਜ਼ਰਦਾ ਹਾਂ, ਤਾਂ ਸੋਚਾਂ ਵਿਚ ਵਗੇ ਦਰਿਆ,
ਜਦੋਂ ਕਿਸ਼ਤੀ 'ਚ ਬਹਿ ਜਾਵਾਂ, ਖ਼ਿਆਲਾਂ 'ਚੋਂ ਨਾ ਥਲ ਜਾਵੇ।

ਜਗਾਵਣ ਲੱਗਿਆਂ ਦੀਵਾ, ਨਾ ਬੱਚੇ ਕਰਨ ਜ੍ਹਾ ਜਾਂਦੀ,
ਕਹੇ ਪਤਨੀ, ਘਰੇ ਪੁੱਜੀਏ, ਕਿਤੇ ਸੂਰਜ ਨਾ ਢਲ ਜਾਵੇ।

ਜੋ ਬਿਲਕੁਲ ਰੇਤ ਦਿੱਸਦੀ ਹੈ, ਭੰਵਰ ਨਿਕਲੇ ਨਾ ਆਖ਼ਿਰ ਨੂੰ,
ਮਿਰਗ ਤ੍ਰਿਸ਼ਨਾ ਦੇ ਵਾਂਗੂੰ ਹੁਣ ਕਿਤੇ ਦਰਿਆ ਨਾ ਛਲ ਜਾਵੇ।

ਬਰੂਦੀ ਸੁਰੰਗ ਤੋਂ ਬਚ ਕੇ ਪਰਿੰਦਾ ਉੱਡ ਤਾਂ ਚੱਲਿਆ ਹੈ,
ਇਹ ਚਿੰਤਾ ਹੈ ਕਿਤੇ ਉਸਨੂੰ ਨਾ ਹੁਣ ਅੰਬਰ ਨਿਗਲ ਜਾਵੇ।

4

ਜਿਵੇਂ ਪਹਿਲਾਂ ਹੀ ਦਿਲ ਵਿਚ ਖੌਫ਼ ਪਤਝੜ ਦਾ ਹੈ ਧਾਰ ਆਈ,
ਬਹੁਤ ਬੇਰੰਗ ਇਸ ਵਾਰੀ ਦਰਖ਼ਤਾਂ 'ਤੇ ਬਹਾਰ ਆਈ।

ਮੈਂ ਜਿਸ ਨੂੰ ਤੋੜ ਕੇ ਰਸਤਾ ਬਣਾ ਕੇ ਦੌੜ ਆਇਆ ਸਾਂ,
ਉਹ ਕਾਫ਼ੀ ਦੂਰ ਤੱਕ ਭੱਜਦੀ ਮੇਰੇ ਪਿੱਛੇ ਦੀਵਾਰ ਆਈ।

ਕੀ ਹੈ ਬ੍ਰਹਿਮੰਡ, ਕੀ ਧਰਤੀ, ਨਗਰ, ਘਰ ਕੀ ਤੇ ਮੈਂ ਕੀ ਹਾਂ?
ਖ਼ਲਾਅ ਵਿਚ ਉੱਡ ਰਿਹਾ ਸਾਂ ਤਾਂ ਮੇਰੇ ਦਿਲ ਵਿਚ ਵਿਚਾਰ ਆਈ।

ਸਮੁੰਦਰ ਵਿਚ ਡਿਗੀ ਤਾਂ ਸੱਪਣੀ ਵਾਂਗੂੰ ਚਮਕਦੀ ਸੀ,
ਨਦੀ ਕੱਖ-ਕਾਨ ਦੀ ਕੁੰਜ ਰਾਸਤੇ ਵਿਚ ਹੀ ਉਤਾਰ ਆਈ।

ਮੈਂ ਜਿਸ ਥਾਂ ਫੁੱਲ ਖਿੜਾਵਣ ਵਾਸਤੇ ਖ਼ੁਦ ਜਾ ਨਹੀਂ ਸਕਿਆ,
ਹਨ੍ਹੇਰੀ ਬੀਜ ਮੇਰੇ ਓਸ ਥਾਂ 'ਤੇ ਵੀ ਖਿਲਾਰ ਆਈ।

ਮੇਰੇ ਨਾਂ 'ਤੇ ਛਬੀਲ਼ਾਂ ਕਿਉਂ ਨਹੀਂ ਲਾਉਂਦੇ, ਗਿਲੈ ਉਸਦਾ,
ਤਵੀ ਠੰਢੀ 'ਤੇ ਮੂਰਤ ਮੋਮ ਦੀ ਦੋ ਦਿਨ ਗੁਜ਼ਾਰ ਆਈ।

5

ਭਰਮ 'ਚ ਓਸ ਨੇ ਮੈਨੂੰ ਇਵੇਂ ਵਲੀ ਰੱਖਿਆ,
ਨਿਰੀ ਹੀ ਰੇਤ ਸੀ, ਬਸ ਨਾਮ ਸੀ ਨਦੀ ਰੱਖਿਆ।

ਤਮਾਸ਼ਬੀਨ ਨੂੰ ਮੌਕਾ ਨਾ ਮਿਲੇ ਤਮਾਸ਼ੇ ਦਾ,
ਠੁਕੇ ਸੀ ਰੂਹ 'ਚ ਕਿੱਲ ਦਰਦ ਪਰ ਜਰੀ ਰੱਖਿਆ।

ਚਮਤਕਾਰ ਇਹ ਜਿਗਰੇ ਦੇ ਨਾਲ ਹੁੰਦਾ ਹੈ,
ਜੜ੍ਹਾਂ 'ਚ ਅੱਗ ਸੀ, ਹਰ ਸ਼ਾਖ ਨੂੰ ਹਰੀ ਰੱਖਿਆ।

ਸਿਤਾਰਿਆਂ ਨੂੰ ਬੁਝਣੋਂ ਉਹ ਕਿੰਝ ਬਚਾਵਣਗੇ,
ਕਿ ਦੀਵਿਆਂ ਲਈ ਜੁਗਨਾਂ ਤੋਂ ਨਾ ਸਰੀ ਰੱਖਿਆ।

ਰਹੀ ਨਾ ਰਿਸ਼ਤਿਆਂ ਦੀ ਹੋਸ਼ ਵਕਤ ਐਸਾ ਸੀ,
ਕਿ ਮੈਂ ਤੂਫ਼ਾਨ ਵਿਚ ਦੁਸ਼ਮਣ ਦਾ ਹੱਥ ਫੜ੍ਹੀ ਰੱਖਿਆ।

6

ਇਨ੍ਹਾਂ ਅੰਦਰ ਵੀ ਸੁਪਨੇ ਸੁਰਖ ਸੁੱਤੇ ਨੇ, ਜਗਾ ਦੇਣਾ।
ਸਮਾਂ ਮਿਲਿਆ ਤਾਂ ਬੁਝਿਆਂ ਦੀਵਿਆਂ ਨੂੰ ਅੱਗ ਛੁਹਾ ਦੇਣਾ।

ਸਿਆਹੀ ਜੇ ਨਹੀਂ ਮਿਲਦੀ, ਮੇਰੀ ਰੱਤ ਦਾ ਪਤਾ ਦੇਣਾ,
ਲਿਖਣ ਨੂੰ ਨਜ਼ਮ ਸ਼ਾਇਰ ਨੂੰ ਮੇਰੇ ਦਿਲ ਦਾ ਸਫ਼ਾ ਦੇਣਾ।

ਮਹਿਕ ਨੂੰ ਕੱਟਿਆ, ਦੱਬਿਆ, ਜਲਾਇਆ ਜਾ ਨਹੀਂ ਸਕਦਾ,
ਮੇਰੇ ਦੁਸ਼ਮਣ, ਨਹੀਂ ਮੁਮਕਿਨ, ਮੇਰੀ ਹਸਤੀ ਮਿਟਾ ਦੇਣਾ।

ਅਸੀਂ ਤਾਂ ਜਲ ਗਏ ਫੁੱਲ ਵੀ ਨਦੀ ਵਿਚ ਤਾਰ ਆਉਂਦੇ ਹਾਂ
ਤੁਹਾਡੇ ਸ਼ਹਿਰ ਹੀ ਦਸਤੂਰ ਹੈ, ਜ਼ਿੰਦਾ ਜਲਾ ਦੇਣਾ।

ਦਬਾ ਕੇ ਇਸ ਤਰ੍ਹਾਂ ਰੱਖਣਾ ਕਿ ਸਿਰ 'ਤੇ ਛਾ ਹੀ ਨਾ ਸੱਕੇ,
ਚਿਰਾਗ਼ਾਂ ਤੋਂ ਸਬਕ ਲੈ ਕੇ ਹਨ੍ਹੇਰੇ ਨੂੰ ਜਗ੍ਹਾ ਦੇਣਾ।

15, Demsen Ave, Valley Stream, NY- 11580 U.S.A.



ਸਿਰਜਣ ਕਿਰਿਆ

# ਮੇਰੀ ਗ਼ਜ਼ਲ

**ਗੁਰਦੀਪ ਡੇਅਰਾਦੂਨ**

ਮੇਰੀ ਸ਼ਾਇਰੀ ਦਾ ਵੱਡਾ ਹਿੱਸਾ ਅਜੇ ਤੱਕ ਕਿਸੇ ਸਰੋਤੇ ਤੱਕ ਨਹੀਂ ਪੁੱਜਾ। ਸਾਡੇ ਸ਼ਾਇਰਾਂ ਵਲੋਂ ਕਿਸੇ ਨੂੰ ਆਪਣਾ ਕਲਾਮ ਸੁਣਾਉਣ ਦੀ ਬਿਹਬਲਤਾ ਦੇ ਬੜੇ ਲਤੀਫ਼ੇ ਨੇ, ਮੇਰੇ ਇਰਦ-ਗਿਰਦ ਸਰੋਤੇ ਹੋਣ ਦੇ ਬਾਵਜੂਦ ਵੀ ਮੈਂ ਕਵਿਤਾ ਸੁਣਾਉਣ ਦੀ ਉਤਸੁਕਤਾ ਨਹੀਂ ਪਾਲੀ। ਮੈਂ ਆਪਣੇ ਖਰਚ 'ਤੇ ਛਪਣ ਨੂੰ ਵੀ ਖ਼ੁਦ-ਨੁਮਾਈ ਤੇ ਆਪਣੀ ਇਸ਼ਤਿਹਾਰਬਾਜ਼ੀ ਹੀ ਸਮਝਦਾ ਹਾਂ। ਹੁਣ ਤੱਕ ਮੇਰੀਆਂ ਜਿਹੜੀਆਂ ਛੇ ਕਿਤਾਬਾਂ ਛਪੀਆਂ ਹਨ, ਉਹ ਅਜ਼ੀਜ਼ਾਂ ਤੇ ਦੋਸਤਾਂ ਦੀ ਮਿਹਰਬਾਨੀ ਦਾ ਸਿੱਟਾ ਹਨ। ਰਸਾਲਿਆਂ ਵਿਚ ਵੀ ਬਹੁਤ ਘੱਟ ਛਪਿਆ ਹਾਂ, ਉਹ ਵੀ ਕਿਸੇ ਦੋਸਤ ਨੇ ਕਿਤੇ ਕੁਝ ਛਪਵਾ ਦਿੱਤਾ ਹੈ। ਮੇਰੀ ਇਸ ਅਣਗਹਿਲੀ ਦੀ ਇੱਕ ਵਜ੍ਹਾ ਇਹ ਵੀ ਹੈ ਕਿ ਸਾਡੀ ਸ਼ਾਇਰੀ ਦੀ ਲੋੜ ਕਿਸੇ ਨੂੰ ਨਹੀਂ। ਸੋਹਜ ਦੀ ਖਪਤ ਤੀਕ ਹਾਲੀਂ ਅਸੀਂ ਨਹੀਂ ਪੁੱਜੇ, ਅਸੀਂ ਅਜੇ ਵੀ 'ਖਾਧਾ ਪੀਤਾ ਲਾਹੇ ਦਾ ਤੇ ਰਹਿੰਦਾ ਅਹਿਮਦ ਸ਼ਾਹੇ ਦਾ' ਦੇ ਕਥਨ ਉੱਤੇ ਹੀ ਚੱਲਦੇ ਹਾਂ। ਸਾਡੇ ਕੋਲ ਖੁਸ਼ਹਾਲੀ ਆਈ ਹੈ ਪਰ ਖੁਸ਼-ਖ਼ਿਆਲੀ ਨਹੀਂ, ਜ਼ਿੰਦਗੀ ਇੱਕ ਖੱਟਣ ਖਾਣ ਦੀ ਫ਼ੁਰਸਤ ਹੀ ਹੈ।

ਮੈਂ ਅੱਸੀਵਿਆਂ ਤੋਂ ਬਾਅਦ ਨਜ਼ਮ ਘੱਟ ਹੀ ਲਿਖੀ ਹੈ। ਦਰਬਾਰ ਸਾਹਿਬ 'ਤੇ ਫੌਜਕਸ਼ੀ ਦੇ ਪ੍ਰਤੀਕਰਮ ਵੱਸ :

ਜੰਗਲ ਤੇ ਸ਼ਹਿਰ ਦੀ ਹੱਦ 'ਤੇ ਪਹਿਰਾ ਨਹੀਂ ਕੋਈ,
ਸ਼ਹਿਰ ਅੰਦਰ ਜੇ ਵਧ ਆਇਆ ਹੈ ਜੰਗਲ ਕੋਈ ਅਨਹੋਣੀ ਨਹੀਂ ਹੋਈ।

ਇਸ ਤੋਂ ਬਾਅਦ ਆਮ ਗ਼ਜ਼ਲ ਹੀ ਕਹੀ ਹੈ ਅਤੇ ਗ਼ਜ਼ਲ ਨੂੰ ਪੰਜਾਬੀ ਕਵਿਤਾ ਵਿਚ ਆਮ ਪਰਵਾਨਗੀ ਨਾ ਮਿਲਣ ਕਾਰਣ ਛਪਣ ਛਪਵਾਉਣ ਵੱਲ ਵੀ ਧਿਆਨ ਨਹੀਂ ਗਿਆ। ਸ਼ਾਇਰੀ ਦਾ ਕੰਮ ਤਬੀਅਤ ਦੀ ਰਵਾਨੀ ਨੂੰ ਪੰਜ ਸੱਤ ਸ਼ਿਅਰਾਂ ਦੀ ਸ਼ਕਲ ਵਿਚ ਕਿਸੇ ਕਾਗਜ਼ ਉੱਤੇ ਉਲੀਕਣ ਤੱਕ ਹੀ ਮਹਿਦੂਦ ਰਿਹਾ। ਦਰਅਸਲ ਸ਼ਾਇਰ ਦਾ ਕੰਮ ਖ਼ਤਮ ਵੀ ਇਥੇ ਹੀ ਹੋ ਜਾਂਦਾ ਹੈ, ਅੱਗੋਂ ਪ੍ਰਕਾਸ਼ਕ ਵਾਲੀ ਗੱਲ ਇੱਕ ਸੌਦੇਬਾਜ਼ੀ ਹੈ- ਤਜਾਰਤ ਹੈ ਅਤੇ ਛਪਾਈ ਦਾ ਕੰਮ - ਪਰੂਫ਼ ਪੜ੍ਹਨੇ, ਸਮੱਗਰੀ ਨੂੰ ਜਚਦੇ ਢੰਗ ਰਾਹੀਂ ਸਫ਼ਿਆਂ 'ਤੇ ਤਰਤੀਬ ਦੇਣਾ ਸਭ ਕਲਰਕੀ ਹੈ। ਕਿਤਾਬ ਛਪਣ ਪਿੱਛੋਂ ਇਸਨੂੰ ਪਰਮੋਟ ਕਰਨਾ ਸਿਆਸਤ ਹੈ, ਕੁਝ ਲੋਕਾਂ ਨੂੰ ਗੰਢਣਾ, ਕੁਝ ਦੀਆਂ ਸਿਫ਼ਤਾਂ ਕਰਨੀਆਂ, ਕੁਝ ਤੋਂ ਕਰਾਉਣੀਆਂ।

ਕਿਤਾਬ ਨੂੰ ਰਿਲੀਜ਼ ਕਰਨ ਲਈ ਇਕੱਠ ਕੀਤਾ ਜਾਂਦਾ ਹੈ। ਨਾਮਵਰ ਹਸਤੀਆਂ ਦੇ ਹਿੱਸਾ ਲੈਣ ਲਈ ਭੱਜ ਦੌੜ ਕੀਤੀ ਜਾਂਦੀ ਹੈ। ਫਿਰ ਕਿਤਾਬ ਨੂੰ ਆਮ ਕਰਨ ਲਈ ਪ੍ਰੋਗਰਾਮ ਚੱਲਦੇ ਹਨ, ਜਿਨ੍ਹਾਂ ਲਈ ਸਿਫ਼ਤਾਂ ਭਰੇ ਪਰਚੇ ਲਿਖਵਾਏ ਤੇ ਪੜ੍ਹੇ ਜਾਂਦੇ ਹਨ। ਮੈਂ ਇਹ ਤਰੀਕਾ ਠੀਕ ਨਹੀਂ ਸਮਝਦਾ। ਇਸ ਤਰ੍ਹਾਂ ਦੇ ਇਕੱਠ ਵਿਚ ਸੌ ਦਰਸ਼ਕਾਂ ਦੇ ਥਾਂ ਪੱਚੀ ਪਾਠਕ ਹੋਣ, ਉਨ੍ਹਾਂ ਨੂੰ ਕਿਤਾਬ ਵਿਚ ਜੋ ਜੋ ਕੁਝ ਚੰਗਾ ਲੱਗਾ, ਸਾਂਝਾ ਕਰਨ ਤੇ ਨਾਗਵਾਰ ਗੱਲਾਂ ਵੀ ਸਾਹਮਣੇ ਲਿਆਉਣ, ਕਿਤਾਬ ਦੇ ਗੁਣਾਂ ਅਵਗੁਣਾਂ ਦੀ ਗੱਲ ਹੋਵੇ। ਲਫ਼ਜ਼ਾਂ ਦੇ ਕਲਚਰ ਦੀ ਚਰਚਾ ਹੋਵੇ। ਸਦਾਰਤ ਦਾ ਕੰਮ ਨਿਭਾਉਣ ਵਾਲੇ ਵਿਦਵਾਨ, ਸਾਹਿਤ ਨੂੰ ਦਰਪੇਸ਼ ਮਸਲਿਆਂ ਉੱਤੇ ਰੌਸ਼ਨੀ ਪਾਉਣ ਤਾਂ ਜੋ ਸਾਹਿਤ ਦੀ ਆਮ ਹਾਲਤ ਦਾ ਜਾਇਜ਼ਾ ਲੈ ਹੋਵੇ।

ਅਸੀਂ ਦੇਖਿਆ ਹੈ ਕਿ ਪੰਜਾਬ ਦੇ ਜਾਇਆਂ ਨੇ ਉਰਦੂ ਵਿਚ ਬਹੁਤ ਚੰਗੀ ਸ਼ਾਇਰੀ ਕੀਤੀ ਪਰ ਪੰਜਾਬੀ ਸ਼ਾਇਰੀ ਵਿਚ ਕੋਈ ਹਿੱਸਾ ਨਹੀਂ ਪਾ ਸਕੇ। ਇੱਥੋਂ ਤੱਕ ਕਿ ਫੈਜ਼ ਅਹਿਮਦ ਫੈਜ਼ ਜਿਸਦਾ ਗ਼ਮ ਜਿੰਦਗੀ ਦੇ ਹੁਸਨ ਦੀ ਗਵਾਹੀ ਦਿੰਦਾ ਸੀ ਅਤੇ ਜਿਸਦੇ ਕਦਮਾਂ ਨੇ ਨਵੀਂ ਪੀੜ੍ਹੀ ਦੀ 'ਤਲਬ ਦੇ ਰਾਹਾਂ ਦੇ ਪੈਂਡੇ ਕੁਝ ਘੱਟ ਵੀ ਕੀਤੇ, ਪੰਜਾਬੀ ਵਿਚ ਆਪਣੀ ਸਾਰੀ ਸੁਹਿਰਦਤਾ ਦੇ ਬਾਵਜੂਦ 'ਤੇਰੀਆਂ ਕਿਤੇ ਨਾ ਪੈਂਦੀਆਂ ਦੱਸਾਂ ਵੇ ਪਰਦੇਸੀਆਂ' ਤੋਂ ਵੱਧ ਕੁਝ ਨਾ ਕਹਿ ਸਕਿਆ। ਆਖ਼ਰ ਕੀ ਕਾਰਨ ਹੈ ਕਿ ਉਹ

ਬੋਲੀ ਜਿਸ ਵਿਚ ਇਸ ਖਿੱਤੇ ਦੀ ਪਹਿਲੀ ਪਰੋਟੈਸਟ ਦੀ ਸ਼ਾਇਰੀ ਹੋਈ, ਸਾਡੇ ਵਕਤ ਵਿਚ ਇਸ ਤਰ੍ਹਾਂ ਦੀ ਸ਼ਾਇਰੀ ਨੂੰ ਨਾਅਰਾ ਕਹਿਣਾ ਲੱਗ ਪਈ। ਬਾਬਰ-ਬਾਣੀ ਸਾਡੀ ਪਹਿਲੀ ਪਰੋਟੈਸਟ ਦੀ ਸ਼ਾਇਰੀ ਸੀ ਤੇ 'ਸ਼ੀਂਹ ਸਕਤਾ ਮਾਰੇ ਪੈ ਵਗੈ' ਵਿਚ ਨਿਹੱਥੇ ਲੋਕਾਂ ਦੀ ਤਰਫ਼ਦਾਰੀ ਸੀ। ਜ਼ਿੰਦਗੀ ਦਾ ਦਰਦ ਸੀ ਤੇ ਹੋਰ ਥਾਂ ਰਾਜਿਆਂ ਨੂੰ ਸ਼ੀਂਹ ਤੇ ਮੁਕੱਦਮਾ ਨੂੰ ਕੁੱਤੇ ਕਿਹਾ ਗਿਆ, ਜੋ ਜ਼ਾਲਮ ਹਾਕਮਾਂ ਦੀ ਪਹਿਲੀ ਬੇਲਿਹਾਜ਼ ਮੁਖ਼ਾਲਫ਼ਤ ਸੀ। ਅੱਜ ਅਸੀਂ ਇਸ ਤਰ੍ਹਾਂ ਦੀ ਕਵਿਤਾ ਨੂੰ ਨਾਅਰਾ ਕਹਿ ਕੇ ਇਸਦਾ ਗਲਾ ਘੁੱਟ ਦਿੰਦੇ ਹਾਂ। ਕਿਤਾਬਾਂ ਸੰਬੰਧੀ ਇਕੱਠਾ ਵਿਚ ਨਾਅਰੇ ਦੀ ਵਿਸਫੋਟਕ ਸ਼ਾਇਰੀ ਦੀ ਗੱਲ ਨਹੀਂ ਹੁੰਦੀ। ਨਾਅਰਾ ਬਣ ਜਾਣਾ ਕਿਸੇ ਸ਼ਿਅਰ ਦੀ ਵੱਡੀ ਪ੍ਰਾਪਤੀ ਹੈ ਤੇ ਜਿਸ ਵਿਚ ਸ਼ਾਇਰੀ ਨਾ ਹੋਵੇ, ਉਹ ਨਾਅਰਾ ਕਾਮਯਾਬ ਨਹੀਂ। ਇਸ ਸੱਚ 'ਤੇ ਪਰਦਾ ਪਾਉਣ ਨੇ ਪੰਜਾਬੀ ਸ਼ਾਇਰੀ ਦਾ ਨੁਕਸਾਨ ਕੀਤਾ ਹੈ।

ਦੂਸਰੇ ਪਾਸੇ ਗੁਰਬਾਣੀ ਨੂੰ ਕਵਿਤਾ ਦੇ ਪਿੜ ਵਿਚ ਖਿੱਚ ਲਿਆਉਣ ਨੇ ਵੀ ਕੁਝ ਨਾਂਹ-ਪੱਖੀ ਅਸਰ ਪਾਏ ਨੇ। ਇਸ ਝੁਕਾਅ ਦਾ ਸ਼ਾਇਦ ਇਹ ਕਾਰਨ ਹੈ ਕਿ ਬਾਬੇ ਨਾਨਕ ਨੇ ਸ਼ਾਇਰੀ ਵੀ ਕੀਤੀ ਤੇ 'ਧੁਰ ਕੀ ਬਾਣੀ' ਵੀ ਕਲਮਬੰਦ ਕੀਤੀ। ਇਸ ਤੋਂ ਬਾਅਦ ਗੁਰਬਾਣੀ ਦਾ ਖੇਤਰ ਉਪਦੇਸ਼, ਉਸਤਤ ਮਹਿਮਾ, ਅਰਜ਼ ਜੋਦੜੀ ਤੇ ਗਿਆਨ ਧਿਆਨ ਆਦਿ ਹੀ ਰਿਹਾ, ਜਦੋਂ ਧਿਆਨ ਸੰਤ ਕੇ ਦੋਖੀ ਵੱਲ ਗਿਆ ਤਾਂ ਲੋਕਾਂ ਦਾ ਦੋਖੀ ਪਾਸੇ ਰਹਿ ਗਿਆ। ਕਿਸੇ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਨਾਲ ਸ਼ਾਇਰੀ ਵੱਲ ਮੋੜਾ ਪਿਆ। ਹੱਕ ਦੀ ਗੱਲ ਫ਼ਾਰਸੀ ਵਿਚ ਹੀ ਕਹਿ ਹੋਈ :

**ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ।**
**ਹਲਾਲ ਅਸਤ ਬੁਰਦਨ ਬਾਸ਼ਮਸ਼ੀਰ ਦਸਤ।**

ਗੁਰਬਾਣੀ ਦੇ ਉੱਤੇ ਸ਼ਾਇਰੀ ਦੀ ਪਰਖ ਵਾਲੇ ਮਿਆਰ ਅਸੀਂ ਨਹੀਂ ਠੋਸ ਸਕਦੇ ਤੇ ਗੁਰਬਾਣੀ ਨੂੰ ਸ਼ਾਇਰੀ ਦੇ ਜ਼ੁਮਰੇ ਵਿਚ ਲਿਆ ਕੇ ਸ਼ਾਇਰੀ ਨੂੰ ਇਸ ਪਰਖ ਤੋਂ ਮੁਕਤ ਨਹੀਂ ਕਰ ਸਕਦੇ :

**ਮੁਕੱਦਮ ਜਾਨਤੇ ਹੋ ਜੋਸ਼ ਤੁਮ ਹੁਸਨੇ ਮਾਅਨੇ ਕੋ,**
**ਮਗਰ ਹਮ ਦੇਖਤੇ ਹੈਂ ਸ਼ਿਅਰ ਮੇਂ ਹੁਸਨੇ ਬਿਆਂ ਪਹਿਲੇ।**

ਸ਼ਿਅਰ ਵਿਚ ਭਾਵ ਅਤੇ ਬਿਆਨ ਦੋਨਾਂ ਦੀ ਖ਼ੂਬੀ ਹੋਣੀ ਚਾਹੀਦੀ ਹੈ। ਮਹਾਂਪੁਰਸ਼ ਜਿਸ ਤਰ੍ਹਾਂ ਖਸਮ ਦੀ ਬਾਣੀ ਆਉਂਦੀ ਹੈ, ਉਸੇ ਤਰ੍ਹਾਂ ਦਰਜ ਕਰ ਦਿੰਦੇ ਹਨ। ਕੁਝ ਵੀ ਰੱਦ ਨਹੀਂ ਕਰਦੇ, ਇਸਦੇ ਉਲਟ ਸ਼ਾਇਰਾਨਾ ਸਿਰਜਣਾ ਭਾਵੇਂ ਆਪ-ਮੁਹਾਰੇ ਤੇ ਸੁਤੇ-ਸਿੱਧ ਹੀ ਹੁੰਦੀ ਹੈ, ਸ਼ਾਇਰ ਉਹ ਸਭ ਕੁਝ ਰੱਦ ਕਰ ਦਿੰਦਾ ਹੈ ਜੋ ਉਸਦੇ ਸੁਹਜ ਸੁਆਦ ਦੇ ਸਿਖ਼ਰ ਨੂੰ ਨਹੀਂ ਛੂੰਹਦਾ। ਇਕ ਲਫ਼ਜ਼ ਦੀਆਂ ਕਈ ਕੈਫ਼ੀਅਤਾਂ ਹੁੰਦੀਆਂ ਹਨ। ਇਕ ਕੈਫ਼ੀਅਤ ਜ਼ਿਹਨ ਵਿਚ ਉੱਭਰੀ ਸ਼ਿਅਰ ਹੋਇਆ, ਸੁਹਜ ਸੁਆਦ ਨੇ ਰੱਦ ਕਰ ਦਿੱਤਾ, ਇੰਝ ਹੀ ਹੁੰਦਾ ਰਹਿੰਦਾ ਹੈ ਜਦੋਂ ਤੱਕ ਸੁਹਜ-ਸੁਆਦ ਦੀ ਤ੍ਰਿਪਤੀ ਨਾ ਹੋਵੇ। ਜੇ ਇੰਝ ਸ਼ਿਅਰ ਵਿਚ ਖ਼ੂਬੀ ਆਉਂਦੀ ਹੈ। ਚੰਗੇ ਸ਼ਿਅਰ ਸਾਡੇ ਸੁਹਜ ਸੁਆਦ ਨੂੰ ਮਿਆਰੀ ਬਣਾਉਂਦੇ ਹਨ। ਗੁਰਬਾਣੀ ਤੋਂ ਅਸੀਂ ਇਹ ਮੰਗ ਨਹੀਂ ਕਰ ਸਕਦੇ ਕਿ ਉਹ ਸਾਨੂੰ ਸ਼ਾਇਰਾਨਾ ਸੁਹਜ ਸੁਆਦ ਦੇਵੇ ਤੇ ਇਹ ਭੁੱਲ ਵੱਸ ਅਸੀਂ ਕਰੀ ਜਾਂਦੇ ਰਹੇ ਹਾਂ ਤੇ ਸ਼ਾਇਰਾਨਾ ਸੁਹਜ ਪ੍ਰਫੁੱਲਤ ਨਹੀਂ ਹੋਇਆ।

ਕਵਿਤਾ ਦੇ ਪਿੜ ਵਿਚ ਮੇਰੇ ਸਰਗਰਮ ਨਾ ਹੋਣ ਦਾ ਇਕ ਕਾਰਨ ਇਹ ਵੀ ਹੈ ਕਿ ਬਹੁਤ ਚਿਰ ਗਦ-ਕਵਿਤਾ ਨੇ ਪਾਬੰਦ-ਸ਼ਾਇਰੀ ਨੂੰ ਨੁਕਰੇ ਲਾਈ ਰੱਖਿਆ ਹੈ ਤੇ ਪਾਬੰਦ-ਸ਼ਾਇਰਾਂ ਦੀ ਹਾਲਤ ਹਰ ਦਿਲ ਅਜ਼ੀਜ਼ ਮਰਹੂਮ ਸ਼ਾਇਰ ਮਜਾਜ਼ ਵਰਗੀ ਰਹੀ, ਜਿਸਨੂੰ ਇਕ ਵਾਰ ਬੰਬਈ ਵਿਚ ਹਿੰਦੀ ਦੇ ਕਵੀ ਮਧੋਕ ਨਾਲ ਮਿਲਾਇਆ ਗਿਆ। ਪਰਿਚਯ ਕਰਾਉਣ ਵਾਲੇ ਨੇ ਕਿਹਾ, "ਯੇ ਹੈਂ ਮਹਾਂ ਕਵੀ ਮਧੋਕ ਆਪ ਹੈਂ ਉਰਦੂ ਕੇ ਨਾਮਵਰ ਸ਼ਾਇਰ ਮਜਾਜ਼" ਮਜਾਜ਼ ਨੇ ਤਪਾਕ ਨਾਲ ਹੱਥ ਮਿਲਾਇਆ ਤੇ ਕਿਹਾ, "ਅਜੀ ਯੇਹ ਠਹਿਰੇ ਮਹਾਂ ਕਵੀ, ਹਮ ਤੋ ਉਲੂ ਕੇ ਪੱਠੇ ਹੈਂ।"

ਗ਼ਜ਼ਲਾਂ ਦੀ ਇਸ ਕਿਤਾਬ ਨੂੰ ਪੇਸ਼ ਕਰਦਿਆਂ ਗ਼ਜ਼ਲ 'ਤੇ ਲਾਏ ਜਾਂਦੇ ਇਲਜ਼ਾਮਾਂ ਬਾਰੇ ਕੁਝ ਕਹਿਣਾ ਜ਼ਰੂਰੀ ਸਮਝਦਾ ਹਾਂ। ਇਲਜ਼ਾਮ ਇਹ ਹਨ : "ਗ਼ਜ਼ਲ ਕਾਫੀਆਂ ਪੈਮਾਈ" (ਤੁਕਬੰਦੀ) ਹੈ। ਗ਼ਜ਼ਲ ਦੇ ਇਕ ਸ਼ਿਅਰ ਵਿਚ ਇਕ ਭਾਵ ਹੈ ਤੇ ਦੂਸਰੇ ਵਿਚ ਐਨ ਉਲਟ ਵੀ ਹੋ ਸਕਦਾ ਹੈ।



ਗ਼ਜ਼ਲ ਸਮੇਂ ਦੀ ਹਾਣੀ ਨਹੀਂ। ਗ਼ਜ਼ਲ ਕਾਫੀਆਂ-ਪੈਮਾਈ ਹੈ ਜੇ ਇਹ ਊਣੀ ਸ਼ਖ਼ਸੀਅਤ ਦੇ ਹੱਥ ਵਿਚ ਹੈ ਪਰ ਇਹ ਅੱਤ ਸੂਖਮ ਲਿਰੀਕਲ (ਸਰੋਦੀ) ਸਿਨਫ਼ (ਕਾਵਿ ਰੂਪ) ਹੈ। ਜੇ ਇਹ ਗਹਿਰਾਈ ਵਾਲੀ ਸ਼ਖ਼ਸੀਅਤ ਦੇ ਹੱਥ ਵਿਚ ਹੈ। ਇਹ ਗੱਲ ਹਰ ਪਾਬੰਦ-ਕਾਵਿ ਰੂਪ ਬਾਰੇ ਸਹੀ ਹੈ, ਪਰ ਗਦ-ਕਵਿਤਾ ਨੂੰ ਤੇ ਬੇਤੁਕੀ ਵਾਰਤਕ ਦੇ ਇਲਜ਼ਾਮ ਤੋਂ ਮੁਕਤ ਕਰਾਉਣ ਵਾਲਾ ਕਵੀ ਹਾਲੀਂ ਨਹੀਂ ਆਇਆ।

ਗ਼ਜ਼ਲ ਦੇ ਹਰ ਸ਼ਿਅਰ ਦੀ ਆਪਣੀ ਦੁਨੀਆਂ ਹੈ, ਦੂਸਰੇ ਨਾਲ ਜ਼ਮੀਨ ਤੋਂ ਵੱਧ ਇਸ ਦੀ ਕੋਈ ਸਾਂਝ ਨਹੀਂ। ਗ਼ਜ਼ਲ ਸਿਖਰਾਂ ਦੀ ਇਕ ਕਤਾਰ ਹੈ ਜੋ ਆਪਣੇ ਆਪ ਵਿਚ ਯੂਨੀਕ ਹਨ ਤੇ ਹਰ ਇੱਕ ਤੋਂ ਵੱਖਰੀ ਖ਼ੂਬਸੂਰਤ ਦੁਨੀਆਂ ਨਜ਼ਰ ਆਉਂਦੀ ਹੈ - ਯੂਨੀਕ ਚੀਜ਼ਾਂ ਵਿਚਕਾਰ ਮੁਕਾਬਲਾ ਨਹੀਂ ਕੀਤਾ ਜਾਂਦਾ। ਗ਼ਜ਼ਲ ਦਾ ਸੁਹਜ ਸੁਆਦ ਨਾ ਪਾ ਸਕਣ ਵਾਲੇ ਲੋਕ ਗ਼ਜ਼ਲ ਦੇ ਸ਼ਿਅਰਾਂ ਉੱਤੇ ਕਿਤੇ ਇਕ ਦੂਜੇ ਦੇ ਵਿਰੋਧੀ ਹੋਣ ਦੀ ਸੰਭਾਵਨਾ ਦਾ ਇਲਜ਼ਾਮ ਲਾਉਂਦੇ ਹਨ।

ਗ਼ਜ਼ਲ ਸਮੇਂ ਦੀ ਹਾਣੀ ਰਹੀ ਹੈ। ਗ਼ਜ਼ਲ ਨੇ ਤਸੱਵਫ਼ ਨੂੰ ਥਾਂ ਦਿੱਤੀ, ਸ਼ਹਿਨ-ਸ਼ਾਹੀ ਦਰਬਾਰਾਂ ਵਿਚ ਕਸੀਦਾਕਾਰੀ ਵੀ ਕੀਤੀ, ਬਗਾਵਤ ਨੂੰ ਜ਼ੁਬਾਨ ਦਿੱਤੀ ਤੇ ਨਾਅਰੇ ਵੀ ਲਾਏ। ਸਿਆਸਤ ਨੂੰ ਅਣਡਿੱਠ ਨਹੀਂ ਕੀਤਾ।

**ਮਿਸਾਲਾਂ :**

**ਅੱਜ ਦੀ ਸਿਆਸਤ**

ਕਰ ਗਈ ਨੰਗਾ ਤੇ ਤੇਰਾ ਸਿਰ ਤੇਜ਼ ਪੱਛੋਂ ਦੀ ਹਵਾ,
ਸਾਂਭ ਨਾ ਪਾਈ ਤੇਗ ਦਸਤਾਰ ਆਪਣੇ ਆਪ ਨੂੰ।

**ਸ਼ਹਿਰੀਕਰਨ**

ਇਸਦੀ ਚੜ੍ਹਤ ਨੇ ਜ਼ਿੰਦਗੀ ਤਾਂ ਵਰਗਲਾ ਲਈ,
ਲੇਕਿਨ ਸ਼ਹਿਰ ਨੇ ਭੀੜ ਵਿਚ ਰੌਣਕ ਗਵਾ ਲਈ।

**ਪੱਛਮੀਕਰਨ**

ਸਹਿਜ ਭਾਅ ਪੱਛਮ ਨੂੰ ਤੁਰਿਆ ਜਾ ਰਿਹਾ,
ਡੁੱਬਣੋਂ ਸੂਰਜ ਨਹੀਂ ਘਬਰਾ ਰਿਹਾ।
ਏਸ ਪੱਛੋਂ ਤੋਂ ਭਲਾ ਹੋਣਾ ਨਹੀਂ,
ਇਸਦਾ ਬੱਦਲ ਔੜ ਹੀ ਬਰਸਾਏਗਾ।

**ਪ੍ਰਦੂਸ਼ਣ**

ਖ਼ਤਰਾ ਸਰਾਬਾਂ ਨੂੰ ਵੀ ਜਾਪਦੇ ਏ
ਨਹੀਂ ਸੁੱਕਦੇ ਸਿਰਫ਼ ਨਦੀਆਂ ਤੇ ਨਾਲੇ।
ਹਵਾ ਪਾਣੀ ਤੇ ਧਰਤੀ ਆਪ ਨੇ ਐਨੇ ਡਰੇ ਹੋਏ,
ਕਿ ਮੈਨੂੰ ਆਉਣ ਵਾਲੇ ਵੇਲਿਆਂ ਕੋਲੋਂ ਡਰਾਉਂਦੇ ਨੇ।

ਖ਼ਾਸ ਗੱਲ ਜੋ ਪਾਠਕ ਨਾਲ ਕਰਨੀ ਚਾਹੁੰਦਾ ਹਾਂ ਇਹ ਹੈ ਕਿ ਮੈਂ ਲਫ਼ਜ਼ਾਂ ਦੀ ਵਰਤੋਂ ਬਾਰੇ ਤਾਂ ਬਹੁਤ ਧਿਆਨ ਰੱਖਦਾ ਹਾਂ ਪਰ ਲਿਖਣ ਵਿਚ ਕਿਤੇ ਮੁਸਕਰਾਉਣਾ ਲਿਖ ਦਿੰਦਾ ਹਾਂ ਤੇ ਕਿਸੇ ਮੁਸਕਰੌਣਾ, ਏਦਾਂ ਹੀ ਬਜ਼ਾਰ ਅਤੇ ਬਾਜ਼ਾਰ, ਸਾਮਾਨ ਤੇ ਸਮਾਨ, ਅਸਮਾਨ ਤੇ ਆਸਮਾਨ ਵਰਗੇ ਰੂਪ ਵਜ਼ਨ ਦੀ ਸਹੂਲਤ ਮੁਤਾਬਕ ਵਰਤ ਲੈਂਦਾ ਹਾਂ। ਹੁਣ ਮੈਂ ਉਰਦੂ ਰੂਪਾਂ ਤੋਂ ਬਚਦਾ ਹਾਂ।

ਪਰ ਕਦੀ

ਬੜੇ ਮਾਯੂਸ ਹੂਏ ਹਾਂ ਦਵਾਏ ਦਰਦੇ ਦਿਲ ਕਰਕੇ।
ਕਭੀ ਰੋਏ ਨਹੀਂ ਭਾਵੇਂ ਤੇਰੇ ਕੰਧੇ ਪੇ ਸਿਰ ਧਰ ਕੇ।

ਵੀ ਕਿਹਾ ਸੀ, ਮੇਰੀ ਅਰਜ਼ ਹੈ ਕਿ ਜੇ ਸ਼ਿਅਰ ਦੀ ਖ਼ੂਬਸੂਰਤੀ ਪੱਲੇ ਪੈਂਦੀ ਹੋਵੇ ਤੇ ਬਾਹਲੇ ਕੱਟੜ ਹੋਣ ਦੀ ਲੋੜ ਨਹੀਂ। ਮੈਂ ਖ਼ੁਦ ਹੀ ਬਹੁਤ ਸਾਰੇ ਖ਼ੂਬਸੂਰਤ ਸ਼ਿਅਰ ਉਰਦੂ ਦੇ ਇਲਜ਼ਾਮ ਦੇ ਡਰ ਕਾਰਨ ਕੱਟ ਦਿੰਦਾ ਹਾਂ।

ਖਪਤਕਾਰੀ ਦੀ ਦੁਨੀਆਂ ਦਾ ਸੱਭਿਆਚਾਰ ਬੇਸ਼ੱਕ ਕਾਫ਼ੀ ਮਾਯੂਸ ਕਰਦਾ ਹੈ ਤੇ ਸੁਹਜ ਸੁਆਦ ਢਹਿੰਦੀਆਂ ਕਲਾ ਵਿਚ ਹੈ। ਅਸਮਾਨ ਖਾਈ ਵਿਚ.ਡਿੱਗਿਆ ਪਿਆ ਏ ਤੇ ਦਿਲ ਦੀ ਥੋੜ੍ਹਾ ਹੋਰ ਉੱਚਾ ਦੇਖਣ ਦੀ ਹਸਰਤ ਰੁਸਵਾ ਹੋ ਰਹੀ ਹੈ, ਪਰ ਫਿਰ ਵੀ ਸ਼ਾਇਰੀ ਸਦਕਾ ਦੱਬੀ ਹੋਈ ਹਨੇਰ ਦੇ ਭਾਰ ਹੇਠਾਂ ਅੱਗ ਕੱਖਾਂ ਦੀ ਕੁੱਲੀ ਵਿਚ ਜਾਗਦੀ ਹੈ। •

1.

ਮੇਰੇ ਜ਼ਖ਼ਮਾਂ 'ਤੇ ਸਹੀ ਪਾਉਂਦਾ ਨਹੀਂ।
ਹੁਣ ਕਦੀ ਉਹ ਇਸ ਤਰਫ਼ ਆਉਂਦਾ ਨਹੀਂ।

ਜ਼ਹਿਰ ਕੋਈ ਹੋਏਗੀ ਮਾਹੌਲ ਵਿਚ,
ਉਂਝ ਹੀ ਇਹ ਸੁਹਜ ਮੁਰਝਾਉਂਦਾ ਨਹੀਂ।

ਉਹ ਵੀ ਫਿਰਦਾ ਹੈ ਲਈ ਸ਼ਿਕਵੇ ਗਿਲੇ,
ਦਰਦ ਨੂੰ ਜੋ ਸਮਝਣਾ ਚਾਹੁੰਦਾ ਨਹੀਂ।

ਕਾਗਜ਼ੀ ਫੁੱਲਾਂ ਦੇ ਦਿਨ ਨੇ ਜਾਣੇ ਮਨ,
ਮੁੱਲ ਖਿੜਿਆ ਸ਼ਾਖ 'ਤੇ ਪਾਉਂਦਾ ਨਹੀਂ।

ਉਸ ਸ਼ਹਿਰ ਵਿਚ ਚੈਨ ਦੇ ਕੀ ਅਰਥ ਨੇ,
ਅੱਖ ਜਿਹੜਾ ਰਾਤ ਭਰ ਲਾਉਂਦਾ ਨਹੀਂ।

ਸੌ ਜ਼ੁਬਾਨਾਂ ਬੋਲਦੇ ਇਸ ਵਕਤ ਨੂੰ,
ਹਾਲ ਦਿਲ ਦਾ ਦੱਸਣਾ ਆਉਂਦਾ ਨਹੀਂ।

2.

ਆਫ਼ਤਾਂ ਤੋਂ ਮੈਂ ਬਚਾਇਆ ਖੇਤ ਨੂੰ।
ਵਕਤ ਵੇਚਣ ਤੱਕ ਲਿਆ ਖੇਤ ਨੂੰ।

ਉਨ ਸਿਖਾਈ ਆਪਣੀ ਮਿਨੂੰ ਜ਼ੁਬਾਨ,
ਹਾਲ ਮੈਂ ਆਪਣਾ ਸੁਣਾਇਆ ਖੇਤ ਨੂੰ।

ਮੇਰੇ ਦੁਖ ਸੁਖ ਓਨ ਸਭ ਅਪਣਾ ਲਏ,
ਮੈਂ ਜਦੋਂ ਮਹਿਰਮ ਬਣਾਇਆ ਖੇਤ ਨੂੰ।

ਉਨ ਤਰੱਕੀ ਦੇ ਬੜੇ ਕਿੱਸੇ ਸੁਣੇ,
ਪਰ ਨਹੀਂ ਇਤਬਾਰ ਆਇਆ ਖੇਤ ਨੂੰ।

ਦਾਰੂ ਇਸਦੇ ਦਰਦ ਦੇ ਢੂੰਡੇ ਗਏ,
ਪਰ ਨਹੀਂ ਕੁਝ ਵੀ ਸੁਖਾਇਆ ਖੇਤ ਨੂੰ।

ਮੇਹਰ ਦੇ ਬੱਦਲ ਵੀ ਇਸ ਉੱਤੇ ਵਰ੍ਹੇ,
ਬਿਜਲੀਆਂ ਨੇ ਵੀ ਡਰਾਇਆ ਖੇਤ ਨੂੰ।



ਬਹੁਤ ਚਿਰ ਰਹਿਣਾ ਨਹੀਂ ਬਣਿਆ ਨਜ਼ਾਮ,
ਜਿਸ ਦਾ ਨਾਂ ਇਨਸਾਫ਼ ਭਾਇਆ ਖੇਤ ਨੂੰ।

3.

ਧੁੱਪ ਦੇ ਰਾਹ 'ਚੋਂ ਰੁਕਾਵਟ ਜਦ ਹਟੀ।
ਨਿੱਖਰੀ ਫੁੱਲਾਂ ਦੀ ਲਾਲੀ ਬਹੁਤ ਹੀ।

ਇਹ ਕਦੋਂ ਬਣਦੀ ਹੈ ਸਾਡੀ ਤਰਜ਼ਮਾਨ,
ਹੈ ਬੇਗਾਨੀ ਖੁਸ਼ਖਿਆਲੀ ਬਹੁਤ ਹੀ।

ਝੋਲ ਹੀ ਖਾਲੀ ਹੈ ਲੋਕਾਂ ਦੀ ਮਗਰ,
ਦਿਲ ਅਮੀਰਾਂ ਦੇ ਨੇ ਖਾਲੀ ਬਹੁਤ ਹੀ।

ਹੱਕ ਦੀ ਕੀਤੀ ਗਈ ਉਹ ਚੀਰਫਾੜ,
ਸਟਪਟਾਏ ਨੇ ਸਵਾਲੀ ਬਹੁਤ ਹੀ।

ਮੰਗਦੇ ਰਾਹਤ ਹੋ ਜਿਸ ਇਨਸਾਫ਼ ਤੋਂ,
ਉਲਝਿਆ ਹੋਇਆ ਏ ਹਾਲੀ ਬਹੁਤ ਹੀ।

ਕੂੰਜੜੇ ਬਾਗਾਂ ਦੇ ਮਾਲੀ ਨਾ ਬਣਾ,
ਵੱਖਰੇ ਹੁੰਦੇ ਨੇ ਮਾਲੀ ਬਹੁਤ ਹੀ।

4.

ਫਿਰ ਓਹੀ ਹੁੱਸੜ ਜਿਹਾ ਤੇ ਫਿਰ ਓਹੀ ਗਰਦੋ ਗੁਬਾਰ।
ਵਰ੍ਹ ਕੇ ਵੀ ਔਂਦਾ ਨਹੀਂ ਹੁਣ ਏਸ ਮੌਸਮ 'ਤੇ ਨਿਖਾਰ।

ਏਸ ਮਹਿਫ਼ਲ ਵਿਚ ਸਾਰੇ ਗ਼ੈਰ ਜਾਨਬਦਾਰ ਨੇ,
ਦਰਦ ਹੈ ਕਿ ਢੂੰਡਦਾ ਹੈ ਇਸ 'ਚ ਆਪਣੇ ਤਰਫ਼ਦਾਰ।

ਜਦ ਵੀ ਮੈਂ ਮਜਬੂਰ ਹੋਇਆ ਇਸ ਦਾ ਦਰ ਖੜਕੌਣ 'ਤੇ,
ਕਰ ਲਈ ਇਨਸਾਫ ਨੇ ਕੁਝ ਹੋਰ ਸੂਰਤ ਅਖ਼ਤਿਆਰ।

ਦੁਸ਼ਮਣਾਂ ਦੀ ਦੁਸ਼ਮਣੀ ਦੇ ਨਾਲ ਨਿਭ ਸਕਦਾ ਹਾਂ ਮੈਂ,
ਦੋਸਤਾਂ ਦੀ ਬੇਰੁਖੀ ਹੁੰਦੀ ਨਹੀਂ ਲੇਕਿਨ ਸਹਾਰ।

ਉਹ ਵੀ ਕਹਿੰਦੇ ਨੇ ਕਿ ਉਨ੍ਹਾਂ ਨੂੰ ਲਗਾਅ ਹੈ ਜਾਨ ਨਾਲ,
ਕਤਲ ਦਾ ਸਮਾਨ ਜਿਹੜੇ ਰੋਜ਼ ਕਰਦੇ ਨੇ ਤਿਆਰ।
ਨੇੜ ਪਾ ਬੈਠਾ ਹਾਂ ਇਕ ਕਾਫ਼ਰ ਅਦਾ ਦੇ ਨਾਲ ਮੈਂ,
ਝੱਖੜਾਂ ਨੂੰ ਸੌਂਪ ਦਿੱਤਾ ਹੈ ਮੈਂ ਇਸ ਦਿਲ ਦਾ ਕਰਾਰ।

5.

ਨਾਂ ਤੇ ਜ਼ਿੰਦਗੀ ਦੇ ਦਿਨ ਕਟੀ ਦੀ ਲੋੜ ਕਿਸ ਨੂੰ ਹੈ।
ਜੇ ਏਹੀ ਜ਼ਿੰਦਗੀ ਹੈ ਜ਼ਿੰਦਗੀ ਦੀ ਲੋੜ ਕਿਸਨੂੰ ਹੈ।

ਨਸ਼ਤਰ ਨਾਲ ਕੁਝ ਜਖ਼ਮਾਂ ਦਾ ਦਾਰੂ ਕਰਨ ਆਏ ਹੋ,
ਤੁਹਾਡੀ ਮਿਹਰ ਤੇ ਚਾਰਾਗਰੀ ਦੀ ਲੋੜ ਕਿਸਨੂੰ ਹੈ।

ਸੰਭਾਲ ਤਸ਼ਨਗੀ ਬੈਠਾ ਹੈ ਰੇਗਿਸਤਾਨ ਅਜ਼ਲਾਂ ਤੋਂ,
ਰੇਗਿਸਤਾਨ ਵਿਚ ਇਸ ਤਸ਼ਨਗੀ ਦੀ ਲੋੜ ਕਿਸਨੂੰ ਹੈ।

ਬਨਾਵਟ ਤੇ ਦਿਖਾਵੇ ਨਾਲ ਮਹਿਫ਼ਲ ਖ਼ੂਬ ਜਗਮਗ ਹੈ,
ਦਿਲਾਂ ਵਿਚ ਜਗਣ ਵਾਲੀ ਰੋਸ਼ਨੀ ਦੀ ਲੋੜ ਕਿਸਨੂੰ ਹੈ।

ਬੜੇ ਸਮਝੌਤਿਆਂ ਦੀ ਲੋੜ ਹੈ ਇਸ ਤਰਫ਼ਰਾਹਾਂ ਤੇ,
ਅਨਾਂ ਕਿਸ ਦੀ ਜ਼ਰੂਰਤ ਹੈ ਖ਼ੁਦੀ ਲੋੜ ਕਿਸਨੂੰ ਹੈ।

ਲੁਟਾਈ ਜਾ ਰਿਹਾ ਏ ਚੰਦ ਕਿਰਨਾਂ ਆਦਤਨ ਏਥੇ,
ਨਵੇਂ ਸ਼ਹਿਰਾਂ 'ਚ ਅੱਜ ਕੱਲ ਚਾਨਣੀ ਦੀ ਲੋੜ ਕਿਸਨੂੰ ਹੈ।

ਬੰਦਾ ਹੈ ਕਿ ਜੰਨਤ ਵਾਸਤੇ ਹਰ ਜਤਨ ਕਰਦਾ ਏ,
ਜੰਨਤ ਵਿਚ ਲੇਕਿਨ ਆਦਮੀ ਦੀ ਲੋੜ ਕਿਸਨੂੰ ਹੈ।

ਅਜੇ ਵੀ ਪਹੁੰਚ ਇਸਦੀ ਸਾਗਰਾਂ ਦੇ ਸਾਹਿਲਾਂ ਤੱਕ ਹੈ,
ਨਹੀਂ ਤੇ ਯਾਦ ਦੀ ਸੁੱਕੀ ਨਦੀ ਦੀ ਲੋੜ ਕਿਸਨੂੰ ਹੈ।

ਬਣਾਈ ਰੱਖਣਾ ਚਾਹੁੰਦੀ ਹੈ ਬੇਇਨਸਾਫੀਆਂ ਜਿਹੜੀ,
ਤੁਹਾਡੀ ਇਸ ਤਰ੍ਹਾਂ ਦੀ ਮੁਨਸਫ਼ੀ ਦੀ ਲੋੜ ਕਿਸਨੂੰ ਹੈ।


ਚਿਰਾ.ਗ ਦਾ ਨਵੇਂ ਸਾਲ ਦਾ ਵਿਸ਼ੇਸ਼ ਅੰਕ

**ਜਨਵਰੀ-ਮਾਰਚ 2010**

**ਯਾਦਾਂ ਸੰਤ ਸੰਤਾਲੀ**

ਲੇਖਕਾਂ ਨੂੰ ਮੌਲਿਕ ਲਿਖਤਾਂ ਦਾ ਸੱਦਾ ਹੈ। -ਸੰਪਾਦਕੀ ਮੰਡਲ




ਵਿਸ਼ਵ ਸਾਹਿਤ

# ਫਲਸਤੀਨੀ ਕਵੀ ਮਹਿਮੂਦ ਦਰਵੇਸ਼

- ਕੇ. ਸਤਚੰਦਾ ਨੰਦਨ

ਮਹਿਮੂਦ ਦਰਵੇਸ਼ ਲਈ (1941-2008) ਅਰਬ-ਪਛਾਣ ਦਾ ਮੁੱਦਾ, ਕਦੇ ਵੀ ਬੰਦ ਨਹੀਂ ਸਗੋਂ ਸਦਾ ਹੀ ਦੂਸਰਿਆਂ ਲਈ ਖੁੱਲ੍ਹੀ ਅਨੇਕਤਾ ਹੁੰਦੀ ਸੀ -

ਮੇਰਾ ਦੇਸ਼ ਹੱਥਕੜੀਆਂ ਵਿਚ ਹੋਣ ਦੀ ਖੁਸ਼ੀ ਹੈ
ਡਾਕ ਰਾਹੀਂ ਭੇਜਿਆ ਚੁੰਮਣ
ਮੈਂ ਬੱਸ ਆਪਣੇ ਦੇਸ਼ ਕੋਲੋਂ,
ਜਿਸ ਮੈਨੂੰ ਕਤਲ ਕੀਤਾ ਹੈ
ਮਾਂ ਦਾ ਰੁਮਾਲ ਚਾਹੁੰਦਾ ਹਾਂ
ਤੇ ਅਗਲੀ ਤੇ ਨਵੀਂ ਮੌਤ ਲਈ ਬਹਾਨੇ।

ਮੈਨੂੰ ਮਹਿਮੂਦ ਦਰਵੇਸ਼ ਦੇ ਇਹ ਸ਼ਬਦ ਚੇਤੇ ਆਏ, ਜਦੋਂ ਮੈਨੂੰ ਖ਼ੁਦ ਕਵੀ 2003 ਵਿਚ ਫਰਾਂਸ ਦੇ ਸ਼ਹਿਰ ਲਾ-ਰੋਚੇਲੀ ਵਿਚ ਮਿਲਿਆ ਸੀ। ਸਾਨੂੰ ਦੋਹਾਂ ਨੂੰ ਕਵਿਤਾ-ਪਾਠ ਦੇ ਟੂਰ ਲਈ ਪੰਜ ਫਰਾਂਸੀਸੀ ਸ਼ਹਿਰਾਂ ਵਿਚ ਕਵੀਆਂ ਦੀ ਬਹਾਰ-ਰੁੱਤੇ ਕਵਿਤਾ ਮੇਲੇ ਵਿਚ ਸੱਦਿਆ ਗਿਆ ਸੀ। ਕਈ ਸਾਲ ਪਹਿਲਾਂ ਮੈਂ ਦਰਵੇਸ਼ ਦੀਆਂ ਕਵਿਤਾਵਾਂ ਪੜ੍ਹੀਆਂ ਸਨ ਅਤੇ ਉਨ੍ਹਾਂ ਵਿਚੋਂ ਕੁਝ ਦਾ ਮਲਿਆਲਮ ਵਿਚ ਅਨੁਵਾਦ ਵੀ ਕੀਤਾ ਸੀ, ਫਿਰ ਵੀ ਉਸ ਦੀ ਵਲਵਲੇ-ਭਰੀ ਅਤੇ ਕਈ ਵਾਰ ਸਰੋਦੀ ਕਵਿਤਾ ਦਾ ਪਾਠ ਇੱਕ ਵੱਖਰਾ ਤੇ ਉਤੇਜਨਾ ਭਰਿਆ ਤਜ਼ਰਬਾ ਹੁੰਦਾ ਸੀ। ਕਦੇ ਦਰਵੇਸ਼ ਨੇ ਆਪਣੀ ਕਵਿਤਾ ਬਾਰੇ ਆਖਿਆ ਸੀ-

ਜਦੋਂ ਮੇਰੇ ਸ਼ਬਦ ਕਣਕ ਸਨ
ਮੈਂ ਧਰਤੀ ਸੀ
ਜਦੋਂ ਮੇਰੇ ਸ਼ਬਦ ਕਰੋਧ ਸਨ
ਮੈਂ ਝੱਖੜ ਸੀ
ਜਦੋਂ ਮੇਰੇ ਸ਼ਬਦ ਚੱਟਾਨ ਸਨ
ਮੈਂ ਦਰਿਆ ਸੀ।
ਜਦੋਂ ਮੇਰੇ ਸ਼ਬਦ ਸ਼ਹਿਦ ਬਣ ਗਏ
ਸ਼ਹਿਦ ਦੀਆਂ ਮੱਖੀਆਂ
ਮੇਰੇ ਬੁੱਲ੍ਹਾਂ ਉੱਤੇ ਆਣ ਬੈਠੀਆਂ।

ਦਰਵੇਸ਼ ਘੱਟ ਹੀ ਆਪਣੀ ਕਵਿਤਾ ਨੂੰ ਸ਼ਹਿਦ ਬਣਨ ਦਿੰਦਾ ਸੀ, ਸਿਰਫ਼ ਘੜੀ ਪਲ ਲਈ ਉਸ ਸਮੇਂ ਵੀ, ਜਿਸ ਸਮੇਂ ਉਹ "ਸ਼ੁੱਧ ਕਵਿਤਾ" ਵੱਲ ਆਕਰਸ਼ਿਤ ਹੁੰਦਾ ਸੀ। ਉਹ ਮੁੱਖ ਤੌਰ 'ਤੇ ਇਕ ਰਾਜਸੀ ਕਵੀ ਸੀ, ਪਰ ਜਿਹੜਾ ਜੀਵਨ ਤੇ ਮੌਤ ਦੇ ਰਹੱਸ ਨੂੰ ਤੱਕਣ ਤੋਂ ਸ਼ਰਮਾਉਂਦਾ ਨਹੀਂ ਸੀ, ਜਿਵੇਂ ਕਿ ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਤੋਂ ਜੋ ਕਿ 'ਅਨੰਤਤਾ' ਦੇ ਯਥਾਰਥ ਨੂੰ ਪ੍ਰਗਟ ਕਰਦੀਆਂ ਹਨ। ਸਦੀਵਤਾ (Etermity) ਦਰਵੇਸ਼ ਲਈ ਮੌਤ ਦਾ ਛਿਣ-ਭਰ ਲਈ ਜੀਣਾ ਸੀ, (euphemism) ਜੋ ਉਸਨੇ ਉਸ ਵੇਲੇ ਤੋਂ ਕਿਆਸ ਕਰਨਾ ਸ਼ੁਰੂ ਕਰ ਦਿੱਤਾ ਸੀ, ਜਦੋਂ ਉਸ ਨੂੰ ਲੱਗਭਗ ਚੌਥਾਈ ਸਦੀ ਪਹਿਲਾਂ ਦਿਲ ਦਾ ਦੌਰਾ ਪਿਆ ਸੀ। ਉਸਨੇ ਮਿਊਰਲ (Mural) ਨਾਂ ਦੀ ਕਵਿਤਾ ਵਿਚ ਲਿਖਿਆ

ਸੀ, "ਜਿਥੋਂ ਤੀਕ ਮੇਰੀ ਗੱਲ ਹੈ ਮੈਂ ਹੁਣ ਵਿਦਾਇਗੀ (Departure) ਦੀਆਂ ਸਾਰੀਆਂ ਸੰਭਾਵਤ ਦਲੀਲਾਂ ਨਾਲ ਭਰਿਆ ਪਿਆ ਹਾਂ-

ਮੈਂ ਖ਼ੁਦ ਲਈ ਨਹੀਂ ਹਾਂ
ਮੈਂ ਆਪਣਾ ਆਪ ਨਹੀਂ ਹਾਂ
ਮੈਂ, ਮੇਰਾ ਨਹੀਂ ਹਾਂ।

ਕਵੀ ਆਪਣੀ ਕਵਿਤਾ ਵਿਚਲੀਆਂ ਸਵੈ-ਵਿਰੋਧੀ ਖਿੱਚਾਂ ਤੋਂ ਭਲੀ ਭਾਂਤ ਜਾਣੂ ਸੀ। ਉਸਨੇ New York Times ਨੂੰ ਇੱਕ ਇੰਟਰਵਿਊ ਵਿਚ ਆਖਿਆ ਸੀ - "ਜਦੋਂ ਮੈਂ ਸ਼ੁੱਧ ਕਵਿਤਾ ਦੇ ਕਰੀਬ ਆਉਂਦਾ ਹਾਂ ਤਾਂ ਫਲਿਸਤੀਨੀ ਅਵਾਮ ਆਖਦੇ ਹਨ, ਉੱਥੇ ਹੀ ਵਾਪਸ ਚਲਾ ਜਾ, ਜਿੱਥੋਂ ਤੂੰ ਤੁਰਿਆ ਸੈਂ। ਐਪਰ ਮੈਂ ਤਜ਼ਰਬੇ ਤੋਂ ਸਿੱਖਿਆ ਹੈ ਕਿ ਮੈਂ ਪਾਠਕ ਨੂੰ ਆਪਣੇ ਨਾਲ ਲੈ ਕੇ ਤੁਰ ਸਕਦਾ ਹਾਂ, ਜੇ ਉਹ ਮੇਰੇ ਉੱਤੇ ਭਰੋਸਾ ਕਰਦਾ ਹੈ। ਮੈਂ ਆਪਣੀ ਆਧੁਨਿਕਤਾ ਆਪ ਸਿਰਜਦਾ ਹਾਂ, ਤੇ ਜੇ ਮੈਂ ਸੁਹਿਰਦ ਹੋਵਾਂ, ਆਪਣੀ ਖੇਡ ਆਪ ਖੇਡ ਸਕਦਾ ਹਾਂ।"

ਉਹ ਆਪਣੀ ਭਾਂਤ ਦੀ ਆਧੁਨਿਕਤਾ ਵਿਕਸਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਇਹ ਕੰਮ ਸਥਾਨਕ ਬਿੰਬਾਵਲੀ, ਵਿਸ਼ੇਗਤ ਤਤਕਾਲੀਨਤਾ (Thematic Immediacy) ਸੰਗੀਤਕ ਸਾਦਗੀ, ਰਾਜਨੀਤਿਕ ਸੁਝਾਊਪਨ ਅਤੇ ਸਵੈ-ਪਛਾਣ (Identity) ਤੇ ਜਲਾਵਤਨੀ ਦੇ ਸਰੋਕਾਰਾਂ ਸਦਕਾ ਕਰਦਾ ਸੀ।

ਉਸਦੀ ਕਵਿਤਾ ਹੋਰ ਸੰਘਣੀ ਹੁੰਦੀ ਗਈ, ਜਿਵੇਂ ਜਿਵੇਂ ਉਹ ਵਿਕਾਸ ਕਰਦਾ ਗਿਆ ਤੇ ਉਸਦੀ ਬਿੰਬਾਵਲੀ ਵੀ ਹੋਰ ਵਧੇਰੇ ਪ੍ਰੀਵਰਤਤ ਹੁੰਦੀ ਗਈ। ਨਾਲ ਦੀ ਨਾਲ ਉਸਦੀ ਕਵਿਤਾ ਦੀ ਸੁਰਚਨਾ ਵਧੇਰੇ, ਜਟਿਲ ਤੇ ਬਹੁ-ਪਰਤੀ ਹੁੰਦੀ ਗਈ। ਇਹ ਸੰਭਵ ਹੈ ਕਿ ਉਹ ਮੁੱਢਲੇ ਪ੍ਰਭਾਵਾਂ ਨੂੰ ਜੀਵੰਤ ਰੱਖਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਪ੍ਰਕਿਰਿਆ ਵਿਚ ਉਸਨੇ ਸੱਜਰਾ ਅਰਬੀ ਮੁਹਾਵਰਾ ਵਿਕਸਿਤ ਕੀਤਾ, ਜਿਹੜਾ ਕਿ ਅਰਬਾਂ ਦੀ ਯਥਾਰਥਕ ਜ਼ਿੰਦਗੀ ਤੇ ਉਹਨਾਂ ਦੀ ਅੰਤਰਮੁਖੀ ਤੇ ਬਾਹਰਮੁਖੀ ਜ਼ਿੰਦਗੀ ਨੂੰ ਚੰਗੀ ਤਰ੍ਹਾਂ ਪ੍ਰਗਟ ਕਰਦਾ ਸੀ ਤੇ ਜਿਸ ਸਦਕਾ ਉਹ "ਅਰਬੀ ਭਾਸ਼ਾ ਦੇ ਰਖਵਾਲੇ" ਦਾ ਖਿਤਾਬ ਜਿੱਤਿਆ ਸੀ। ਉਸਨੇ ਫਲਸਤੀਨੀ ਚੇਤੰਨਤਾ ਨੂੰ ਢਾਲਣ ਵਿਚ ਮੁੱਖ ਕਰਤੱਵ ਨਿਭਾਇਆ ਸੀ ਤੇ ਉਸਦੀਆਂ ਪੰਗਤੀਆਂ ਆਧੁਨਿਕ ਅਰਬੀ ਸੱਭਿਆਚਾਰ ਦੀ ਬਣਤਰ ਦਾ ਹਿੱਸਾ ਬਣ ਚੁੱਕੀਆਂ ਹਨ।

ਐਡਵਾਰਡ ਸਈਦ ਜੋ ਕਿ ਪ੍ਰਸਿੱਧ ਚਿੰਤਕ, ਆਲੋਚਕ ਤੇ ਦਰਵੇਸ਼ ਦਾ ਮਿੱਤਰ ਸੀ, ਦੱਸਦਾ ਹੈ ਕਿ ਉਸਦੀਆਂ ਮੁੱਢਲੀਆਂ ਕਵਿਤਾਵਾਂ, ਜਲਾਵਤਨੀ ਦੀਆਂ ਅਨਰੰਤਰਤਾਵਾਂ (Refraction) ਤੇ ਅਪਵਰਤਨਾਂ (Discontinuties) ਵਿਚੋਂ ਪਛਾਣ ਦੀ ਲੋੜ ਨੂੰ ਪ੍ਰਤੀਬਿੰਬਤ ਕਰਦੀਆਂ ਹਨ। "ਉਸ ਦੀ ਢੇਰ ਸਾਰੀ ਰਚਨਾ, ਅਣਮਿੱਥੇ ਸਮੇਂ ਤੀਕ ਵਾਪਸੀ ਤੇ ਮੁਲਤਵੀ ਹੋਏ ਨਾਟਕ ਦੇ ਨੁਕਸਾਨ ਨੂੰ ਮਹਾਕਾਵਿਕ ਪੱਧਰ ਉੱਤੇ ਗੀਤ ਵਿਚ ਬਦਲਣ ਦੀ ਕੋਸ਼ਿਸ਼ ਹੈ। (ਇਸੇ ਹੀ ਸ਼ਿਲਾਲੇਖ ਵਾਲੀ ਜਲਾਵਤਨੀ ਬਾਰੇ ਵਿਚਾਰਾਂ ਦੀ ਪੁਸਤਕ ਵਿਚ ਸਈਦ ਦਾ ਲੇਖ ਵੇਖੋ)

ਦਰਵੇਸ਼ ਘਰ ਖੁੱਸਣ ਦੀ ਆਪਣੀ ਭਾਵਨਾ ਨੂੰ ਨਾ-ਮੁਕੰਮਲ ਤੇ ਅਧੂਰੀਆਂ ਚੀਜ਼ਾਂ ਦੀ ਸੂਚੀ ਦੀ ਸ਼ਕਲ ਵਿਚ ਪੇਸ਼ ਕਰਦਾ ਹੈ-

ਪਰ ਮੈਂ ਜਲਾਵਤਨ ਹਾਂ
ਮੇਰੀਆਂ ਅੱਖਾਂ ਤੇ ਪੱਟੀ ਬੰਨ੍ਹ ਦਿਓ



ਮੈਨੂੰ ਜਿੱਥੇ ਮਰਜ਼ੀ ਲੈ ਜਾਵੋ
ਮੇਰੇ ਚਿਹਰੇ ਦਾ ਰੰਗ ਵਾਪਸ ਪਰਤਾ ਦਿਓ
ਤੇ ਜਿਸਮ ਦਾ ਨਿੱਘ
ਅੱਖਾਂ ਤੇ ਦਿਲ ਦੀ ਰੌਸ਼ਨੀ
ਦਾਲ ਤੇ ਰੋਟੀ ਦਾ ਨਮਕ
ਧਰਤੀ ਦਾ ਸਵਾਦ
ਮਾਤ-ਭੂਮੀ! ਮੈਨੂੰ ਆਪਣੀਆਂ ਅੱਖਾਂ ਰਾਹੀਂ ਬਚਾ ਲੈ
ਮੈਨੂੰ ਦੁੱਖ ਦੀ ਹਵੇਲੀ ਵਿਚੋਂ
ਇੱਕ ਨਿਸ਼ਾਨੀ ਵਾਂਗ ਲੈ ਜਾ
ਮੇਰੇ ਦੁਖਾਂਤ ਵਿਚੋਂ ਕਵਿਤਾ ਵਾਂਗ ਲੈ ਜਾ
ਘਰ ਚੋਂ ਮੈਨੂੰ ਇੱਕ ਖਿਡੌਣੇ, ਇੱਕ ਇੱਟ ਵਾਂਗ ਲੈ ਜਾ
ਤਾਂਕਿ ਸਾਡੇ ਬੱਚੇ, ਇਸ ਨੂੰ ਵਾਪਸ ਦੇਣ
ਲਈ ਚੇਤੇ ਰੱਖਣ।

ਦਰਵੇਸ਼ ਜਾਣਦਾ ਸੀ ਕਿ ਜਲਾਵਤਨੀ ਦਾ ਦਰਦ ਨਿੱਗਰਤਾ ਦੇ ਸੰਪਰਕ ਦੇ ਟੁੱਟ ਜਾਣ ਵਿਚ ਤੇ ਧਰਤੀ ਦੀ ਸੰਤੁਸ਼ਟਤਾ ਵਿਚ ਹੈ। ਘਰ ਵਾਪਸ ਪਰਤਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

ਦਰਵੇਸ਼ 1941 ਬਿਰਵਾ ਪਿੰਡ ਵਿਚ ਜਨਮਿਆ, ਜੋ ਆਕਰੇ ਦੇ ਪੂਰਵ ਵਿਚ ਹੈ ਤੇ ਉਸਦੇ ਮਾਤਾ-ਪਿਤਾ ਦਰਮਿਆਨੇ ਕਿਸਾਨ ਸਨ। ਉਸਦੀ ਪਾਲਣਾ ਬਾਬੇ ਨੇ ਕੀਤੀ ਕਿਉਂਕਿ ਉਸਦੇ ਮਾਤਾ-ਪਿਤਾ ਭੋਏਂ ਦੀ ਵਾਹੀ ਵਿਚ ਖੁੱਭੇ ਰਹਿੰਦੇ ਸਨ। ਉਹ ਛੇ ਸਾਲ ਦਾ ਸੀ, ਜਦੋਂ ਅਜ਼ਰਾਈਲੀਆਂ ਨੇ ਉਸਦੇ ਪਿੰਡ ਉੱਤੇ ਹਮਲਾ ਕੀਤਾ ਤੇ ਉਸਨੂੰ ਪਰਿਵਾਰ ਸਮੇਤ ਭੱਜਕੇ ਲੈਬਨਾਨ ਜਾਣਾ ਪਿਆ। ਜਦੋਂ ਉਹ ਵਾਪਸ ਪਰਤੇ ਤਾਂ ਪਿੰਡ ਦਾ ਨਾਂ-ਨਿਸ਼ਾਨ ਨਹੀਂ ਸੀ। ਇਸ ਲਈ ਉਹ ਗਾਲੀਲਾ ਵਿਚ ਜਾ ਟਿਕੇ। ਦਰਵੇਸ਼ ਲਈ ਘਰ ਵਿਚ ਕੋਈ ਕਿਤਾਬਾਂ ਨਹੀਂ ਸਨ। ਕਵਿਤਾ ਦਾ ਉਸਦਾ ਪਹਿਲਾ ਤਜ਼ਰਬਾ ਅਜ਼ਰਾਈਲੀ ਫੌਜ ਵਲੋਂ ਭਜਾਏ ਗਏ ਇਕ ਖਾਨਾਬਦੋਸ਼ ਗਵੱਈਏ ਦੇ ਬੋਲ ਸੁਣਨ ਦਾ ਸੀ। ਉਸਦੇ ਵੱਡੇ ਭਰਾ ਨੇ ਉਸਨੂੰ ਕਵਿਤਾ ਲਿਖਣ ਲਈ ਉਤਸ਼ਾਹਿਤ ਕੀਤਾ।

### ਪਹਿਲੀ ਕਵਿਤਾ

ਅਜ਼ਰਾਈਲ ਦੇ ਅਰਬੀ ਲੋਕ 1948 ਤੋਂ 1986 ਤੀਕ ਫੌਜੀ ਰਾਜ ਅਧੀਨ ਰਹੇ। ਉਹ ਦੂਜੇ ਦਰਜੇ ਦੇ ਸ਼ਹਿਰੀ ਸਨ। ਜਿਹਨਾਂ ਨੂੰ ਖੁੱਲੇ ਆਮ ਫਿਰਨ ਤੁਰਨ ਜਾਂ ਕਿਸੇ ਰਾਜਸੀ ਸਰਗਰਮੀ ਵਿਚ ਭਾਗ ਲੈਣ ਦੀ ਆਗਿਆ ਨਹੀਂ ਸੀ। ਉਹ ਸੁਹਿਰਦਤਾ ਨਾਲ ਅਜ਼ਰਾਈਲ ਦੀ ਸਥਾਪਨਾ ਦੇ ਵਰ੍ਹੇਵਾਰ ਜਸ਼ਨਾਂ ਵਿਚ ਸ਼ਾਮਿਲ ਨਹੀਂ ਸੀ ਹੋ ਸਕਦਾ। ਉਸ ਦੀ ਪਹਿਲੀ ਕਵਿਤਾ, ਜੋ ਉਸਨੇ ਸਕੂਲ ਵਿਚ ਪੜ੍ਹਦਿਆਂ ਲਿਖੀ ਸੀ, ਉਹ ਯਹੂਦੀ ਬੱਚੇ ਅਤੇ ਅਰਬੀ ਮੁੰਡੇ ਵਿਚ ਵਾਰਤਾਲਾਪ ਦੀ ਸ਼ਕਲ ਵਿਚ ਸੀ। ਅਰਬ ਜਵਾਕ ਆਪਣੇ ਮਿੱਤਰ ਨੂੰ ਦੱਸਦਾ ਹੈ ਕਿ ਉਸਦਾ ਇੱਕ ਘਰ ਹੈ, ਖਿਡਾਉਣੇ, ਖੇਡਾਂ ਤੇ ਜਸ਼ਨ ਹਨ, ਪਰ ਮੇਰੇ ਕੋਲ ਕੁਝ ਵੀ ਨਹੀਂ, ਇਸ ਲਈ ਉਹ ਇਕੱਠੇ ਕਿਵੇਂ ਖੇਡ ਸਕਦੇ ਹਨ? ਕਵਿਤਾ ਫੌਜੀ ਗਵਰਨਰ ਨੂੰ ਚੁੱਭੀ ਤੇ ਉਸਨੇ ਦਰਵੇਸ਼ ਨੂੰ ਤਾੜਨਾ ਕੀਤੀ ਕਿ ਉਸਦੇ ਪਿਤਾ ਦੀ ਖਾਨ ਵਿਚਲੀ ਨੌਕਰੀ ਖੁੱਸ ਜਾਵੇਗੀ ਜੇ ਉਹ ਏਸੇ ਹੀ ਸੁਰ ਵਾਲੀਆਂ ਕਵਿਤਾਵਾਂ ਲਿਖੇਗਾ।

ਬੈਰੂਤ ਤੋਂ ਦੁਰਾਡੇ ਹੋਣ ਕਾਰਣ ਦਰਵੇਸ਼ ਨੂੰ ਅਜਿਹਾ ਮੌਕਾ ਨਹੀਂ ਮਿਲ ਸਕਿਆ, ਜਿਸ ਨਾਲ

ਉਹ ਆਧੁਨਿਕ ਅਰਬੀ ਕਵਿਤਾ ਨਾਲ ਵਾਕਫੀ ਪਾ ਸਕਦਾ, ਕਵਿਤਾ ਜਿਹੜੀ ਕਿ ਐਡੀਨੀਸ ਅਤੇ ਨਿਜ਼ਾਰ ਖਾਬਾਨੀ ਵਰਗੇ ਤੇ 'ਅਲ-ਸ਼ਾਇਰ' ਪੱਤ੍ਰਿਕਾ ਨਾਲ ਜੁੜੇ ਹੋਰ ਕਵੀ ਵਿਕਸਿਤ ਕਰ ਰਹੇ ਸਨ। ਉਹ ਯਹੂਦਾ ਅਮੀਚੀ ਵਰਗੇ ਹੈਬਰੀਊ ਭਾਸ਼ਾ ਦੇ ਕਵੀਆਂ ਦੀ ਰਚਨਾ ਨੂੰ ਤੇ ਜਾਂ ਫਿਰ ਪਾਬਲੋ ਨੇਰੂਦਾ ਤੇ ਫੈਡਰੀਕੋ ਗਾਰਸ਼ੀਅਨ ਲੋਰਕਾ ਦੇ ਹੈਬਰੀਊ ਵਿਚ ਹੋਏ ਅਨੁਵਾਦ ਨੂੰ ਪੜ੍ਹਕੇ ਵੱਡਾ ਹੋਇਆ ਸੀ।

ਦਰਵੇਸ਼ ਦੇ ਮੁੱਢਲੇ ਕਾਵਿ ਸੰਗ੍ਰਹਿ "ਜੈਤੂਨ ਦੇ ਪੱਤੇ (1964) ਫਲਸਤੀਨ ਤੋਂ ਇੱਕ ਪ੍ਰੇਮੀ" (1966) ਅਤੇ ਰਾਤ ਦਾ ਅੰਤ (1967) ਅਜ਼ਰਾਈਲ ਵਿਚ ਹੀ ਛਪੀਆਂ ਸਨ। ਉਹ ਹੁਣ ਅਜ਼ਰਾਈਲ ਦੀ ਕਮਿਊਨਿਸਟ ਪਾਰਟੀ ਰਕਾਹ (Rakah) ਦਾ ਮੈਂਬਰ ਸੀ ਅਤੇ ਅਰਬੀ ਅਖਬਾਰ Al-Ittihad (ਅਲ ਇਤਿਹਾਦ) ਦਾ ਐਡੀਟਰ ਵੀ ਸੀ। ਉਹ ਕਈ ਵਾਰ ਜੇਲ੍ਹ ਗਿਆ ਜਾਂ ਘਰ ਵਿਚ ਹੀ ਨਜ਼ਰਬੰਦ ਰਿਹਾ।

ਉਸਦੀ ਮੁੱਢਲੀ ਕਵਿਤਾ ਕਲਾਸੀਕਲ ਕਾਵਿ-ਰੂਪਾਂ ਦੇ ਅਨੁਸਾਰ ਲਿਖੀ ਗਈ ਸੀ, ਪਰ 1960 ਦੇ ਅੱਧ-ਵਿਚਕਾਰ ਉਸਨੇ ਇੱਕ ਹਰਮਨ-ਪਿਆਰਾ ਤੇ ਪ੍ਰਤੱਖ ਤੌਰ 'ਤੇ ਵੱਖਰਾ ਮੁਹਾਵਰਾ ਵਿਕਸਿਤ ਕਰ ਲਿਆ ਸੀ, ਜੋ ਰੋਜ਼ਾਨਾ ਜ਼ਿੰਦਗੀ ਨੂੰ ਪ੍ਰਗਟ ਕਰਨ ਲਈ ਢੁੱਕਵਾਂ ਸੀ। ਉਸਦੇ ਬਿੰਬ ਪੇਂਡੂ ਜ਼ਿੰਦਗੀ ਵਿਚੋਂ ਆਉਂਦੇ ਸਨ, ਜਿਵੇਂ ਜੈਤੂਨ ਦੇ ਝੁੰਡ, ਬਾਗੀਚੀਆਂ, ਅਜਵਾਇਣ, ਤੁਲਸੀ, ਚੱਟਾਨਾਂ ਤੇ ਬੂਟੇ ਆਦਿ। ਉਸਦੀਆਂ ਬਹੁਤੀਆਂ ਕਵਿਤਾਵਾਂ ਸ਼ਬਦਾਂ ਦੇ ਹੱਥ ਗੋਲਿਆਂ ਵਾਂਗ ਨਿਵੇਕਲਾ ਪ੍ਰਭਾਵ ਪਾਉਂਦੀਆਂ ਸਨ। ਬੇਇਨਸਾਫੀ ਦੇ ਵਿਰੁੱਧ ਵਿਅੰਗ, ਗੁੱਸਾ ਤੇ ਕਰੋਧ ਉਸਦੀ ਵਿਰੋਧ ਦੀ ਕਵਿਤਾ ਦੇ (Resistance) ਉਘੜਵੇਂ ਲੱਛਣ ਸਨ। ਫਲਸਤੀਨ ਦਾ ਮੁੱਦਾ ਉਸ ਲਈ ਵਿਸ਼ਵ ਭਾਵਨਾ ਨੂੰ ਪ੍ਰਗਟ ਕਰਨ ਲਈ ਰੰਗਾਵਲੀ ਸ਼ੀਸ਼ਾ (Prism) ਸੀ। ਫਲਸਤੀਨ ਦੀ ਧਰਤੀ ਅਤੇ ਇਤਿਹਾਸ ਹਜ਼ਾਰਾਂ ਸਾਲਾਂ ਦਾ ਜੋੜ ਹੈ, ਕਿਉਂਕਿ ਇਸ ਉੱਤੇ ਕੈਨਾ-ਨਾਈਟ, ਹੈਬਰੀਊ, ਯੂਨਾਨੀ, ਰੋਮਨ, ਓਟੋਮਾਨ, ਤੁਰਕੀ ਤੇ ਬਰਤਾਨਵੀ ਪ੍ਰਭਾਵ ਵੇਖਣ ਨੂੰ ਮਿਲਦੇ ਹਨ ਤੇ ਹਾਲੀਂ ਵੀ ਇਸ ਦੀ ਬੁਨਿਆਦੀ ਪਛਾਣ ਕਾਇਮ ਹੈ, ਦਰਵੇਸ਼ ਦੀ ਆਜ਼ਾਦ-ਖ਼ਿਆਲੀ (Eclecticism) ਤੇ ਖੁੱਲ੍ਹਦਿਲੀ ਇਹਨਾਂ ਸਾਰੇ ਸੁਭਾਵਕ ਪ੍ਰਭਾਵਾਂ ਦੀ ਸਮਝ ਵਿਚੋਂ ਆਈ ਹੈ, ਜਿਸਨੇ ਅਰਬ ਦੀ ਪਛਾਣ ਬਣਾਈ ਹੈ।

ਦਰਵੇਸ਼ 1971 ਵਿਚ ਅਜ਼ਰਾਈਲ ਤੋਂ ਮਾਸਕੋ ਯੂਨੀਵਰਸਿਟੀ ਵਿਚ ਦਾਖਲ ਹੋਣ ਲਈ ਤੁਰ ਗਿਆ ਤੇ ਪਿਛੋਂ ਉਸਨੇ ਬੈਰੂਤ ਵਿਚਲੇ ਫਲਸਤੀਨੀ ਖੋਜ-ਕੇਂਦਰ ਵਿਚ ਆ ਹਾਜ਼ਰੀ ਦਿੱਤੀ। ਉਹ ਫਲਸਤੀਨੀ ਮੁਕਤੀ ਜਥੇਬੰਦੀ (PLO) ਦੀ ਕਾਰਜਕਾਰਨੀ ਦਾ (1987) ਵਿਚ ਮੈਂਬਰ ਬਣ ਗਿਆ ਅਤੇ 'ਅਲ-ਕਾਰਮਲ' ਨਾਂ ਦੀ ਪ੍ਰਸਿੱਧ ਸਾਹਿਤਕ ਪੱਤ੍ਰਿਕਾ ਦੀ ਸੰਪਾਦਨਾ ਕਰਨ ਲੱਗਾ। ਫਿਰ ਉਹ ਟਿਊਨਿਸ ਤੋਂ ਪੈਰਿਸ ਚਲਾ ਗਿਆ। ਉਸਨੇ ਫਲਸਤੀਨੀ ਸਟੇਟ ਦੇ ਐਲਾਨਨਾਮੇ ਦਾ ਖਰੜਾ ਤਿਆਰ ਕੀਤਾ। ਉਸਦੇ ਨਾਲ ਐਡਵਲਡ ਸਈਦ ਤੇ ਨਾਵਲਕਾਰ ਈਲਿਆਸ ਖੋਰੀ ਵੀ ਸਨ। ਪਰ ਉਹ ਬੜੀ ਸਿਆਣਪ ਨਾਲ ਗੁੱਟਬੰਦੀ ਤੋਂ ਪਰੇ ਰਿਹਾ। ਉਸਨੇ ਐਲਾਨ ਕੀਤਾ, "ਮੈਂ ਯਥਾਰਥ ਪ੍ਰਤੀ ਵਿਸ਼ੇਸ਼ ਦ੍ਰਿਸ਼ਟੀਕੋਣ ਦਾ ਕਵੀ ਹਾਂ।"

ਉਸਨੇ ਕੁਝ ਕਹਾਣੀਆਂ ਵੀ ਲਿਖੀਆਂ। ਉਸ ਦੀਆਂ ਕਵਿਤਾਵਾਂ ਵਿਚ ਵਿਅੰਗ ਸ਼ਊਰ (ਗਹੁ ਨਾਲ ਵੇਖਣਾ) ਤੇ ਮਨੁੱਖਤਾ ਦਾ ਮਿਸ਼ਰਣ ਹੈ। ਉੱਨੀ ਸੌ ਅਸੀਵੇਂ ਵਿਚ ਉਸਨੇ ਸਭ ਮੁਸੀਬਤਾਂ ਦੇ ਬਾਵਜੂਦ ਆਪਣੇ ਆਸ਼ਾਵਾਦ ਨੂੰ ਕਾਇਮ ਰੱਖਿਆ ਤੇ ਕਿਹਾ -

ਗਲੀਆਂ ਸਾਨੂੰ ਘੇਰ ਖਲੋਂਦੀਆਂ ਹਨ
ਜਦ ਅਸੀਂ ਬੰਬਾਂ ਦੇ ਕੋਲੋਂ ਦੀ ਗੁਜ਼ਰਦੇ ਹਾਂ



ਕੀ ਤੁਸੀਂ ਮੌਤ ਦੇ ਆਦੀ ਹੋ ਗਏ ਹੋ?
ਮੈਂ ਤਾਂ ਜ਼ਿੰਦਗੀ ਜਿਊਣ ਦਾ ਆਦੀ ਹਾਂ
ਤੇ ਬੇਅੰਤ ਇੱਛਾ ਦਾ
ਕੀ ਤੁਸੀਂ ਮਰ ਗਿਆਂ ਨੂੰ ਜਾਣਦੇ ਹੋ?
ਮੈਂ ਪਿਆਰ ਕਰਦਿਆਂ ਨੂੰ ਜਾਣਦਾ ਹਾਂ।
ਜਿਵੇਂ ਉਸਨੇ ਪਿੱਛੋਂ ਜਾ ਕੇ ਲਿਖਿਆ ਸੀ
ਅਸੀਂ ਉਹੀ ਕੁਝ ਕਰਦੇ ਹਾਂ
ਜੋ ਕੈਦੀ ਕਰਦੇ ਨੇ
ਤੇ ਬੇਰੁਜ਼ਗਾਰ ਕੀ ਕਰਦੇ ਨੇ?
ਅਸੀਂ ਆਸ-ਉਮੀਦ ਬੀਜਦੇ ਹਾਂ।

ਪੈਰਿਸ ਵਿਚ ਰਹਿੰਦਿਆਂ ਉਸਨੇ ਬੈਰੂਤ ਦੀਆਂ ਯਾਦਾਂ ਲਿਖੀਆਂ। "ਭੁੱਲ ਜਾਣ ਵਾਲੀਆਂ ਯਾਦਾਂ" ਇੱਕ ਵਾਰਤਕ-ਮਈ ਕਵਿਤਾ ਹੈ। ਦਿਮਾਗੀ ਚੁਸਤੀ, ਗੁੱਸਾ ਅਤੇ ਹਿੰਸਾ ਤੇ ਜਲਾਵਤਨੀ ਬਾਰੇ ਸੋਚਾਂ ਵਿਚਾਰਾਂ ਆਖਰੀ ਸਾਲਾਂ ਵਿਚ ਉਹ ਰਹੱਸਵਾਦ ਵੱਲ ਝੁਕ ਗਿਆ। ਮਨੁੱਖੀ ਮੌਤ ਉਸਦਾ ਮੁੱਖ ਧਿਆਨ ਕੇਂਦਰ ਬਣ ਗਈ। ਉਸਨੂੰ 1984 ਅਤੇ 1998 ਵਿਚ ਦਿਲ ਦੇ ਦੌਰੇ ਪਏ। ਉਸਨੇ P.L.O. ਤੋਂ 1993 ਵਿਚ ਅਸਤੀਫਾ ਦੇ ਦਿੱਤਾ ਸੀ ਕਿਉਂਕਿ ਉਸਨੂੰ P.L.O. ਤੇ ਅਜ਼ਰਾਈਲ ਵਿਚਲਾ ਉਸਨੂੰ ਸਮਝੌਤਾ ਪ੍ਰਵਾਨ ਨਹੀਂ ਸੀ, ਜਿਸ ਬਾਰੇ ਉਸਨੇ ਕਿਹਾ ਕਿ 'ਖ਼ਤਰੇ-ਭਰਿਆ ਸਮਝੌਤਾ' ਹੈ। ਉਸਨੇ ਆਪਣੇ ਫੈਸਲੇ ਉੱਤੇ ਕਦੇ ਵੀ ਅਫ਼ਸੋਸ ਨਹੀਂ ਕੀਤਾ। "ਨਿਊਯਾਰਕ ਟਾਈਮਜ਼" ਵਿਚਲੇ ਇੰਟਰਵਿਊ ਵਿਚ ਉਸਨੇ ਕਿਹਾ ਸੀ "ਮੈਂ ਆਸ ਕੀਤੀ ਸੀ ਕਿ ਮੈਂ ਗਲਤ ਸੀ। ਪਰ ਮੈਨੂੰ ਅਫ਼ਸੋਸ ਹੈ ਕਿ ਮੈਂ ਦਰੁੱਸਤ ਸੀ।"

ਉਹ 1995 ਵਿਚ ਅਜ਼ਰਾਈਲ ਆਪਣਿਆਂ ਨੂੰ ਮਿਲਣ ਗਿਆ, ਜਿਸ ਬਾਰੇ ਉਸਨੇ ਕਈ ਕਵਿਤਾਵਾਂ ਲਿਖੀਆਂ ਸਨ। ਉਹ ਆਖਦਾ ਹੈ -

ਮੈਂ ਆਪਣੀ ਮਾਂ ਦੀ ਪੱਕੀ ਰੋਟੀ ਲਈ ਤਾਂਘਦਾ ਹਾਂ
ਮਾਂ ਦੀ ਬਣਾਈ ਕਾਫ਼ੀ ਲਈ
ਉਸਦੀ ਛੋਹ ਨੂੰ ਤਰਸਦਾ
ਮੇਰੇ ਦਿਲ ਵਿਚੋਂ ਬਚਪਨ ਦੀਆਂ
ਯਾਦਾਂ ਉੱਗਦੀਆਂ ਹਨ
ਰੋਜ਼ ਦੇ ਰੋਜ਼
ਮੈਂ ਆਪਣੇ ਜੀਵਨ ਦੇ ਕਾਬਿਲ ਹੋ ਸਕਾਂ
ਕਾਸ਼! ਆਪਣੀ ਮੌਤ ਦੀ ਘੜੀ
ਮੈਂ ਆਪਣੀ ਮਾਂ ਦੇ ਅੱਥਰੂਆਂ
ਦੇ ਕਾਬਿਲ ਹੋ ਸਕਾਂ।"

**(ਮਾਂ ਕਵਿਤਾ ਵਿਚੋਂ)**

ਅਜ਼ਰਾਈਲ ਨੇ ਉਸਨੂੰ ਫਲਸਤੀਨ ਦੇ ਵੈਸਟ ਬੈਂਕ ਦੇ ਸਵੈ-ਸ਼ਾਸਤ ਭਾਗ ਵਿਚ ਅਣ-ਮਿੱਥੇ ਸਮੇਂ ਲਈ ਵਿਚਰਨ ਦੀ ਆਗਿਆ ਦੇ ਦਿੱਤੀ। ਉਸਨੇ ਆਪਣੇ ਆਖ਼ਰੀ ਕਈ ਸਾਲ ਰਾਮਾਉੱਲਾ ਅਤੇ ਜੌਰਡਨ ਦੀ ਰਾਜਧਾਨੀ ਅਮਾਨ ਵਿਚ ਗੁਜ਼ਾਰੇ। ਦਰਵੇਸ਼ ਦੀਆਂ ਚੋਣਵੀਆਂ ਕਵਿਤਾਵਾਂ ਹੈਬਰੀਊ

ਵਿਚ ਅਨੁਵਾਦ ਹੋ ਕੇ ਜੁਲਾਈ 2007 ਵਿਚ ਛਪੀਆਂ ਅਤੇ ਉਸਨੇ ਹਾਈਫਾ ਵਿਚ ਦੋ ਹਜ਼ਾਰ ਲੋਕਾਂ ਦੇ ਸਾਹਮਣੇ ਆਪਣੀਆਂ ਕਵਿਤਾਵਾਂ ਪੜ੍ਹਕੇ ਸੁਣਾਈਆਂ। ਉਸਦੀ ਪੈਗੰਬਰਾਨਾ ਟਿੱਪਣੀ ਵਿਚਲਾ ਵਿਅੰਗ ਸੀ "ਅਸੀਂ ਜਿੱਤ ਗਏ ਹਾਂ। ਗਾਜ਼ਾ ਨੇ ਵੈਸਟ ਬੈਂਕ ਤੋਂ ਆਜ਼ਾਦੀ ਪ੍ਰਾਪਤ ਕਰ ਲਈ ਹੈ। ਇੱਕ ਕੌਮ ਕੋਲ ਹੁਣ ਦੋ ਰਿਆਸਤਾਂ ਹਨ, ਦੋ ਜੇਲ੍ਹਾਂ। ਅਸੀਂ ਇੱਕ ਦੂਜੇ ਨੂੰ ਜੀ ਆਇਆਂ ਨਹੀਂ ਕਹਿੰਦੇ। ਅਸੀਂ ਫਾਂਸੀ ਚਾਹੜਨ ਵਾਲਿਆਂ ਦੀ ਪੁਸ਼ਾਕ ਪਹਿਨੀ ਹੋਈ ਹੈ।"

ਜਦ ਉਹ 9 ਅਗਸਤ 2008 ਨੂੰ ਟੈਕਸਾਸ ਦੇ ਸਰਕਾਰੀ ਹਸਪਤਾਲ ਵਿਚ ਦਿਲ ਦੇ ਆਪਰੇਸ਼ਨ ਮੌਕੇ, ਲੰਮੀ ਯਾਤਰਾ ਤੇ ਤੁਰ ਗਿਆ ਤਾਂ ਉਸ ਵਕਤ ਤੀਕ ਉਹ ਸਾਰੇ ਹੀ ਪ੍ਰਸਿੱਧ ਪੁਰਸਕਾਰ ਤੇ ਸਨਮਾਨ ਜਿੱਤ ਚੁੱਕਾ ਸੀ। ਲੋਟਿਸ ਪੁਰਸਕਾਰ (1969) ਲੈਨਿਨ ਪੀਸ ਪਰਾਈਜ਼ (1983) ਲਾਨਾਨ ਪੁਰਸਕਾਰ ਫਾਰ ਕਲਚਰਲ ਫਰੀਡਮ (2001) ਪ੍ਰਿੰਸ ਕਲਾਸ ਫੰਡ ਦੇ ਮੁੱਖ ਪੁਰਸਕਾਰ (2004) ਆਦਿ। ਮਰਾਕੋ ਦੇ ਬਾਦਸ਼ਾਹ ਨੇ "ਮਰਾਕਾਮ ਵਿਸਾਮ ਆਫ਼ ਇੰਟੀ ਲੈਕਚੂਆਲ ਮੈਰਿਟ" ਪੁਰਸਕਾਰ ਨਾਲ ਨਿਵਾਜਿਆ ਤੇ ਫਰਾਂਸੀਸੀ ਸਰਕਾਰ ਨੇ ਨਾਈਟ ਹੁੱਡ ਆਰਟਸ ਤੇ ਬੈਲੀਸ ਲੈਟਰੇਸ ਦਾ ਸਰਬ ਸ੍ਰੇਸ਼ਟ ਪੁਰਸਕਾਰ ਪ੍ਰਦਾਨ ਕਰਦਿਅ ਮਾਣ ਮਹਿਸੂਸ ਕੀਤਾ। ਉਸਦੀ ਦੋ ਵਾਰ ਸ਼ਾਦੀ ਹੋਈ, ਪਰ ਤਲਾਕ ਹੋ ਜਾਂਦਾ ਰਿਹਾ। ਦਰਵੇਸ਼ ਦਾ ਕੋਈ ਵੀ ਬੱਚਾ ਨਹੀਂ ਸੀ। ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਨੂੰ ਉਸਦੀ ਪਹਿਲੀ ਪਤਨੀ ਰਾਨਾ ਕਾਬਾਨੀ ਨੇ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਸੀ।

ਏਸੇ ਹੀ ਸਮੇਂ (2000 ਵਿਚ) ਅਜ਼ਰਾਈਲ ਦੀ ਸਿੱਖਿਆ ਵਜ਼ਾਰਤ ਨੇ ਦਰਵੇਸ਼ ਦੀਆਂ ਕਵਿਤਾਵਾਂ ਸਕੂਲਾਂ ਦੇ ਪਾਠਕ੍ਰਮ ਵਿਚ ਲਾਉਣ ਦੀ ਕੋਸ਼ਿਸ਼ ਕੀਤੀ, ਪਰ ਇਹ ਕਦਮ ਵਾਪਸ ਲੈਣਾ ਪਿਆ ਕਿਉਂਕਿ ਸੱਜ-ਪਿੱਛਾਖੜ ਨੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਕਿ ਦੇਸ਼ ਅਜੇ ਇਸ ਲਈ ਤਿਆਰ ਨਹੀਂ ਹੈ। ਹੁਣ ਦਰਵੇਸ਼ ਦੀ ਮੌਤ ਤੋਂ ਬਾਅਦ, ਇਜ਼ਰਾਈਲ ਦੀ ਸਰਕਾਰ ਨੇ ਇਸ ਵੱਲ ਫਿਰ ਧਿਆਨ ਦਿੱਤਾ ਹੈ। ਗੁੱਸ਼ ਸ਼ਾਲੋਮ ਜੋ ਸਿੱਖਿਆ ਮੰਤਰੀ ਹੈ, ਨੇ ਕਿਹਾ, "ਮਹਿਮੂਦ ਦਰਵੇਸ਼ ਸਾਡੇ ਵਿਚ ਹੀ ਜੰਮਿਆ ਸੀ ਤੇ ਉਹ ਇੱਕ ਅਜ਼ਰਾਈਲੀ ਨਾਗਰਿਕ ਵਾਂਗ ਵੱਡਾ ਹੋਇਆ ਸੀ। ਨਾ ਘੱਟ ਨਾ ਵੱਧ. ਇਹ ਹਕੀਕਤ ਕਿ ਅਜ਼ਰਾਈਲ ਦੀ ਸਟੇਟ ਆਪਣੀ ਇਸ ਰਚਨਾਤਮਿਕ ਪ੍ਰਤਿਭਾ ਨੂੰ ਕਈ ਦਹਾਕੇ ਜਲਾਵਤਨੀ ਵੱਲ ਧੱਕਕੇ ਉਸਨੂੰ ਆਪਣੇਪਨ ਦੀ ਭਾਵਨਾ ਨਹੀਂ ਦੇ ਸਕੀ। ਕੀ ਇਹ ਸਾਡੇ ਉੱਤੇ ਬਦਨਾਮੀ ਦਾ ਧੱਬਾ ਨਹੀਂ।"

### ਵਿਰੋਧਾਭਾਸੀ ਪਛਾਣ

ਜਦੋਂ ਦਰਵੇਸ਼ ਫਲਸਤੀਨੀ ਹੋਣ ਦੇ ਵਿਰੋਧਾਭਾਸ ਨੂੰ ਲੱਭਣ ਤੁਰਦਾ ਹੈ ਤਾਂ ਉਹ ਪਛਾਣ ਦੇ ਸਰਬ-ਵਿਆਪੀ ਸਰੋਕਾਰਾਂ ਨੂੰ ਵਰਤਦਾ ਹੈ। 'ਹੋਣ ਜਾਂ ਨਾ ਹੋਣ' ਦਾ ਇਹ ਵਿਰੋਧਾਭਾਸ ਦਰਵੇਸ਼ ਵਰਗੇ ਲਈ ਹੋਰ ਵੀ ਬੁਰਾ ਸੀ, ਜਦਕਿ ਉਹ ਅਜ਼ਰਾਈਲ ਵਿਚ ਰਹਿ ਰਿਹਾ ਸੀ। ਉਹ ਆਪਣੀ ਕਵਿਤਾ "ਮਿਊਰਲ" ਵਿਚ ਇਸ ਵਿਰੋਧਾਭਾਸੀ ਪਛਾਣ ਬਾਰੇ ਗੱਲ ਕਰਦਾ ਹੈ -

"ਜਦੋਂ ਵੀ ਮੈਂ ਆਪਣੇ ਆਪ ਦੀ ਤਲਾਸ਼ ਕਰਦਾ ਹਾਂ
ਮੈਂ ਦੂਸਰਿਆਂ ਨੂੰ ਲੱਭ ਲੈਂਦਾ ਹਾਂ
ਤੇ ਜਦੋਂ ਮੈਂ ਉਹਨਾਂ ਨੂੰ ਲੱਭਦਾ ਹਾਂ
ਤਾਂ ਮੈਂ ਆਪਣੇ ਆਪਨੂੰ ਅਜਨਬੀ ਪਾਉਂਦਾ ਹਾਂ
ਇਸ ਲਈ ਮੈਂ ਇਕੱਲਾ ਹੀ ਭੀੜ ਹਾਂ।"

ਇਸ ਕਵਿਤਾ ਦੀ ਅੰਤ੍ਰੀਵਤਾ (Interiority) ਉਸਦੀ ਪਹਿਲੀ ਹੱਠਧਰਮੀ ਵਾਲੀ ਕਵਿਤਾ.



"ਪਛਾਣ ਪੱਤਰ" ਦੀ ਸੁਰ ਨੂੰ ਬਿਲਕੁਲ ਹੀ ਵੱਖਰਾ ਬਣਾ ਦਿੰਦੀ ਹੈ -

ਲਿਖ ਲਓ ਰਿਕਾਰਡ ਵਿਚ
ਕਿ ਮੈਂ ਇਕ ਅਰਬ ਹਾਂ
ਤੇ ਮੇਰੇ ਕਾਰਡ ਦਾ ਨੰਬਰ ਪੰਜਾਹ ਹਜ਼ਾਰ ਹੈ
ਮੇਰੇ ਅੱਠ ਬੱਚੇ ਹਨ
ਤੇ ਗਰਮੀਆਂ ਪਿੱਛੋਂ ਨੌਵਾਂ ਜਨਮ ਲੈਣ ਵਾਲਾ ਹੈ
ਮੇਰੇ ਨਾਲ ਔਖੇ ਹੋਣ ਵਾਲੀ, ਕਿਹੜੀ ਬਾਤ ਹੈ?

ਅਰਬ ਕੌਣ ਸੀ? ਇਸ ਵਿਸ਼ੇ ਬਾਰੇ ਦਰਵੇਸ਼ ਦੀ ਬੜੀ ਖੁੱਲੀ ਧਾਰਨਾ ਸੀ, ਇਹ ਉਸ ਲਈ ਕਦੇ ਵੀ ਸੰਕੀਰਨ ਪਛਾਣ ਨਹੀਂ ਸੀ, ਸਗੋਂ ਦੂਜਿਆਂ ਲਈ ਸਦਾ ਹੀ, ਉਹ ਅਨੇਕਤਾ ਸੀ, ਜੋ ਖੁੱਲੀ ਸੀ। ਉਸਦੀ ਕਵਿਤਾ ਕਈ ਸੱਭਿਆਚਾਰਾਂ ਲਈ ਇੱਕ ਵਾਰਤਾਲਾਪ ਸੀ ਅਤੇ ਇਸ ਵਿਚ ਉਹ ਇਸਲਾਮੀ, ਈਸਾਈ ਤੇ ਯਹੂਦੀ ਮਿੱਥਾਂ ਦੀ ਵਰਤੋਂ ਕਰਦਾ ਸੀ। ਮੁਨੀਰ ਆਕਾਸ਼ ਦਰਵੇਸ਼ ਦੀ (The Adam of two Edens) ਕਿਤਾਬ ਦੀ ਭੂਮਿਕਾ ਵਿਚ ਇਹ ਗੱਲ ਨੋਟ ਕਰਦਾ ਹੈ ਕਿ ਕਵੀ ਦਾ ਕਲਾਮ ਉਦੋਂ ਸਭ ਤੋਂ ਉੱਤਮ ਪ੍ਰਤੀਤ ਹੁੰਦਾ ਹੈ ਜਦੋਂ ਇਹ (W. B. Yeats) ਸੇਂਟ ਜੌਹਨ ਪਰਸੀ, ਸੁਰਰੀਆਲਿਸਟ, ਯੂਨਾਨੀ ਜਾਂ ਹੈਬਰੀਊ ਪ੍ਰਸੰਗਾਂ ਵਿਚ ਪੜ੍ਹਿਆ ਜਾਂਦਾ ਹੈ। ਉਹ ਦੱਸਦਾ ਹੈ ਕਿ ਕਿਵੇਂ ਦਰਵੇਸ਼ ਐਪਿਕ-ਆਫ-ਗਿਲਮਾਗੇਸ਼, ਬਾਈਬਲ ਦੀ ਲਿਖਤ ਬੁਕ-ਆਫ-ਜੀਰੀਮੀਆ, ਈਜਿਪਸ਼ੀਅਨ ਬੁੱਕ ਆਫ਼ ਡੈੱਡ ਤੇ ਮਿਸਾਲ ਵਜੋਂ "ਦਾ ਡਸੈਂਟ-ਆਫ-ਈਸ਼ਤਾਰ-ਟੂ-ਦਾ ਨੀਥਰ ਵਰਲਡ" ਵਿਚ ਭਿੰਨ-ਭਿੰਨ ਪਰੰਪਰਾਵਾਂ ਦੀ ਵਰਤੋਂ ਕਰਦਾ ਹੈ। ਐਪਰ ਇਹ ਉਸਦੀ ਉਚਿਤ ਆਜ਼ਾਦ-ਖ਼ਿਆਲੀ ਸੀ, ਕਿਉਂਕਿ ਉਹ ਮਿੱਥ ਤੇ ਪਰੰਪਰਾਵਾਂ ਨੂੰ ਸਿਮਲਿਤ ਕਰਨ ਨਾਲ, (ਜੋ ਕਿ ਅਲੰਕਾਰਕ ਰੂਪ ਵਿਚ ਗੱਲ ਕਰਦੀਆਂ ਹਨ) ਫਲਸਤੀਨੀ ਪਛਾਣ (Identity) ਦੀਆਂ ਪਰਤਾਂ ਦੀ ਤਲਾਸ਼ ਕਰ ਰਿਹਾ ਸੀ। ਜਲਾਵਤਨ ਹੋਏ ਕਵੀ ਦੀ ਕਲਪਨਾ ਵਿਚ ਅਮਰੀਕਨ ਦੇਸ਼ਵਾਸੀ ਦਾ ਅਨੁਭਵ ਵੀ ਫਲਸਤੀਨੀ ਜਗਤ, ਦੇ ਪੁਨਰ-ਰੂਹਾਨੀਕਰਨ ਦਾ ਸੰਦ ਬਣ ਜਾਂਦਾ ਹੈ ਤੇ ਇਹ ਸੁਖਦਾਇਕ ਤਜਰਬਾ ਹੈ, ਜਿਵੇਂ ਕਿ ਉਸਦੀ ਮਹਾ-ਕਾਵਿਕ ਪੱਧਰ ਦੀ ਕਵਿਤਾ 'Indian Speach' ਵਿਚੋਂ ਦਿਖਾਈ ਦਿੰਦਾ ਹੈ ਜਿਸਦਾ ਕਿ Literature and Nation in the middle east ਵਿਚ ਜੇ ਕਰਿਸਟਨ ਅਰਬਾਨ ਨੇ ਵਧੀਆ ਢੰਗ ਨਾਲ ਵਿਸ਼ਲੇਸ਼ਣ ਕੀਤਾ ਹੈ। ਇਹ ਐਪਿਕ (ਮਹਾਂ-ਕਾਵਿਕ ਰਚਨਾ) ਕਬਜ਼ੇ ਅਧੀਨ ਜੀਵਨ ਦੇ ਯਥਾਰਥ ਨੂੰ, ਜੋ ਕਿ ਪੱਕਾ ਕਬਜ਼ਾ ਹੀ ਬਣਦਾ ਜਾਂਦਾ ਹੈ, ਨੂੰ ਪੇਸ਼ ਕਰਦੀ ਹੈ ਤੇ ਜਿਹੜਾ ਕਿ ਫਲਸਤੀਨੀ ਲੋਕਾਂ ਦੇ ਇਤਿਹਾਸਕ ਯਥਾਰਥ ਲਈ ਖ਼ਤਰਾ ਪੈਦਾ ਕਰ ਰਿਹਾ ਹੈ ਤੇ ਜਿਹੜੀ ਰਚਨਾ ਮਨੁੱਖ ਦੀ ਸਰਬ-ਵਿਆਪੀ ਸਥਿਤੀ ਨੂੰ ਪ੍ਰਤੀਬਿੰਬਤ ਕਰਦੀ ਹੈ।

ਹਵਾਵਾਂ ਸਾਡੇ ਆਦਿ ਤੇ ਅੰਤ ਦਾ ਹਾਲ ਦੱਸਣਗੀਆਂ
ਭਾਵੇਂ ਸਾਡੇ ਵਰਤਮਾਨ ਵਿਚੋਂ ਲਹੂ ਵਗਦਾ ਹੈ
ਸਾਡੇ ਦਿਨ
ਬੀਰ-ਗਾਥਾ ਦੀ ਰਾਖ ਵਿਚ ਦਫਨ ਹਨ
ਅਜੀਬ ਹੈ, ਜੋ ਕੁਝ ਅਜਨਬੀ ਦੱਸਦਾ ਹੈ
ਉਹ ਸਾਡੇ ਬੱਚਿਆਂ ਤੇ ਤਿਤਲੀਆਂ ਦਾ
ਸ਼ਿਕਾਰ ਖੇਡਦਾ ਹੈ

ਐ ਅਜਨਬੀ!
ਤੂੰ ਸਾਡੀ ਬਗੀਚੀ ਲਈ
ਕੀ ਕੌਲ-ਕਰਾਰ ਕਰਦਾ ਹੈਂ?
ਕੀ ਤੂੰ ਕਰ ਸਕਦਾ ਹੈਂ?
ਕੀ ਪਿੱਤਲ ਦੇ ਫੁੱਲ ਸਾਰਿਆਂ ਨਾਲੋਂ ਸੁਹਣੇ ਹਨ?
ਤੇਰੀ ਕੀ ਇੱਛਾ ਹੈ
ਕੀ ਤੈਨੂੰ ਪਤਾ ਹੈ?
ਹਿਰਨ ਉਹ ਘਾਹ ਨਹੀਂ ਖਾਵੇਗਾ
ਜੋ ਸਾਡੇ ਲਹੂ ਨਾਲ ਰੰਗਿਆ ਹੋਇਆ ਹੈ।

ਤੇ ਇੰਡੀਅਨ ਸਥਾਨਕ-ਵਾਸੀ ਦੀ ਪ੍ਰਾਰਥਨਾ ਹੈ

ਲੈ ਜਾ, ਜੋ ਵੀ ਰਾਤ ਦਾ
ਤੈਨੂੰ ਚਾਹੀਦਾ ਹੈ
ਪਰ ਸਾਡੇ ਦਫਨਾਉਣ ਲਈ
ਕੁਝ ਸਿਤਾਰੇ ਛੱਡ ਜਾ
ਸਾਡੇ ਅਰਸ਼ੀ ਮੁਰਦੇ
ਲੈ ਜਾ, ਜੋ ਵੀ ਤੂੰ
ਸਮੁੰਦਰ ਵਿਚੋਂ ਲਿਜਾਣਾ ਚਾਹੁੰਦਾ ਹੈ
ਪਰ ਸਾਡੇ ਲਈ ਕੁਝ ਲਹਿਰਾਂ ਛੱਡ ਜਾ
ਮੱਛੀਆਂ ਪਕੜਨ ਲਈ
ਧਰਤੀ ਦਾ ਸਾਰਾ ਸੋਨਾ
ਤੇ ਸੂਰਜ ਵੀ ਲੈ ਜਾ
ਪਰ ਸਾਡੇ ਲਈ ਸਾਡੇ ਨਾਵਾਂ ਦੀ
ਧਰਤੀ ਛੱਡ ਜਾ
ਫਿਰ ਵਾਪਸ ਪਰਤ ਜਾ
ਐ ਅਜਨਬੀ!
ਆਪਣੀ ਤਲਾਸ਼ ਜਾਰੀ ਰੱਖਣ ਲਈ
ਫੇਰ ਮੁੜ ਭਾਰਤ ਲਈ।

ਤੇ ਉਨ੍ਹਾਂ ਨੂੰ ਚੇਤੇ ਹੈ,
ਅਸੀਂ ਆਪਣੇ ਪਿਆਰਿਆਂ ਦੀ
ਯਾਦ ਨੂੰ ਸੰਭਾਲ ਕੇ ਰੱਖਦੇ ਹਾਂ
ਤੇਲ ਤੇ ਲੂਣ ਵਾਂਗ ਮਰਦਬਾਨਾ ਵਿਚ ਪਾ ਕੇ



ਕੀਹਨਾਂ ਦੇ ਨਾਂ?
ਅਸੀਂ ਪਾਣੀ ਦੇ ਪਿੰਦਿਆਂ
ਦੇ ਪਰਾਂ ਨਾਲ ਬੰਨ੍ਹੇ ਸੀ?
ਗੁਲਾਮ ਚਾਹੁੰਦੇ ਹਨ
ਕਿ ਹਵਾ ਕੋਲ ਬੰਸਰੀ ਹੋਵੇ
ਤਾਂਕਿ ਉਹ ਜ਼ਖ਼ਮੀ ਥਾਂ ਦੇ ਲੋਕਾਂ ਲਈ
ਰੋ ਸਕੇ
ਤੇ ਕੱਲ੍ਹ ਨੂੰ ਤੁਹਾਡੇ ਲਈ ਵੀ ਰੋਵੇ।

ਉਹ ਉਸ ਵੇਲੇ ਨੂੰ ਚੇਤੇ ਕਰਦੇ ਹਨ,
ਜਦੋਂ ਅਮਰੀਕਾ ਵਿਚ ਪ੍ਰਫੁੱਲਤ ਹੋਏ ਸੀ
ਇਨਫਲੂਐਜਾ, ਫਰਾਂਸੀਸੀ ਵਾਈਨ ਤੇ ਅੰਗਰੇਜ਼ੀ ਬੰਦੂਕਾਂ
ਦੇ ਹਮਲੇ ਦੇ ਸਾਹਮਣੇ
ਜ਼ੁਬਾਨੀ ਕਲਾਮੀ ਆਪਣੇ ਇਤਿਹਾਸ ਨੂੰ ਚੇਤੇ ਕਰਦੇ
ਅਸੀਂ ਤੁਹਾਨੂੰ ਨਿਰਛਲਤਾ ਦੀਆਂ ਲਹਿਰਾਂ ਦਿੱਤੀਆਂ
ਤੇ ਫਲ
ਪਰ ਤੁਹਾਡਾ ਆਪਣਾ ਖ਼ੁਦਾ ਹੈ
ਤੇ ਸਾਡਾ ਆਪਣਾ

ਇਹ ਕਵਿਤਾ ਘ੍ਰਿਣਾ ਨੂੰ ਪਾਰ ਕਰਕੇ, ਇੱਕਜੁਟਤਾ ਦੀ ਇੱਛਾ ਪ੍ਰਗਟ ਕਰਦੀ ਹੈ ਤੇ ਵਿਭਿੰਨਤਾ ਨੂੰ ਖਰੀ ਤਰ੍ਹਾਂ ਪ੍ਰਵਾਨ ਕਰਦੀ ਹੈ। ਇਹ ਖ਼ਿਆਲੀ ਰਾਜਸੀ ਹੱਲਾਂ ਤੋਂ ਪਾਸੇ ਹੀ ਰਹਿੰਦੀ ਹੈ ਤੇ ਇਸ ਵਿਚੋਂ ਦੀ ਲੰਘਦੇ ਅਸੀਂ ਏਕਤਾ ਦੀ ਸਮਰੱਥ ਦੁਨੀਆਂ ਵਿਚ ਇੱਕ ਜੁਟ ਜੀਵ ਬਣ ਜਾਂਦੇ ਹਾਂ। ਦਰਵੇਸ਼ ਨੇ ਅਰਬੀ ਕਵਿਤਾ ਵਿਚ ਇਕ ਨਵੇਂ ਕਾਵਿ-ਸ਼ਾਸਤਰ ਨੂੰ ਜਨਮ ਦਿੱਤਾ। ਸਥਾਨ ਤੇ ਪੁਲਾੜ ਦੇ ਕਾਵਿ-ਸ਼ਾਸਤਰ ਨੂੰ। ਇਹ ਕਵਿਤਾ ਤੀਬਰ ਤੇ ਰਾਗਾਤਮਿਕ ਹੈ ਤੇ ਫਲਸਤੀਨੀ ਥਾਵਾਂ, ਬਿਰਖਾਂ, ਮਿੱਟੀ, ਪਸ਼ੂਆਂ, ਖੁਰਾਕ ਤੇ ਸੁਗੰਧਾਂ ਨੂੰ ਬੜੀ ਸਾਵਧਾਨੀ ਨਾਲ ਚਿੱਤਰਦੀ ਹੈ। ਦਰਵੇਸ਼ ਦੀ ਕਵਿਤਾ, "ਧਰਤੀ ਦੀ ਕਵਿਤਾ" ਐਪਿਕ ਵਿਚ, ਸੂਫ਼ੀ ਪ੍ਰੇਮ ਦੀਆਂ ਅਰਬੀ ਰਵਾਇਤਾਂ ਨੂੰ ਸ਼ਕਤੀਸ਼ਾਲੀ ਤਰੀਕੇ ਨਾਲ ਵਰਤੋਂ ਵਿਚ ਲਿਆਉਂਦੀ ਹੈ। ਪੰਜ ਵਿਦਿਆਰਥੀ ਕੁੜੀਆਂ ਦੇ ਅਜ਼ਰਾਈਲੀ ਫੌਜ ਹੱਥੋਂ 30 ਮਾਰਚ 2001 ਨੂੰ ਕਤਲ ਕੀਤੇ ਜਾਣ ਨੂੰ ਯਾਦ ਕਰਦੇ ਹੋਏ ਜੋ ਕਿ ਫਲਸਤੀਨੀ ਦਿਵਸ ਸਮੇਂ ਮਾਰੀਆਂ ਗਈਆਂ ਸਨ, ਉਹ ਬੜੀ ਸ਼ਾਨ ਨਾਲ ਅਲੰਕਾਰ ਨੂੰ ਧਰਤੀ ਤੋਂ ਬੂਟੇ ਤੇ ਬੂਟਿਆਂ ਤੋਂ ਲੜਕੀਆਂ ਦੇ ਲਹੂ ਤੀਕ ਲੈ ਜਾਂਦਾ ਹੈ -

ਮਾਰਚ ਦੇ ਮਹੀਨੇ ਵਿਚ
ਵਿਦਰੋਹ ਦੇ ਸਾਲ ਸਮੇਂ
ਧਰਤੀ ਨੇ ਸਾਨੂੰ ਲਹੂ ਦੇ ਭੇਤ ਦੱਸੇ
ਮਾਰਚ ਦੇ ਮਹੀਨੇ ਵਿਚ
ਪ੍ਰਾਇਮਰੀ ਸਕੂਲ ਦੇ ਗੇਟ ਸਾਹਮਣੇ

ਸੁਰਖ਼ ਫੁੱਲਾਂ ਨੂੰ ਲੰਘ ਕੇ
ਰਫਲਾਂ ਨੂੰ ਲੰਘ ਕੇ
ਲਾਟ ਬਣਕੇ ਫੁੱਟ ਗਈਆਂ
ਗੁਲਾਬ ਦੇ ਫੁੱਲਾਂ ਨਾਲ
ਅਜਵੈਣ ਾਲ
ਉਹਨਾਂ ਮਿੱਟੀ ਦਾ ਗੀਤ ਗਾਇਆ
ਤੇ ਧਰਤੀ ਵਿਚ ਉਤਰ ਗਈਆਂ
ਭੋਏਂ ਤੇ ਮਾਰਚ ਦਾ ਮਹੀਨਾ ਆਉਂਦਾ ਹੈ
ਧਰਤੀ ਦੀ ਡੂੰਘਾਈ ਵਿਚੋਂ
ਕੁੜੀਆਂ ਦਾ ਨਾਚ ਜਨਮ ਲੈਂਦਾ ਹੈ
ਜਾਮਣੀ ਰੰਗ ਦੇ ਫੁੱਲ ਕੁਝ ਝੁਕ ਗਏ ਨੇ
ਤਾਂਕਿ ਕੁੜੀਆਂ ਦੀ ਆਵਾਜ਼ਾਂ
ਉਹਨਾਂ ਤੋਂ ਪਾਰ ਲੰਘ ਸਕਣ।
ਪਰਿੰਦਿਆਂ ਨੇ ਆਪਣੀਆਂ ਚੁੰਝਾਂ
ਮੇਰੇ ਦਿਲ ਅਤੇ ਗੀਤ ਵੱਲ ਨੂੰ ਚੁੱਕੀਆਂ ਹਨ।

ਦਰਵੇਸ਼ ਵਾਸਤੇ, ਜਿਹੜਾ ਕਿ ਆਪਣੀਆਂ ਜੜ੍ਹਾਂ ਤੇ ਆਪਣੀ ਮਾਂ-ਭੂਮੀ ਦੇ ਖੁੱਸਣ ਪ੍ਰਤੀ ਦੁਖਾਂਤਕ ਹੱਦ ਤੀਕ ਚੇਤੰਨ ਸੀ, ਅਲੰਕਾਰ ਇੱਕ ਜੋੜਨ ਵਾਲੀ ਸ਼ਕਤੀ ਬਣ ਗਿਆ, ਜੋ ਜਾਦੂ ਭਰੇ ਢੰਗ ਨਾਲ ਆਪਣੇ ਪ੍ਰਮਾਣੂ-ਪਰਿਵਰਤਨ ਨੂੰ ਪੁਨਰ-ਸਿਰਜਿਤ ਕਰਦਾ ਹੈ, ਇਹੀ ਅਲੰਕਾਰ ਸ਼ਕਤੀਹੀਣਾਂ ਲਈ ਸ਼ਕਤੀ ਵਾਰ ਲਾਂਘਾ ਬਣ ਗਿਆ ਤੇ ਬੇ-ਘਰਿਆਂ ਲਈ ਘਰ ਬਣ ਗਿਆ। ਉਹਨਾਂ ਨੇ ਸਰੋਦੀ ਤੌਰ ਤੇ ਉਸ ਦੀ ਮਾਂ-ਧਰਤੀ ਦੇ ਹਰ ਕੋਨੇ ਨੂੰ ਗਲੇ ਲਾ ਲਿਆ ਤੇ ਇਹਨਾਂ ਰਾਹੀਂ ਕਵੀ ਨੇ ਗਵਾਚੇ ਫਲਸਤੀਨ ਨੂੰ ਕਲਾਤਮਿਕ ਤੌਰ ਤੇ ਮੁੜ ਸਿਰਜ ਲਿਆ। ਉਸਦੇ ਸਰੋਦੀ ਜਗਤ ਵਿਚ ਪੱਥਰ, ਹਵਾ ਬਣ ਜਾਂਦਾ ਹੈ ਤੇ ਜੇਲ੍ਹ ਫੁੱਲ ਜਾਂਦੇ ਹਨ।

ਹੇਠ ਲਿਖੀਆਂ ਕਾਵਿ-ਪੰਗਤੀਆਂ ਵਿਚ ਬੜਾ ਤਿੱਖਾ ਵਿਅੰਗ ਹੈ -

ਸਾਡਾ ਦੇਸ਼ ਸ਼ਬਦਾਂ ਦਾ ਦੇਸ਼ ਹੈ
ਗੱਲਾਂ ਕਰੀ ਜਾਓ, ਕਰੀ ਜਾਓ,
ਮੇਰੀ ਸੜਕ ਨੂੰ ਚੱਟਾਨ ਲਾਗੇ ਆਰਾਮ ਕਰਨ ਦਿਓ

ਇਹੀ ਵਿਅੰਗ ਹੇਠ ਲਿਖੀਆਂ ਸਤਰਾਂ ਵਿਚ ਹੈ -

ਉਹਨਾਂ ਨੇ ਉਸਦਾ ਮੂੰਹ
ਹੱਥ-ਕੜੀਆਂ ਨਾਲ ਭਰ ਦਿੱਤਾ
ਤੇ ਉਸਦੇ ਹੱਥਾਂ ਨੂੰ ਮੁਰਦੇ ਦੀ ਚੱਟਾਨ ਨਾਲ ਬੰਨ੍ਹ ਦਿੱਤਾ
ਉਹਨਾਂ ਕਿਹਾ, "ਤੂੰ ਕਾਤਲ ਹੈਂ।"



ਉਹਨਾਂ ਉਸਦੇ ਕੱਪੜੇ, ਉਸਦਾ ਭੋਜਨ
ਤੇ ਉਸਦੇ ਝੰਡੇ ਖੋਹ ਲਏ,
ਤੇ ਉਸਨੂੰ ਮੁਰਦਿਆਂ ਦੇ ਖੂਹ ਵਿਚ ਸੁੱਟ ਦਿੱਤਾ
ਉਹਨਾਂ ਆਖਿਆ, "ਤੂੰ ਚੋਰ ਹੈਂ"
ਉਹਨਾਂ ਉਸਨੂੰ ਹਰ ਬੰਦਰਗਾਹ ਤੋਂ
ਬਾਹਰ ਸੁੱਟ ਦਿੱਤਾ
ਤੇ ਉਸਦੀ ਨੌਜਵਾਨ ਪ੍ਰੇਮਿਕਾ ਨੂੰ
ਚੁੱਕ ਕੇ ਲੈ ਗਏ
ਤੇ ਫਿਰ ਉਹਨਾਂ ਆਖਿਆ
"ਤੂੰ ਸ਼ਰਨਾਰਥੀ ਹੈਂ।"

"ਘੇਰੇ ਦੀ ਹਾਲਤ" ਕਵਿਤਾ ਵਿਚ ਉਹ ਕਵਿਤਾ ਦੀ ਪਰਿਭਾਸ਼ਾ ਦਿੰਦਾ ਹੈ -

ਕਵਿਤਾ ਉੱਤੇ ਭਰੋਸਾ ਨਾ ਕਰੀਂ
ਇਹ ਗੈਰ ਹਾਜ਼ਰੀ ਦੀ ਧੀ ਹੈ
ਇਹ ਨਾਂ ਦਿੱਭ-ਦ੍ਰਿਸ਼ਟੀ ਹੈ
ਨਾ ਖ਼ਿਆਲ
ਸਗੋਂ ਡੂੰਮ੍ਹ, (Abyss) ਦੀ ਸਮਝ ਹੈ।

ਕਵਿਤਾਵਾਂ ਦੀ ਉਸਦੀ ਵੀਹਵੀਂ ਪੁਸਤਕ 'ਮਿਊਰਲ" ਦੀਆਂ ਨਜ਼ਮਾਂ ਵਿਚਲੀ ਸੁਰ ਚਿੰਤਨ ਮੁਖੀ ਹੈ। ਏਥੇ ਉਹ ਅਨੰਤਤਾ ਬਾਰੇ ਸੋਚਦਾ ਹੈ -

ਮੇਰੇ ਲਈ ਕੋਈ ਵੀ ਯੁਗ ਕਾਫੀ ਨਹੀਂ ਹੈ
ਮੇਰੇ ਅੰਤ ਨੂੰ ਖਿੱਚ ਕੇ ਆਰੰਭ ਵਿਚ ਲਿਆਉਣਾ।

ਪਰ ਮੁੱਢਲੀਆਂ ਕਵਿਤਾਵਾਂ ਦਾ ਜਜ਼ਬਾ (2001-2002) ਵਾਲੀਆਂ ਕਵਿਤਾਵਾਂ ਵਿਚ ਵਾਪਸ ਪਰਤਦਾ ਹੈ। ਜਿਵੇਂ ਕਿ 'ਮੁਹੰਮਦ', 'ਕੁਰਬਾਨੀ' ਤੇ 'ਘੇਰੇ ਦੀ ਸਥਿਤੀ'। 'ਘੇਰੇ ਦੀ ਸਥਿਤੀ' ਕਵਿਤਾ ਵਿਚ ਉਹ ਫਲਸਤੀਨ ਦੀ ਸਟੇਟ ਨੂੰ ਡੂੰਘੇ ਬਿੰਬਾਂ ਵਿਚ ਪਕੜਨ ਦੀ ਕੋਸ਼ਿਸ਼ ਕਰਦਾ ਹੈ -

ਘੇਰਾ-ਬੰਦੀ ਉਡੀਕ ਦਾ ਸਮਾਂ ਹੁੰਦਾ ਹੈ
ਉਲਾਰ ਹੋਈ ਪੌੜੀ ਉੱਤੇ ਉਡੀਕਣਾ
ਤੂਫਾਨ ਦੇ ਅੱਧ-ਵਿਚਕਾਰ
ਜਾਂ ਜਿਵੇਂ ਇੱਕ ਔਰਤ ਨੇ ਬੱਦਲ ਨੂੰ ਪੁੱਛਿਆ -
ਕਿਰਪਾ ਕਰਕੇ ਮੇਰੇ ਪ੍ਰੇਮੀ ਨੂੰ
ਜੱਫੀ ਵਿਚ ਘੁੱਟ ਲੈ
ਮੇਰੇ ਕੱਪੜੇ ਉਸਦੇ ਲਹੂ ਨਾਲ
ਗੜੁੱਚ ਨੇ
ਜੇ ਤੂੰ ਮੀਂਹ ਵਾਂਗ ਨਾ ਵਰ੍ਹਿਆ

ਮੇਰੇ ਪਿਆਰੇ!
ਸਲਾਬ ਨਾਲ ਗੜੁੱਚ ਬਿਰਖ ਬਣ ਜਾਓ
ਪੱਥਰ ਬਣ ਜਾਓ
ਜੇ ਤੁਸੀਂ ਪੱਥਰ ਨਹੀਂ ਬਣੋਗੇ
ਮੇਰੇ ਪਿਆਰੇ!
ਚੰਦ ਬਣ ਜਾਓ
ਪਿਆਰੇ ਦੇ ਸੁਪਨਿਆਂ ਵਿਚਲਾ ਚੰਦ
ਇੰਝ ਕਿਹਾ, ਇੱਕ ਔਰਤ ਨੇ
ਆਪਣੇ ਪੁੱਤਰ ਨੂੰ
ਸਸਕਾਰ ਵੇਲੇ।"

ਕਵੀ ਦਰਵਾਜ਼ਿਆਂ ਵਿਚ ਖਲੋਤੇ ਲੋਕਾਂ ਨੂੰ ਅੰਦਰ ਆਉਣ ਤੇ ਪੀਣ ਲਈ ਆਖਦਾ ਹੈ

ਅਰਬੀ ਕਾਫ਼ੀ ਪੀਓ, ਮੇਰੇ ਲੋਕਾਂ ਨਾਲ
ਤਾਂਕਿ ਉਹਨਾਂ ਨੂੰ ਦੁਬਾਰਾ ਯਕੀਨ ਹੋ ਜਾਵੇ
ਕਿ ਅਰਬ ਲੋਕ ਵੀ ਉਹਨਾਂ ਵਰਗੇ ਹੀ ਹਨ।

ਆਸਟਰੀਆ ਵਿਚ ਪ੍ਰਿੰਸ ਕਲਾਸ ਫੰਡ ਦਾ ਪੁਰਸਕਾਰ ਲੈਂਦੇ ਹੋਏ ਉਸਨੇ ਪ੍ਰਵਾਨਗੀ ਤਕਰੀਰ ਵਿਚ ਕਿਹਾ ਸੀ -

ਇੱਕ ਆਦਮੀ, ਇੱਕ ਹੀ ਥਾਂ ਉੱਤੇ ਇੱਕ ਹੀ ਵਾਰ ਜਨਮਦਾ ਹੈ। ਪਰ ਉਹ ਹੋਰ ਕਈ ਥਾਵਾਂ ਉੱਤੇ ਕਈ ਵਾਰ ਮਰਦਾ ਹੈ। ਜਲਾਵਤਨੀ ਵਿਚ ਅਤੇ ਜੇਲ੍ਹਾਂ ਵਿਚ ਜਾਂ ਉਸ ਮਾਂ-ਧਰਤੀ ਉੱਤੇ, ਜੋ ਜ਼ੁਲਮ ਤੇ ਕਬਜ਼ੇ ਦੇ ਭਿਆਨਕ ਸੁਪਨੇ ਵਿਚ ਬਦਲ ਜਾਂਦੇ ਹਨ। ਸ਼ਾਇਦ ਕਵਿਤਾ, ਉਹ ਚੀਜ਼ ਹੈ ਜੋ ਸਾਨੂੰ ਸੁੰਦਰ ਭੁਲੇਖਿਆਂ ਨੂੰ ਪਾਲਣ ਦੀ ਸਿੱਖਿਆ ਦਿੰਦੀ ਹੈ। ਹੁਣ ਸਾਡੇ ਵਿਚ ਬਾਰ-ਬਾਰ ਜਨਮਦੀ ਤੇ ਉਹ ਸ਼ਬਦ ਵਰਤਦੀ ਹੈ ਜਿਹਨਾਂ ਨਾਲ ਇੱਕ ਬਿਹਤਰ ਕਾਲਪਨਿਕ ਸੰਸਾਰ ਦਾ ਨਿਰਮਾਣ ਹੁੰਦਾ ਹੈ। ਜਿਹੜਾ ਸਾਨੂੰ ਜੀਵਨ ਨਾਲ ਸਦੀਵੀਂ ਤੇ ਵਿਸਤਰਿਤ ਅਮਨ ਦਾ ਸਮਝੌਤਾ ਕਰਨ ਦੇ ਕਾਬਿਲ ਬਣਾਉਂਦਾ ਹੈ।

ਨੋਟ :- ਲੇਖਕ ਮਲਿਆਲਮ ਭਾਸ਼ਾ ਦਾ ਪ੍ਰਸਿੱਧ ਕਵੀ ਹੈ ਜੋ ਇੱਕ ਤੋਂ ਵੱਧ ਭਾਸ਼ਾਵਾਂ ਵਿਚ ਲਿਖਦਾ ਹੈ ਅਤੇ ਜੋ ਭਾਰਤੀ ਸਾਹਿਤ ਅਕਾਦਮੀ ਦਾ ਸਕੱਤਰ ਵੀ ਰਹਿ ਚੁੱਕਾ ਹੈ।

(ਅੰਗਰੇਜ਼ੀ ਵਿਚੋਂ ਅਨੁਵਾਦ ਹ. ਸ. ਹ.)

**ਤੇਰਾ ਸਿੰਘ ਚੰਨ ਦੀ ਮੌਤ ਨਾਲ ਟਿਪਟਾ ਦਾ ਮੋਢੀ ਨਾਟਕਕਾਰ ਪ੍ਰਗਤੀਸ਼ੀਲ ਸ਼ਾਇਰ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਿੰਦ-ਜਾਨ ਤੇ ਨੀਂਹ ਰੱਖਣ ਵਾਲਾ ਜਥੇਬੰਦਕ ਸੁਹਿਰਦ ਆਗੂ ਸਾਥੋਂ ਸਦੀਵੀਂ ਤੌਰ ਤੇ ਵਿਛੜ ਗਿਆ ਹੈ। ਅਸੀਂ ਦੁਖੀ ਪਰਿਵਾਰ ਦੇ ਦੁੱਖ ਵਿਚ ਸ਼ਾਮਿਲ ਹਾਂ। - ਸੰਪਾਦਕੀ ਮੰਡਲ**



ਵਿਸ਼ਵ ਕਵਿਤਾ
ਫ਼ਲਸਤੀਨ

# ਸੋਗ ਗੀਤ

- ਮਹਿਮੂਦ ਦਰਵੇਸ਼

ਸਾਡੇ ਦੇਸ਼ ਵਿਚ
ਲੋਕ ਦੁੱਖਾਂ ਦੀ ਕਹਾਣੀ ਸੁਣਾਉਂਦੇ ਨੇ
ਮੇਰੇ ਮਿੱਤਰ ਦੀ
ਜੋ ਚਲਾ ਗਿਆ
ਤੇ ਫਿਰ ਨਹੀਂ ਪਰਤਿਆ।

ਉਸ ਦਾ ਨਾਂ .......
ਨਹੀਂ, ਉਸਦਾ ਨਾਮ ਮੱਤ ਲਵੋ
ਉਸ ਨੂੰ ਸਾਡੇ ਦਿਲਾਂ ਵਿਚ ਹੀ ਰਹਿਣ ਦਿਓ
ਰਾਖ਼ ਦੀ ਤਰ੍ਹਾਂ,
ਹਵਾ ਉਸਨੂੰ ਖਿੰਡਾ ਨਾ ਦੇਵੇ
ਉਸਨੂੰ ਸਾਡੇ ਦਿਲਾਂ ਵਿਚ ਹੀ ਰਹਿਣ ਦਿਓ
ਇਹ ਇੱਕ ਐਸਾ ਜ਼ਖ਼ਮ ਹੈ
ਜੋ ਕਦੇ ਭਰ ਨਹੀਂ ਸਕਦਾ।

ਮੇਰੇ ਪਿਆਰੇ!
ਮੇਰੇ ਪਿਆਰੇ ਯਤੀਮੋ
ਮੈਨੂੰ ਚਿੰਤਾ ਹੈ ਕਿ ਕਿਤੇ
ਉਸਦਾ ਨਾਮ ਅਸੀਂ ਭੁੱਲ ਨਾ ਜਾਈਏ
ਨਾਵਾਂ ਦੀ ਇਸ ਭੀੜ ਵਿਚ
ਮੈਨੂੰ ਭੈਅ ਹੈ ਕਿ
ਕਿਤੇ ਅਸੀਂ ਭੁੱਲ ਨਾ ਜਾਈਏ
ਸਿਆਲ ਦੀ ਇਸ ਬਰਸਾਤ ਤੇ
ਹਨੇਰੀ ਵਿਚ
ਸਾਡੇ ਦਿਲ ਦੇ ਜ਼ਖ਼ਮ ਕਿਤੇ ਸੌਂ ਨਾ ਜਾਣ
ਮੈਨੂੰ ਭੈਅ ਹੈ ਕਿ
ਉਸਦੀ ਉਮਰ .......
ਇੱਕ ਕਲੀ ਜਿਸਨੂੰ ਬਰਸਾਤ ਦੀ
ਯਾਦ ਤੱਕ ਨਹੀਂ
ਚਾਂਦਨੀ ਰਾਤ ਵਿਚ ਕਿਸੇ ਪ੍ਰੇਰਕਾ ਨੂੰ
ਪ੍ਰੇਮ ਦਾ ਗੀਤ ਵੀ ਨਹੀਂ ਸੁਣਾਇਆ
ਉਸਦੀ ਪ੍ਰੇਮਿਕਾ ਦੀ ਉਡੀਕ ਵਿਚ
ਘੜੀ ਦੀਆਂ ਸੂਈਆਂ ਤੀਕ
ਵੀ ਨਹੀਂ ਰੁਕੀਆਂ
ਅਸਫਲ ਰਹੇ ਉਸਦੇ ਹੱਥ,
ਦੀਵਾਰਾਂ ਦੇ ਕੋਲ ਉਹਨਾਂ ਲਈ
ਉਸ ਦੀਆਂ ਅੱਖਾਂ
ਉਦਾਸ ਇੱਛਾਵਾਂ ਵਿਚ ਕਦੇ ਨਹੀਂ
ਡੁੱਬੀਆਂ
ਉਸਨੇ ਕਦੇ ਕਿਸੇ ਲੜਕੀ ਨੂੰ
ਨਹੀਂ ਚੁੰਮਿਆ
ਉਹ ਕਿਸੇ ਲੜਕੀ ਨਾਲ ਨਹੀਂ
ਕਰ ਸਕਿਆ ਇਸ਼ਕਬਾਜ਼ੀ।

ਆਪਣੀ ਜ਼ਿੰਦਗੀ ਵਿਚ
ਸਿਰਫ਼ ਦੋ ਵਾਰ ਹਉਂਕੇ ਭਰੇ
ਇੱਕ ਲੜਕੀ ਲਈ
ਪਰ ਉਸਨੇ ਕਦੇ ਕੋਈ
ਖ਼ਾਸ ਧਿਆਨ ਹੀ ਨਹੀਂ ਦਿੱਤਾ
ਉਸ ਉੱਤੇ
ਉਹ ਬਹੁਤ ਛੋਟਾ ਸੀ
ਉਸਨੇ ਉਸਦਾ ਰਾਹ ਛੱਡ ਦਿੱਤਾ
ਜਿਵੇਂ ਆਸ ਦਾ।

ਸਾਡੇ ਦੇਸ਼ ਵਿਚ ਲੋਕ ਉਸਦੀ ਕਹਾਣੀ
ਸੁਣਾਉਂਦੇ ਨੇ
ਜਦੋਂ ਉਹ ਦੂਰ ਚਲਾ ਗਿਆ
ਉਸਨੇ ਮਾਂ ਤੋਂ ਵਿਦਾਇਗੀ ਨਹੀਂ ਲਈ
ਆਪਣੇ ਦੋਸਤਾਂ ਨੂੰ ਵੀ ਨਹੀਂ ਮਿਲਿਆ
ਕਿਸੇ ਨੂੰ ਕੁਝ ਕਹਿ ਕੇ ਨਹੀਂ ਗਿਆ
ਇੱਕ ਸ਼ਬਦ ਤੱਕ ਨਹੀਂ ਬੋਲਿਆ
ਤਾਂਕਿ ਕੋਈ ਭੈਅ ਭੀਤ ਨਾ ਹੋਵੇ
ਤਾਂਕਿ ਉਸਦੀ ਉਡੀਕਵਾਨ ਮਾਂ ਦੀਆਂ
ਲੰਮੀਆਂ ਰਾਤਾਂ ਕੁਝ ਸੌਖੀਆਂ ਲੰਘਣ
ਜੋ ਅੱਜ ਕੱਲ ਅਸਮਾਨ ਨਾਲ
ਗੱਲਾਂ ਕਰਦੀ ਰਹਿੰਦੀ ਹੈ
ਅਤੇ ਉਸ ਦੀਆਂ ਚੀਜ਼ਾਂ ਨਾਲ
ਉਸਦੇ ਤਕੀਏ
ਉਸਦੇ ਸੂਟਕੇਸ ਨਾਲ
ਬੇਚੈਨ ਹੋ ਕੇ ਉਹ ਆਖਦੀ ਕਹਿੰਦੀ ਹੈ,
ਐ ਰਾਤ! ਐ ਸਿਤਾਰਿਓ! ਐ ਖ਼ੁਦਾ!
ਐ ਬੱਦਲ!

ਕੀ ਤੂੰ ਮੇਰੀ ਉੱਡਦੀ ਚਿੜੀ ਨੂੰ ਵੇਖਿਆ ਹੈ
ਉਸ ਦੀਆਂ ਅੱਖਾਂ ਚਮਕਦੇ
ਸਿਤਾਰਿਆਂ ਵਰਗੀਆਂ ਨੇ
ਉਸਦੇ ਹੱਥ, ਫੁੱਲਾਂ ਦੀਆਂ
ਟਹਿਣੀਆਂ ਵਰਗੇ ਹਨ
ਉਸਦੇ ਦਿਲ ਵਿਚ
ਚੰਦ ਤੇ ਸਿਤਾਰੇ ਭਰੇ ਹੋਏ ਨੇ
ਉਸਦੇ ਵਾਲ
ਹਵਾਵਾਂ ਤੇ ਫੁੱਲਾਂ ਦੇ ਝੂਲਣੇ ਹਨ
ਕੀ ਤੂੰ ਉਸ ਮੁਸਾਫ਼ਰ ਨੂੰ ਵੇਖਿਆ ਹੈ
ਜੋ ਅਜੇ ਸਫ਼ਰ ਲਈ
ਤਿਆਰ ਹੀ ਨਹੀਂ ਸੀ
ਉਹ ਆਪਣਾ ਖਾਣਾ ਲੈਣ ਤੋਂ
ਬਿਨਾਂ ਚਲੇ ਗਿਆ
ਕੌਣ ਖਵਾਵੇਗਾ ਉਸਨੂੰ
ਜਦੋਂ ਉਸਨੂੰ ਭੁੱਖ ਲੱਗੇਗੀ?
ਕੌਣ ਉਸਦਾ ਸਾਥ ਦੇਵੇਗਾ
ਰਸਤੇ ਵਿਚ
ਬੇਗਾਨਿਆਂ ਤੇ ਖ਼ਤਰਿਆਂ ਵਿਚਕਾਰ
ਮੇਰੇ ਲਾਲ! ਮੇਰੇ ਲਾਲ!

ਐ ਰਾਤ! ਐ ਸਿਤਾਰਿਓ!
ਐ ਹਾਲੀਓ! ਐ ਬੱਦਲੋ!
ਕੋਈ ਤਾਂ ਉਸਨੂੰ ਆਖੋ

ਸਾਡੇ ਕੋਲ ਕੋਈ ਜਵਾਬ ਨਹੀਂ ਹੈ
ਬੜਾ ਵੱਡਾ ਹੈ ਇਹ ਜਖ਼ਮ
ਅੱਥਰੂਆਂ ਨਾਲ
ਦੁੱਖਾਂ ਨਾਲ
ਤਸੀਹਿਆਂ ਨਾਲ
ਨਹੀਂ ਬਰਦਾਸ਼ਤ ਕਰ ਸਕੇਂਗੀ ਤੂੰ
ਉਹ ਸੱਚਾਈ
ਕਿਉਂਕਿ ਤੇਰਾ ਬੱਚਾ ਮਰ ਚੁੱਕਾ ਹੈ
ਮਾਂ!
ਅਜਿਹੇ ਅੱਥਰੂ ਮੱਤ ਵਗਾ
ਕਿਉਂਕਿ ਅੱਥਰੂਆਂ ਦਾ ਇੱਕ
ਸੋਮਾ ਹੁੰਦਾ ਹੈ
ਉਹਨਾਂ ਨੂੰ ਬਚਾ ਕੇ ਰੱਖ ਸ਼ਾਮ ਲਈ
ਜਦ ਸੜਕਾਂ ਉੱਤੇ ਮੌਤ ਹੀ ਮੌਤ ਹੋਵੇਗੀ
ਜਦੋਂ ਇਹ ਭਰ ਜਾਣਗੀਆਂ ਤੇਰੇ
ਪੁੱਤਰ ਵਰਗੇ ਮੁਸਾਫਰਾਂ ਨਾਲ।

ਤੂੰ ਆਪਣੇ ਅੱਥਰੂ ਪੂੰਝ ਲੈ
ਤੇ ਨਿਸ਼ਾਨੀ ਵਜੋਂ ਸੰਭਾਲ ਕੇ ਰੱਖ
ਕੁਝ ਅੱਥਰੂਆਂ ਨੂੰ
ਆਪਣੇ ਪਿਆਰਿਆਂ ਦੇ ਸਿਮ੍ਰਿਤੀ-ਚਿੰਨ ਵਾਂਗੂੰ
ਉਹਨਾਂ ਸ਼ਰਨਾਰਥੀਆਂ ਦੇ ਸਿਮ੍ਰਿਤੀ-ਚਿੰਨ
ਦੀ ਤਰ੍ਹਾਂ
ਜੋ ਪਹਿਲਾਂ ਹੀ ਮਰ ਚੁੱਕੇ ਹਨ

ਮਾਂ ਆਪਣੇ ਅੱਥਰੂ ਮਤ ਵਹਾ
ਕੁਝ ਅੱਥਰੂ ਬਚਾ ਕੇ ਰੱਖ ਕੱਲ੍ਹ ਲਈ
ਸ਼ਾਇਦ ਉਸਦੇ ਪਿਤਾ ਦੇ ਲਈ
ਸ਼ਾਇਦ ਉਸਦੇ ਭਾਈ ਲਈ
ਸ਼ਾਇਦ ਮੇਰੇ ਲਈ, ਜੋ ਉਸਦਾ ਦੋਸਤ ਹੈ
ਅੱਥਰੂਆਂ ਦੀਆਂ ਦੋ ਬੂੰਦਾਂ
ਬਚਾ ਕੇ ਰੱਖ
ਕੱਲ ਵਾਸਤੇ, ਸਾਡੇ ਵਾਸਤੇ
ਸਾਡੇ ਦੇਸ਼ ਵਿਚ
ਲੋਕੀਂ ਮੇਰੇ ਦੋਸਤ ਬਾਰੇ
ਬਹੁਤ ਗੱਲਾਂ ਕਰਦੇ ਨੇ
ਉਂਝ ਉਹ ਗਿਆ ਸੀ
ਤੇ ਫਿਰ ਨਹੀਂ ਪਰਤਿਆ
ਵੈਸੇ ਉਸ ਨੇ ਆਪਣੀ ਜਵਾਨੀ
ਲਾ ਦਿੱਤੀ।

ਗੋਲੀਆਂ ਦੀਆਂ ਬੁਛਾੜਾਂ ਨੇ
ਉਸਦੇ ਚਿਹਰੇ ਤੇ ਛਾਤੀ ਨੂੰ
ਵਿੰਨ ਸੁੱਟਿਆ ਸੀ
ਬੱਸ ਹੋਰ ਮੱਤ ਆਖਣਾ
ਮੈਂ ਉਸ ਘਾਓ ਨੂੰ ਵੇਖਿਆ ਹੈ
ਮੈਂ ਉਸਦਾ ਅਸਰ ਵੇਖਿਆ ਹੈ
ਕਿੰਨਾ ਵੱਡਾ ਸੀ ਉਹ ਘਾਓ
ਮੈਂ ਆਪਣੇ ਦੂਸਰੇ ਬੱਚਿਆਂ ਬਾਰੇ
ਸੋਚ ਰਿਹਾ ਹਾਂ
ਤੇ ਹਰ ਉਸ ਔਰਤ ਬਾਰੇ
ਜੋ ਬੱਚਾ-ਗੱਡੀ ਲਈ ਚੱਲ ਰਹੀ ਹੈ।

ਦੋਸਤੋ ਇਹ ਮੱਤ ਪੁੱਛੋ
ਉਹ ਕਦੋਂ ਆਵੇਗਾ
ਬਸ ਇਹੋ ਪੁੱਛੋ
ਕਿ ਲੋਕ ਕਦੋਂ ਉੱਠਣਗੇ।

**ਪੰਜਾਬੀ ਅਨੁਵਾਦ - ਹ. ਸ. ਹ.**



ਪੰਜਾਬੀ ਕਹਾਣੀ

# ਜੀਵਨ ਦਾ ਯਥਾਰਥ

**- ਗੁਰਜੰਟ ਕਲਸੀ**

ਸੱਚੀ ਗੱਲ ਦੱਸਾਂ ਮੈਂ ਤੁਹਾਨੂੰ ਪਈ ਮੈਂ ਜੇ ਜੀਨੀ ਪਈ ਆਂ ਤਾਂ ਇਹ ਆਪਣੀ ਨਨਾਣ ਕੁੰਤੀ ਦੇ ਸਹਾਰੇ। ਨਹੀਂ ਤਾਂ ਮੈਂ ਕਦੋਂ ਦੀ ਇਸ ਘਰ ਨੂੰ ਅਲਵਿਦਾ ਕਹਿ ਜਾਣੀ ਸੀ। ਇਹ ਕੁੰਤੀ ਤਾਂ ਜਿਵੇਂ ਮੇਰੀ ਰੂਹ ਵਿਚ ਈ ਵੱਸ ਗਈ ਜਾਪਦੀ ਏ। ਅਸਲ ਵਿਚ ਕੁੰਤੀ ਮੈਨੂੰ ਵੱਡੀ ਭਰਜਾਈ ਘੱਟ ਤੇ ਆਪਣੀ ਮਾਂ ਵਧੇਰੇ ਸਮਝਦੀ ਏ। ਹਰ ਵੇਲੇ ਵੱਡੀ ਭਾਬੀ ਜੀ, ਵੱਡੀ ਭਾਬੀ ਜੀ ਕਰਦੀ ਰਹਿੰਦੀ ਏ। ਮਜ਼ਾਲ ਏ ਕਿਸੇ ਵੇਲੇ ਵੀ ਔਖੀ ਬੋਲੀ ਹੋਵੇ। ਜੇ ਮੈਂ ਕਦੇ ਵੱਧ-ਘੱਟ ਬੋਲ ਪਵਾਂ ਤਾਂ ਅੱਗੋਂ ਰੋਣ ਡਹਿ ਜਾਂਦੀ ਏ। ਮੈਂ ਗੋਹਾ ਕੂੜਾ ਕਰਨ ਲੱਗਾ ਤਾਂ ਕਹੇਗੀ, ਭਾਬੀ ਜੀ ਤੁਸੀਂ ਆਟਾ ਗੁੰਨ ਲਵੋ, ਰੋਟੀ ਪਾਣੀ ਦਾ ਆਹਾਰ ਕਰ ਲਵੋ, ਚਲੋਂ ਮੈ ਕਰਦੀ ਹਾਂ ਗੋਹਾ ਕੂੜਾ। ਜਦੋਂ ਸਕੂਲੋਂ ਮੁੜਦੀ ਏ ਤਾਂ ਕਹੇਗੀ, 'ਭਾਬੀ ਜੀ, ਅੱਜ ਮੈਡਮਾਂ ਨੇ ਆਹ ਸਵਾਲ ਦਿੱਤੇ ਨੇ। ਤੂੰ ਜ਼ਰਾ ਸਮਝਾਈਂ ਮੈਨੂੰ।' ਜਿਵੇਂ ਮੈਂ ਉਹਦੇ ਲਈ ਮੈਡਮ ਹੀ ਹੋਵਾਂ। ਹਰ ਵਕਤ ਪ੍ਰਛਾਵੇਂ ਵਾਂਗ ਚਿੰਬੜੀ ਰਹਿੰਦੀ ਏ।

ਫਿਰ ਸੋਚਦੀ ਹਾਂ ਇਹ ਵੀ ਕੀ ਕਰੇ ਵਿਚਾਰੀ। ਜਦ ਦੀ ਸੁਰਤ ਸੰਭਾਲੀ ਏ ਮਾਂ ਤਾਂ ਇਹਦੀ ਓਦੂੰ ਪਹਿਲਾਂ ਹੀ ਚਲਾਣਾ ਕਰ ਗਈ ਏ। ਤੇ ਇਹਨਾਂ ਦਾ ਪਿਉ, ਪਿਉ ਕਹਿੰਦਿਆਂ ਤਾਂ ਮੈਨੂੰ ਬੜੀ ਸ਼ਰਮ ਆਉਂਦੀ ਏ। ਪਿਉਆਂ ਵਾਲਾ ਤਾਂ ਉਹਦੇ 'ਚ ਇਕ ਵੀ ਗੁਣ ਨਹੀਂ। ਉੱਕਾ ਹੀ ਬੇਸ਼ਰਮ ਬੰਦਾ। ਨੂੰਹ ਕੀ ਤੇ ਧੀ ਕੀ। ਅਸਲ ਵਿਚ ਮੈਂ ਦੁਖੀ ਹੀ ਜ਼ਿਆਦਾ ਇਹਨਾਂ ਦੇ ਪਿਉ ਤੋਂ ਆਂ। ਮੈਂ ਕੀ ਸਾਰਾ ਟੱਬਰ ਹੀ ਉਹਤੋਂ ਦੁਖੀ ਆ। ਮੇਰੇ ਨਾਲ ਇੰਜ ਬੋਲੂ ਜਿਵੇਂ ਮੈਂ ਉਹਦੀ ਪਤਨੀ ਹੋਵਾਂ। ਬੇਸ਼ਰਮ ਕੰਜਰ ਕਿਸੇ ਥਾਂ ਦਾ, ਕਦੀ-ਕਦੀ ਧਮਕੀਆਂ ਦਿੰਦਾ ਏ, ਮੈਂ ਆਪੇ ਹੋਰ ਵਿਆਹ ਕਰਾ ਲਊਂ। ਅਜੇ ਤਾਂ ਮੇਰੇ ਨਾਂ ਅੱਧੀ ਜ਼ਮੀਨ ਬਾਕੀ ਆ। ਕੰਜਰ ਨੂੰ ਭੋਰਾ ਸ਼ਰਮ ਨਹੀਂ। ਇੱਕ ਦਿਨ ਤਾਂ ਹੱਦ ਈ ਕਰਤੀ, ਜਿੱਦਣ ਗੁਆਂਢੀਆਂ ਦਾ ਕੀਪਾ ਮੇਰੇ ਨਾਲ ਗਲੀ ਵਿਚ ਹਾਸਾ ਮਖੌਲ ਕਰ ਰਿਹਾ ਸੀ। ਚਲੋ ਕੀਪਾ ਤਾਂ ਮੇਰੇ ਹਾਣ ਦਾ ਈ ਆ। ਉਂਝ ਵੀ ਦਿਉਰ ਲੱਗਦਾ ਸ਼ਰੀਕੇ 'ਚੋਂ। ਜੇ ਉਹਨੇ ਕੁਝ ਕਹਿ ਲਿਆ ਤਾਂ ਕੀ ਉਹਨੇ ਮੂੰਹ 'ਚ ਤਾਂ ਨਹੀਂ ਪਾ ਲਿਆ। ਇਹ ਚੌਰਾ ਓਦਣ ਆਂਹਦਾ, "ਤੂੰ ਕੀਪੇ ਨਾਲ ਕਿਵੇਂ ਹੱਸ-ਹੱਸ ਗੱਲਾਂ ਕਰਦੀ ਸੀ। ਮੈਂ ਇਸ ਘਰ ਦਾ ਮਾਲਕ ਹਾਂ। ਮੈਨੂੰ ਕੀ ਬਿੱਜ ਪਈ ਆ।' ਜੀਅ ਕੀਤਾ ਡੰਡਾ ਤੁੰਨ ਦਿਆਂ........'ਚ। ਜਦ ਮੈਂ ਗੁੱਸੇ 'ਚ ਆ ਕੇ ਕਿਹਾ, ਤੇਰੀ ਧੀ ਵੀ ਆ ਮੇਰੇ ਜੇਡੀ। ਕਿਹੜਾ ਰੋਕੂ ਤੈਨੂੰ। ਨਾਲੇ ਵਿਆਹ ਕਰਾਉਣ ਨੂੰ ਫਿਰਦਾਂ। ਘਰ ਦੀ ਘਰ 'ਚ ਰਹਿਜੂ। ਨਾ ਦਾਜ ਦੇਣਾ ਪਵੇ ਕੰਜਰ ਚੌਂਡਿਆਂ 'ਚ ਪੂਛ ਦੇ ਕੇ ਕਿਵੇਂ ਤੁਰ ਗਿਆ ਸੀ। ਗੁੱਸੇ 'ਚ ਕਹਿ ਤਾਂ ਮੈਂ ਬੈਠੀ ਪਰ ਪਿੱਛੋ ਰੋ-ਰੋ ਕੇ ਬੜਾ ਪਛਤਾਈ ਪਈ ਕੁੰਤੀ ਬਾਰੇ ਮੈਂ ਇਹ ਕੀ ਕਹਿ ਬੈਠੀ। ਜਦ ਕੁੰਤੀ ਨੂੰ ਇਹ ਗੱਲ ਪਤਾ ਲੱਗੀ ਤਾਂ ਵਿਚਾਰੀ ਕਿੰਨਾ ਰੋਈ ਸੀ ਮੇਰੇ ਕੋਲ। ਆਂਹਦੀ ਸੀ, ਭਾਬੀ ਮੈਨੂੰ ਤੇਰੇ ਤੋਂ ਹੀ ਆਸ ਸੀ ਪਈ ਮੇਰਾ ਵੀ ਕੋਈ ਹੈਗਾ। ਤੇ ਜੇ ਤੂੰ ਹੀ ....... ਉਸ ਦਿਨ ਤਾਂ ਲੱਗਿਆ ਸੀ ਪਈ ਮੈਂ ਜਿਵੇਂ ਧਰਤੀ 'ਚ ਗੱਡੀ ਗਈ ਹੋਵਾਂ।

ਤੇ ਇਹ ਗੱਲ ਜਦ ਮੈਂ ਇਹਦੇ ਭਾਈ ਜੀਤੂ ਨੂੰ ਦੱਸੀ ਤਾਂ ਉਹ ਅੱਗੋਂ ਬੋਲਿਆ, "ਐਵੇਂ ਤੂੰ ਭਾਪੇ ਨੂੰ ਮਾੜਾ ਕਹਿੰਨੀ ਰਹਿੰਦੀ ਆਂ। ਉਹ ਦਸਾਂ ਕਿੱਲਿਆਂ ਦਾ ਮਾਲਕ ਆ। ਕੱਲ ਕਲੋਤਰ ਨੂੰ ਕੋਈ ਬੁੜੀ ਲੈ ਆਇਆ ਤਾਂ ਅੱਧੀ ਰਹਿਜੂ।" ਇੱਕ ਵਾਰੀ ਤਾਂ ਫਿਰ ਜੀਅ ਕੀਤਾ ਕਹਿ ਦਿਆਂ, 'ਫਿਰ ਆਪਣੀ

ਭੈਣ ਨੂੰ ਪਾ ਦਿਆਂ ਕਰ ਉਹਦੇ ਨਾਲ।' ਪਰ ਕਹਿ ਨਾ ਸਕੀ।
ਭੈਣ ਨੂੰ ਪਾ ਦਿਆਂ ਕਰ ਉਹਦੇ ਨਾਲ।' ਪਰ ਕਹਿ ਨਾ ਸਕੀ।

ਅਸਲ 'ਚ ਬੰਦਾ ਤਾਂ ਜੀਤੂ ਹੈ ਈ ਨੀ। ਜੇ ਬੰਦਾ ਹੁੰਦਾ ਤਾਂ ਭਲਾ ਕੋਈ ਆਪਣੀ ਤੀਵੀਂ ਨੂੰ ਇਹ
ਗੱਲ ਕਹੇ ਤਾਂ ਮਰ 'ਨੀ ਹੁਦਾ ਉਹਦੇ ਕੋਲੋਂ। ਅਸਲ ਵਿਚ ਇਹ ਸਾਰਾ ਕਸੂਰ ਈ ਮੇਰੇ ਵਿਚੋਲਿਆਂ ਦਾ
ਆ। ਮੇਰੇ ਪਿਉ ਨੇ ਵੀ ਕੀ ਦੇਖਿਆ, ਅਖੇ ਪੁਰਾਣੀ ਰਿਸ਼ਤੇਦਾਰੀ ਆ। ਨਾਲੇ ਦੱਸ ਕਿੱਲੇ ਜ਼ਮੀਨ
ਆਉਂਦੀ ਆ ਮੁੰਡੇ ਨੂੰ। ਇੱਕੋ ਕੱਲਾ ਕਾਰਾ ਮੁੰਡਾ ਆ। ਕੁੜੀ ਦਾ ਕੀ ਆ। ਵਿਆਹ ਦਿੱਤੀ ਤੇ ਅਗਲੇ
ਘਰ। ਤੇ ਇਹ ਅਗਲਾ ਘਰ ਜਿਹੜਾ ਤੁਸੀਂ ਮੈਨੂੰ ਸਹੇੜਿਆ ਏ ਤੁਹਾਨੂੰ ਕੀ ਪਤਾ ਆ ਪਈ ਮੈਂ ਕਿਵੇਂ
ਜੀਨੀ ਪਈਂ ਆਂ ਏਥੇ? ਮੈਨੂੰ ਮੁੰਡੇ ਨਾਲ 'ਨੀ ਕਿੱਲਿਆਂ ਨਾਲ ਬੰਨ ਦਿੱਤਾ। ਨਿਰਾ ਡੁੰਨ ਵੱਟਾ। ਨਿਰਾ
ਝੁੱਡੂ। ਜਿੱਧਰ ਕਿਹਾ, ਤੁਰ ਪਿਆ। ਜਿਵੇਂ ਕਿਹਾ ਕਰ ਲਿਆ। ਪਿਆਰ ਕੀ ਹੁੰਦਾ ਇਹਨੂੰ ਕੀ ਪਤਾ।
ਜੀਹਨੇ ਕੀਤਾ ਹੋਵੇ ਉਹਨੂੰ ਪਤਾ ਹੁੰਦਾ ਆ ਪਿਆਰ ਤੇ ਜਜ਼ਬਾਤ ਦਾ। ਜੀਹਨੇ ਤੀਵੀਂ ਈ ਪਹਿਲੀ
ਰਾਤ ਨੂੰ ਵੇਖੀ ਹੋਵੇ ਉਹਨੂੰ ਕੀ ਪਤਾ ਹੁੰਦਾ ਅਗਲੇ ਦੇ ਸੁਪਨਿਆਂ ਦੇ ਸੰਸਾਰ ਦਾ।

ਪਹਿਲੀ ਰਾਤੇ ਜਦ ਆਇਆ ਸੀ ਤਾਂ ਮੈਂ ਸੋਚਦੀ ਸਾਂ ਪਈ ਮੈਂ ਇੰਜ ਕਰਾਂਗੀ। ਇੰਜ ਨਹੀਂ
ਕਰਾਂਗੀ, ਲੇਲੜੀਆਂ ਕੱਢਾਂਗੀ ਪਈ ਅੱਜ ਨਹੀਂ ਕੱਲ ਸਹੀ ਤੇ ਉਹ ਮੈਨੂੰ ਜਬਰਦਸਤੀ ਆਪਣੀ ਬੁੱਕਲ
'ਚ ਲੈ ਲਵੇਗਾ। ਮੈਂ ਝੂਠੀ ਮੂਠੀ ਦਾ ਨਾਟਕ ਕਰਾਂਗੀ। ਹਾਏ ਛੱਡ ਦਿਉ ਮੈਨੂੰ। ਕਿਝ ਦੇ ਹੋ ਤੁਸੀਂ।
ਬਿਲਕੁਲ ਬੇਰਹਿਮ। ਇੰਜ ਕਰਦੇ ਹੋ ਜਿੱਦਾਂ ਅਗਲੇ 'ਚ ਜਾਨ ਈ ਨਹੀਂ ਹੁੰਦੀ। ਮੈਂ ਭਲਾ ਭੱਜੀ ਜਾਨੀ
ਆਂ ਕਿਤੇ। ਸੋਚਦੀ ਸਾਂ ਪਈ ਉਹ ਮੇਰੇ ਗਲੋਂ-ਜ਼ੋਰੀ ਕੱਪੜੇ ਉਤਾਰੇਗਾ। ਮੈਂ ਦੂਜੇ ਕੋਨੇ 'ਚ ਭੱਜਣ ਦੀ
ਕੋਸ਼ਿਸ਼ ਕਰਾਂਗੀ। ਤੇ ਹੋਰ ਪਤਾ ਨਹੀਂ ਕੀ-ਕੀ ਸੁਪਨਿਆਂ ਦਾ ਸੰਸਾਰ ਸਿਰਜਿਆ ਸੀ ਮੈਂ।

ਮੇਰੇ ਤਾ ਸੁਪਨੇ ਸਾਰੇ ਓਦਣ ਹੀ ਮਿੱਟੀ 'ਚ ਮਿਲਗੇ ਸੀ ਜਦੋ ਇਹ ਡੁੰਨ ਵੱਟਾ ਮੇਰੀ ਮੰਜੀ ਦੀ
ਹੀਅ 'ਤੇ ਆ ਕੇ ਬੈਠਿਆ ਸੀ। ਮੂੰਹ ਦੂਜੇ ਪਾਸੇ ਕੀਤਾ ਹੋਇਆ ਜਿਵੇਂ ਮੂੰਹ 'ਤੇ ਮੱਖੀਆਂ ਲੜੀਆਂ ਹੋਣ।
ਬੱਸ ਦੋ ਘੰਟੇ ਇੰਜ ਬੈਠਾ ਰਿਹਾ ਜਿਵੇਂ ਭੈਣ ਕੋਲ ਆਇਆ ਹੋਵੇ। ਪਹਿਲਾਂ ਤਾਂ ਜੀਅ ਕੀਤਾ ਕਹਾਂ ਬਈ
ਇਥੇ ਭੈਣ ਨੂੰ ਮਿਲਣ ਆਇਐ? ਫੇਰ ਸੋਚਿਆ ਖਵਰੇ ਕੀ ਗੱਲ ਹੋਵੇ ਬਈ ਅਗਲੇ ਦੀ ਜੇ ਮਾਂ ਜਿਊਂਦੀ
ਹੁੰਦੀ ਤਾਂ ਖਵਰੇ ਕੀ-ਕੀ ਚਾਅ ਕਰਦੀ ਜਾਂ ਸ਼ਾਇਦ ਮਾਂ ਦੇ ਹੇਰਵੇ 'ਚ ਹੀ ਕੁਝ ਨਾ ਬੋਲ ਸਕਿਆ ਹੋਵੇ?
ਜਾਂ ਖਵਰੇ ਇਹਦਾ ਕਿਸੇ ਨਾਲ ਕੋਈ ਚੱਕਰ ਚੁੱਕਰ ਚੱਲਦਾ ਹੋਵੇ? ਪਰ ਇਹ ਤਾਂ ਕੁਝ ਵੀ 'ਨੀ ਸੀ।
ਮੁੰਡਿਆਂ ਵਾਲੀਆਂ ਤਾਂ ਗੱਲਾਂ ਈ 'ਨੀ ਸੀ ਇਹਦੇ 'ਚ। ਨਾ ਕੋਈ ਪਿਆਰ, ਨਾ ਕੋਈ ਮਜ਼ਾਕ। ਨਾ
ਕੋਈ ਗੱਲਬਾਤ, ਨਾ ਕੋਈ ਪਿਆਰ ਭਰੀ ਛੇੜਖਾਨੀ।

ਜੀਅ ਕੀਤਾ ਭੰਨ ਦਿਆਂ ਰੰਗਲਾ ਚੂੜਾ। ਖੁਰਚ ਸੁੱਟਾਂ ਇਹ ਸ਼ਗਨਾਂ ਵਾਲੀ ਮਹਿੰਦੀ। ਭੱਜ
ਜਾਵਾਂ ਕਿਧਰੇ। ਫਿਰ ਮੈਂ ਈ ਕਿਹਾ, 'ਪਈ ਐਥੇ ਬੈਠੇ ਕੀ ਕਰੋਗੇ? ਸਾਰੀ ਰਾਤ ਪਈ ਆ। ਐਧਰ ਆਜੋ
ਮੇਰੇ ਕੋਲ। ਆਇਆ ਤੇ ਐਂ ਪਿਆ ਰਿਹਾ ਜਿਵੇਂ ਮੈਨੂੰ ਖੱਖਰ ਲੱਗੀ ਹੋਵੇ। ਕਹਿਣ ਲੱਗਾ, 'ਮੈਨੂੰ ਠੰਡ
ਲੱਗਦੀ ਏ।' ਜੀਅ ਕੀਤਾ ਕਹਾਂ - ਪਈ ਤੇਰੇ ਕੋਲ ਤਾਂ ਅੱਗ ਮੱਚਦੀ ਪਈ ਏ। ਲਾਟਾਂ ਨਿਕਲਦੀਆਂ
ਪਈਆਂ ਨੇ। ਅਜੇ ਵੀ ਤੈਨੂੰ ਠੰਡ ਲੱਗਦੀ ਏ। ਠੰਡ ਤੇਰੇ ਅੰਦਰ ਆ ਅੰਦਰ। ਪਹਿਲਾਂ ਜੀਅ ਕੀਤਾ ਪਈ
ਮੈਂ ਆਪਣੀ ਅੱਗ ਨਾਲ ਸੇਕ ਦੇਵਾਂ ਇਹਨੂੰ ਠੰਡ ਲਾਹਵਾਂ ਇਹਦੀ। ਫਿਰ ਸੋਚਿਆ ਬਾਹਰੋਂ ਤਾਂ ਮੈਂ
ਇਹਦੀ ਠੰਡ ਲਾਹ ਸਕਦੀ ਹਾਂ ਪਰ ਅੰਦਰੋਂ?'

ਫੇਰ ਪਤਾ ਨੀ ਕਿਵੇਂ ਜੀਅ ਕੀਤਾ ਤੇ ਮੇਰਾ ਅੱਗਾ ਪਿੱਛਾ ਤੇ ਸਰੀਰ ਟੋਹਣ ਲੱਗ ਪਿਆ। ਜਿਵੇਂ
ਕੁੱਝ ਗੁਆਚਾ ਹੋਵੇ। ਬੱਸ ਓਦਣ ਹੀ ਮੈਂ ਸੋਚ ਲਿਆ ਸੀ ਪਰ ਇਹ ਬੰਦਾ ਨਹੀਂ ਆ। ਬੰਦੇ ਦੇ ਰੂਪ 'ਚ



ਔਰਤ ਆ ਔਰਤ। ਕਦੇ ਮੇਰਾ ਜੀਅ ਕਰੇ ਜ਼ੋਰ-ਜ਼ੋਰ ਦੀ ਹੱਸਾਂ। ਕਦੇ ਜੀਅ ਕਰੇ ਪਈ ਜ਼ੋਰ-ਜ਼ੋਰ ਦੀ ਰੋਵਾਂ। ਫਿਰ ਸੋਚਦੀ ਮਨਾ ਚੁੱਪ 'ਚ ਈ ਭਲਾ ਆ।

ਫਿਰ ਇੱਕ ਦਿਨ ਤਾਂ ਹੱਦ ਹੀ ਹੋ ਗਈ। ਜਦ ਮੇਰੇ ਨਾਲ ਪਿਆ ਬੜਬੜਾਈ ਜਾਵੇ। ਉਏ ਮੈਂ ਕਿਤੇ ਭੱਜ ਤਾਂ ਚੱਲਿਆ। ਭੈਣ ਚੋ ਕਿਵੇਂ ਹੜਬੜਾਇਆ ਪਿਐ। ਭੈਣ ਚੋ ... ਥੋੜ੍ਹੀ ਪੀ ਲੈਂਦਾ। ਹੁਣ ਕੇਰਾਂ ਈ.....। ਤੇ ਹੋਰ ਪਤਾ ਨੀ ਕੀ-ਕੀ ਆਂਹਦਾ ਪਿਆ ਸੀ। ਮੈਂ ਤਾਂ ਸੁਣ ਕੇ ਜਿਵੇਂ ਗਰਕ ਹੀ ਹੋ ਗਈ ਹੋਵਾਂ।

ਅਗਲੇ ਦਿਨ ਜਦ ਮੈਂ ਪੁੱਛਿਆ, ਬਈ ਰਾਤ ਕੀ ਬੁੜ-ਬੁੜਾਉਂਦਾ ਪਿਆ ਸੀ, ਆਂਹਦਾ ਕੁਝ ਨੀ। ਕੁਝ ਤਾਂ ਆਂਹਦਾ ਈ ਹੋਵੇਂਗਾ? ਮੈਂ ਝੂਠ ਤਾਂ 'ਨੀ ਬੋਲਦੀ। ਫਿਰ ਕਿਵੇਂ ਨੀਵੀਂ ਪਾ ਕੇ ਤੁਰ ਗਿਆ ਸੀ ਬਾਹਰ ਨੂੰ।

ਹੁਣ ਸੋਚਦੀ ਆਂ ਇਹ ਭਲਾ ਕੀ ਬੋਲੂਗਾ ਆਪਣੇ ਪਿਉ ਮੂਹਰੇ? ਜੇ ਬੰਦਾ ਹੋਵੇ ਤਾਂ ਬੋਲੇ ਕੁਝ। ਇੱਕ ਦਿਨ ਬੜਾ ਹੀ ਕੁਵੇਲਾ ਸੀ। ਰਾਤ ਦੇ ਕੋਈ ਦਸ ਕੁ ਵੱਜੇ ਹੋਣਗੇ। ਮੇਰੀ ਨਨਾਣ ਕੁੰਤੀ ਆਂਹਦੀ, 'ਭਾਬੀ ਪਤਾ ਤਾਂ ਕਰੀਏ ਕਿਉਂ ਨੀ ਆਇਆ ਜੀਤੂ।' ਪਹਿਲਾਂ ਤਾਂ ਜੀਅ ਕੀਤਾ ਬਈ ਕਹਿ ਦੇਵਾਂ, ਆਪੇ ਆਜੂਗਾ ਜਦੋਂ ਹਿਰਸ ਪੂਰੀ ਹੋਵੇਗੀ। ਫਿਰ ਕਿਹਾ, 'ਆਪਾਂ ਕਿਵੇਂ ਜਾਵਾਂਗੀਆਂ ਭਾਲਣ ਐਡੀ ਰਾਤੇ। ਫਿਰ ਸੋਚਿਆ ਕੀਪੇ ਨੂੰ ਹੀ ਪੁੱਛ ਲਵਾਂ ਜਾਂ ਕਹਿ ਦੇਵਾਂ ਪਤਾ ਤਾਂ ਕਰ ਕਿਉਂ ਨਹੀਂ ਆਇਆ? ਕੀਪੇ ਨੂੰ ਕੁਝ ਨਾ ਕਹਾਂਗੀ ਤੇ ਹੋਰ ਕੀਹਨੂੰ ਕਹਾਂਗੀ।

ਫਿਰ ਜਦ ਕੀਪੇ ਦੀ ਬੈਠਕ ਕੋਲ ਮੈਂ ਤੇ ਕੁੰਤੀ ਗਈਆਂ ਤਾਂ ਅੰਦਰੋਂ ਘੁਸਰ-ਮੁਸਰ ਜਿਹੀ ਹੋਈ ਜਾਵੇ। 'ਉਹ ਬਈ ਜੀਤੂ ਦੀ ਰੰਨ ਕਾਹਦੀ ਆ ਪਟਾਕਾ ਆ ਨਿਰੀ ਪਟਾਕਾ। ਨਿਰੀ ਆਤਿਸ਼ਬਾਜ਼ੀ। ਐਨੀ ਸੋਹਣੀ ਤੀਵੀਂ 'ਨੀ ਦੇਖੀ ਮੈਂ ਅਜੇ ਤੱਕ।' ਮੇਰੇ ਦਿਲ 'ਚ ਹੌਲ ਜਿਹੇ ਉੱਠਣ ਲੱਗੇ। ਕੁੰਤੀ ਬੋਲੇ ਤਾਂ ਕੀਨੂੰ ਬੋਲੇ। 'ਉਏ ਜੇ ਸੱਚ ਪੁੱਛਦੇਓ ਤਾਂ ਜੀਤੂ ਉਹਦੀ ਰੰਨ ਆ। ਉਹ ਇਹਦਾ ਬੰਦਾ। ਹਾਏ ਉਏ ਜੇ ਕਿਧਰੇ ਉਹ ਮੇਰੀ ਰੰਨ ਹੁੰਦੀ ਤਾਂ......। ਸਾਨੂੰ ਸਾਫ਼ ਪਤਾ ਲੱਗਦਾ ਸੀ ਬਈ ਇਹ ਕੀਪੇ ਦੀ ਈ ਆਵਾਜ਼ ਸੀ। ਬੱਸ ਅੱਗੇ ਕੁਝ ਸੁਣਦਾ ਅਸੀਂ ਉਹਨੀਂ ਪੈਰੀਂ ਹੀ ਵਾਪਿਸ ਮੁੜ ਆਈਆਂ। ਸੋਚਿਆ ਬਈ ਬੰਦਾ ਕੀ-ਕੀ ਕਰਦਾ ਜ਼ਿੰਦਗੀ ਲਈ। ਕਿਵੇਂ ਹਾਣ ਦੇ ਸਾਥੀ ਲਈ ਤੜਪਦੇ।

ਤੇ ਫਿਰ ਕੀਪਾ ਜਿਵੇਂ ਮੇਰੇ ਦਿਲ 'ਚ ਓਦਣ ਤੋਂ ਹੀ ਵੱਸ ਗਿਆ ਹੋਵੇ। ਸੋਚਿਆ ਪਈ ਜਿਹੜਾ ਬੰਦਾ ਮੇਰੇ ਲਈ ਐਨਾ ਤੜਪਦੈ ਉਹਨੂੰ ਪਰਖ ਕੇ ਤਾਂ ਵੇਖਾਂ।

ਉਸ ਦਿਨ ਤੋਂ ਤਾਂ ਜਿਵੇਂ ਕੁੰਤੀ ਇੱਕਦਮ ਪੂਰੀ ਜਵਾਨ ਹੋ ਗਈ ਹੋਵੇ। ਕਹਿਣ ਲੱਗੀ, 'ਹਾੜੇ ਭਾਬੀ ਕਿਸੇ ਕੋਲ ਨਾ ਇਹ ਭਾਫ਼ ਕੱਢੀਂ। ਜੀਤੂ ਬਾਰੇ ਮੈਨੂੰ ਵੀ ਚੰਗੀ ਤਰ੍ਹਾਂ ਪਤੈ ਤੇ ਤੈਨੂੰ ਵੀ - ਜਿਵੇਂ ਤੂੰ ਜ਼ਿੰਦਗੀ ਜਿਊਣੀ ਚਾਹੁੰਦੀ ਏ ਜੀਅ ਭਰ-ਭਰ ਕੇ ਜੀਅ। ਪਰ ਹਾੜੇ ਮੇਰਾ ਵੀ ਖ਼ਿਆਲ ਰੱਖੀਂ। ਕਿਤੇ ਤੇਰੀ ਆੜ 'ਚ ਮੈਨੂੰ ਵੀ.......। ਆਂਹਦੀ-ਆਂਹਦੀ ਉਹ ਰੋਣ ਲੱਗ ਪਈ। ਮੈਂ ਇਕਦਮ ਉਹਦੇ ਮੂੰਹ 'ਤੇ ਹੱਥ ਰੱਖ ਦਿੱਤਾ। ਜੇ ਤੂੰ ਮੈਨੂੰ ਸਭ ਕੁਝ ਆਪਣਾ ਸਮਝਦੀਏਂ ਤਾਂ ਮੈਂ ਹਮੇਸ਼ਾ ਤੇਰਾ ਭਲਾ ਹੀ ਸੋਚੂ। ਤੂੰ ਇਸ ਗੱਲੋਂ ਬਿਲਕੁਲ ਬੇਫ਼ਿਕਰ ਰਹੀਂ।

ਤੇ ਫਿਰ ਮੈਂ ਆਹਨੀ-ਬਹਾਨੀ ਕੀਪੇ ਨੂੰ ਰੋਕ ਲੈਂਦੀ ਕੱਲਾ ਵੇਖ ਕੇ। ਉਹ ਵੀ ਸਾਡੇ ਘਰ ਆਉਣ ਲੱਗ ਪਿਆ ਜਦ ਸਾਡਾ ਚੋਰਾ ਘਰ ਨਾ ਹੁੰਦਾ। ਜਦੋਂ ਕੀਪਾ ਸਾਡੇ ਘਰ ਆਉਂਦਾ ਤਾਂ ਕੁੰਤੀ ਬਾਹਰਲੇ ਘਰ ਪਸ਼ੂਆਂ ਨੂੰ ਪਾਣੀ ਪਿਲਾਉਣ ਜਾਂ ਹੋਰ ਬਹਾਨੇ ਚਲੀ ਜਾਂਦੀ। ਮੈਨੂੰ ਲੱਗਦਾ ਜਿੰਨੀ ਉਹਦੀ ਉਮਰ

ਸੀ ਉਹ ਉਹਦੇ ਨਾਲੋਂ ਦੁੱਗਣੀ ਉਮਰ ਦੀ ਸਿਆਣੀ ਹੋ ਗਈ ਹੋਵੇ। ਇੱਕ ਦਿਨ ਕੀਪਾ ਆਂਹਦਾ, 'ਭਾਬੀ ਤੂੰ ਜੀਤੂ ਨਾਲ ਵਿਆਹੀ 'ਨੀ ਗਈ ਉਹਦੇ ਕਿੱਲਿਆਂ ਨਾਲ ਬੰਨੀ ਗਈ ਏਂ। ਸੱਚੀ ਜੇਕਰ ਤੂੰ ਮੇਰੀ ਰੰਨ ਹੁੰਦੀ ਤਾਂ ਪੈਰ ਧੋ-ਧੋ ਪੀਂਦਾ ਤੇਰੇ। ਬੱਸ ਉਸ ਦਿਨ ਤੋਂ ਕੀਪਾ ਜਿਵੇਂ ਮੇਰੇ ਲਈ ਪੈਦਾ ਹੋਇਆ ਹੋਵੇ। ਹਰ ਵਕਤ ਉਹਦੀ ਤਸਵੀਰ ਜ਼ਿਹਨ ਵਿਚ ਘੁੰਮਦੀ ਰਹਿੰਦੀ। ਬੱਸ ਕੀਪੇ ਕੋਲ ਜ਼ਮੀਨ ਥੋੜ੍ਹੀ ਸੀ। ਦੋ ਕੁ ਕਿੱਲੇ ਹਿੱਸੇ ਆਉਂਦੀ। ਪਰ ਬੜਾ ਮਿਹਨਤੀ ਸੀ ਉਹ। ਹਰ ਵਕਤ ਕੰਮ ਵਿਚ ਖੁੱਭਿਆ ਰਹਿੰਦਾ। ਫੇਰ ਤਾਂ ਅਸੀਂ ਦੂਜੇ ਤੀਜੇ ਦਿਨ ਮਿਲਣ ਲੱਗ ਪਏ।

ਕਦੀਂ-ਕਦੀਂ ਬਾਹਰਲੇ ਵਾੜੇ 'ਚ ਮੂੰਹ ਹਨੇਰੇ ਜਦ ਮੈਂ ਪਸ਼ੂਆਂ ਦੀ ਧਾਰ ਕੱਢਣ ਜਾਂਦੀ ਤੇ ਉਹ ਅੱਗਾ-ਪਿੱਛਾ ਵੇਖ ਕੇ ਆ ਜਾਂਦਾ। ਬੱਸ ਜਿਵੇਂ ਚੋਰਾਂ ਨੂੰ ਰਾਹ ਆਪੇ ਮਿਲ ਜਾਂਦੇ ਆ।

ਫਿਰ ਜਦ ਮੇਰਾ ਵੱਡਾ ਮੁੰਡਾ ਮਿੰਟਾ ਜੰਮਿਆ ਤਾਂ ਆਂਢ-ਗੁਆਂਢ ਦੀਆਂ ਤੀਵੀਆਂ ਬਹਾਨੇ ਨਾਲ ਗੁੱਝੇ ਤੀਰ ਮਾਰਦੀਆਂ, 'ਮੁੰਡੇ ਦਾ ਮੁਹਾਂਦਰਾ ਤਾਂ ਜਮਾਂ ਈ ਕੀਪੇ 'ਤੇ ਆ। ਪਤਾ ਨੀ ਉਹ ਮੱਥੇ ਲੱਗਦਾ ਰਿਹੈ ਹੋਣੈ?' ਕੋਈ ਆਂਹਦੀ, 'ਚਲੋ ਮੁਹਾਂਦਰਾ ਭਾਵੇਂ ਕਿਸੇ ਦਾ ਹੋਵੇ ਮੁੰਡਾ ਤਾਂ ਜੀਤੂ ਦਾ ਈ ਵੱਜਣੈ।' ਇਹਨਾਂ ਤਾਹਨਿਆਂ ਨੇ ਜਿਵੇਂ ਮੈਨੂੰ ਘਰੋਂ ਨਿਕਲਣ 'ਤੇ ਰੋਕ ਲਗਾ ਦਿੱਤੀ। ਭਾਵੇਂ ਕੁੰਤੀ ਤਾਂ ਸਾਰੀ ਗੱਲ ਜਾਣਦੀ ਸੀ ਪਰ ਬੋਲਦੀ ਇਸ ਗੱਲੋਂ ਨਹੀਂ ਪਈ ਚਲੋ ਘਰ ਦਾ ਖਾਨਦਾਨ ਤਾਂ ਅੱਗੇ ਵਧਿਐ। ਜੇ ਜੀਤੂ ਕਾਸੇ ਜੋਗਾ ਹੁੰਦਾ ਤਾਂ ਭਾਬੀ ਨੂੰ ਅੱਕ ਚੱਬਣ ਦੀ ਕੀ ਲੋੜ ਸੀ। ਸ਼ਾਬਾਸ਼ੇ ਉਹਦੇ ਜੀਹਨੇ ਇਹ ਘਰ ਨਹੀਂ ਛੱਡਿਆ। ਐਡੀ ਸੋਹਣੀ ਤੀਵੀਂ ਮਗਰ ਤਾਂ ਸੌ-ਸੌ ਮੁੰਡੇ ਤੁਰੇ ਫਿਰਦੇ ਆ ਵਿਆਹ ਕਰਾਉਣ ਨੂੰ - ਇਹਨੇ ਵਿਚਾਰੀ ਨੇ ਪਤਾ ਨਹੀਂ ਕੀ ਸੋਚਿਆ ਅਜੇ ਵੀ ਸਾਡੇ ਘਰ ਬੰਨੀ ਫਿਰਦੀ ਆ।

ਕੁੰਤੀ ਮੇਰੇ ਮੁੰਡੇ ਨੂੰ ਬੜਾ ਪਿਆਰ ਕਰਦੀ ਆ। ਕਿੰਨਾ ਗੋਲ ਮਟੋਲ ਜਿਹਾ ਭਾਬੀ ਮੇਰਾ ਸੋਹਣਾ ਭਤੀਜਾ। ਚਲੋ ਕੋਈ ਨੀ ਭਾਬੀ ਨਾਂ ਤਾਂ ਜੀਤੂ ਦਾ ਈ ਵੱਜਣੈ।

ਮੇਰੇ ਕੰਜਰ ਸਹੁਰੇ ਨੂੰ ਤਾਂ ਜਿਵੇਂ ਉਦਣ ਤੋਂ ਹੀ ਸੱਪ ਸੁੰਘ ਗਿਆ ਹੋਵੇ। ਇੱਕ ਦਿਨ ਪਤਾ ਨੀ ਕੀ ਬੋਲਿਆ। ਮੈਂ ਅੱਗੋਂ ਤਿਆਰ ਸੀ, 'ਕੰਜਰਾ ਤੇਰਾ ਮੁੰਡਾ ਬੰਦਾ ਨੀ ਬੁੜੀ ਆ ਬੁੜੀ। ਜਿਹੜੇ ਤੂੰ ਦਸਾਂ ਕਿੱਲਿਆਂ 'ਤੇ ਤੀਂਗੜਦਾ ਏ, ਉਹਦੇ 'ਚੋਂ ਤਾਂ ਇਹਦਾ ਇੱਕ ਵੀ ਕਿੱਲਾ ਸਾਬਤਾ ਨੀ ਜੀਹਦੇ 'ਤੇ ਮੈਂ ਬੱਝੀ ਰਹਾਂ। ਅੱਗੇ ਤੋ ਕੰਨ ਖੋਹਲ ਕੇ ਸੁਣ ਲੈ ਐਦੂੰ ਮਗਰੋਂ ਜੇ ਕਿਤੇ ਵੱਧ-ਘੱਟ ਬੋਲਿਆ ਤਾਂ ਠਾਣੇ ਵਾਲਿਆਂ ਤੋਂ ਜੁੱਤੀਆਂ ਮਰਵਾਊਂ, ਬਈ ਇਹ ਆਪਣੀ ਨੂੰਹ 'ਤੇ ਕਾਠੀ ਪਾਉਣ ਨੂੰ ਫਿਰਦੇ। ਨਾਲ ਤੰਗ ਕਰਦੇ ਬਈ ਦਾਜ ਹੋਰ ਦਿਉ। ਜੇਲ੍ਹ 'ਚ ਨਾ ਸਾੜਿਆ ਤਾਂ ਮੈਂ ਵੀ ਪਿਉ ਦੀ ਧੀ ਨਹੀਂ।”

ਮੇਰੀ ਧਮਕੀ ਕੰਮ ਕਰ ਗਈ। ਉਸ ਤੋਂ ਮਗਰੋਂ ਨਹੀਂ ਬੋਲਿਆ ਕੁਝ ਉਹਨੇ। ਕੀਪੇ ਨੂੰ ਮੈਂ ਸਖ਼ਤੀ ਨਾਲ ਵਰਜ ਦਿੱਤਾ ਪਈ ਕੁੰਤੀ ਵੱਲ ਜੇ ਅੱਖ ਚੁੱਕ ਕੇ ਵੇਖਿਆ ਤਾਂ ਮੈਥੋਂ ਬੁਰਾ ਨਹੀ ਹੋਵੇਗਾ ਕੋਈ। ਕਚਹਿਰੀਆਂ 'ਚ ਬਿਆਨ ਦੇਵਾਂਗੀ ਬਈ ਆਹ ਮੁੰਡਾ ਕੀਪੇ ਦਾ ਆ। ਬੇਸ਼ੱਕ ਡੀ. ਐਨ. ਏ. ਟੈਸਟ ਕਰਾ ਲਵੋ। ਹੁਣ ਇਹਦੀ ਜ਼ਮੀਨ 'ਚ ਵੀ ਹਿੱਸੇਦਾਰ ਆ ਮੇਰਾ ਮੁੰਡਾ। ਬੱਸ ਐਨਾ ਕਹਿਣ 'ਤੇ ਕੀਪੇ ਨੇ ਕਦੇ ਵੀ ਮੈਲੀ ਅੱਖ ਨਾਲ ਨਹੀਂ ਦੇਖਿਆ ਕੁੰਤੀ ਨੂੰ।

ਹੁਣ ਕੁਝ ਸੌਖੀ-ਸੌਖੀ ਮਹਿਸੂਸ ਕਰਦੀ ਆਂ। ਜੀਤੂ ਨੂੰ ਵੀ ਕਹਿ ਦਿੱਤਾ ਪਈ ਜਦ ਜੀਅ ਕਰੇ ਘਰ ਆ ਜਾਇਆ ਕਰ। ਹੁਣ ਤਾਂ ਜਿਵੇਂ ਜੀਤੂ ਇੱਕ ਜਿਊਂਦੀ ਲਾਸ਼ ਬਣਿਐ ਫਿਰਦੈ। ਸ਼ਰਮ ਦਾ ਮਾਰਾ ਅੱਖ ਚੁੱਕ ਕੇ ਨੀ ਦੇਖਦਾ। ਦੇਖੇ ਵੀ ਕੀ। ਕਦੀ-ਕਦੀ ਤਾਂ ਮੈਨੂੰ ਉਹਦੇ 'ਤੇ ਤਰਸ ਜਿਹਾ ਆ ਜਾਂਦੈ।



ਪਈ ਇਹ ਵੀ ਬੰਦਾ ਬਣਨ ਪਿਆ ਸੀ।

ਇਹ ਕੁੰਤੀ ਆਂਹਦੀ ਭਾਬੀ ਤੂੰ ਹੀ ਹੁਣ ਮੇਰੀ ਮਾਂ ਏ। ਜਿੱਥੇ ਤੈਨੂੰ ਚੰਗਾ ਲੱਗੇ ਮੇਰੇ ਵਲੋਂ ਬਿਲਕੁਲ ਹਾਂ ਏ। ਮੈਂ ਤੇਰੀ ਧੀ ਵੀ ਤੇ ਭੈਣ ਵੀ। ਤੂੰ ਈ ਸੋਚਣਾ ਸਭ ਕੁਝ। ਬੱਸ ਹੁਣ ਮੈਂ ਸੋਚ ਲਿਆ ਬਈ ਮੈਂ ਆਪਣੀ ਕੁੰਤੀ ਲਈ ਕਿੱਲਿਆਂ ਵਾਲਾ ਨਹੀਂ ਭਾਲ ਕੇ ਦੇਣਾ - ਜ਼ਮੀਨ ਭਾਵੇਂ ਥੋੜ੍ਹੀ ਹੋਵੇ, ਪਰ ਮਿਹਨਤੀ ਹੋਵੇ ਤੇ ਦਿਲ ਦਰਿਆ। ਚੌੜੀ ਛਾਤੀ ਵਾਲਾ। ਮੇਰੇ ਨਾਲ ਤਾਂ ਹੋ ਗਈ ਜਿਹੜੀ ਹੋਣੀ ਸੀ ਪਰ ਮੈਂ ਕੁੰਤੀ ਨਾਲ ਨਹੀਂ ਬੇਇਨਸਾਫ਼ੀ ਹੋਣ ਦਿਆਂਗੀ। ਵਧੀਆ ਮੁੰਡਾ ਲੱਭਾਂਗੀ।

ਤੇ ਫਿਰ ਮੈਂ ਆਪਣੀਆਂ ਸਾਕ-ਸਕੀਰੀਆਂ ਤੇ ਹੋਰ ਸਹੇਲੀਆਂ ਕੋਲ ਕੁੰਤੀ ਦੀ ਦੱਸ ਪਾਉਣ ਲੱਗ ਪਈ। ਇੱਕ ਥਾਂ ਮੁੰਡਾ ਲੱਭ ਪਿਆ। ਮੁੰਡਾ ਬੜਾ ਚੋਟੀ ਦਾ ਕਾਰੀਗਰ ਸੀ, ਪਰ ਜ਼ਮੀਨ ਕਿੱਲਾ ਕੁ ਹੀ ਹਿੱਸੇ ਆਉਂਦੀ ਸੀ। ਮੁੰਡਾ ਪੜ੍ਹਿਆ ਲਿਖਿਆ ਸੀ। ਸ਼ਹਿਰ 'ਚ ਉਹਦੀ ਆਪਣੀ ਦੁਕਾਨ ਸੀ। ਸ਼ਹਿਰ ਦੇ ਕੰਮਾਂ ਧੰਦਿਆਂ ਦਾ ਪੂਰਾ ਭੇਤੀ। ਮੈਂ ਕੁੰਤੀ ਨੂੰ ਪੁੱਛਿਆ ਤਾਂ ਉਹਨੇ ਕਿਹਾ, 'ਭਾਬੀ ਜਿਵੇਂ ਤੇਰੀ ਮਰਜ਼ੀ ਆ ਮੈਨੂੰ ਉਵੇਂ ਮੰਜ਼ੂਰ ਆ। ਮੈਨੂੰ ਪੂਰੀ ਉਮੀਦ ਆ ਕਿ ਤੂੰ ਮੇਰਾ ਬੁਰਾ ਨਹੀਂ ਸੋਚ ਸਕਦੀ।”

ਮੁੰਡੇ ਵਾਲਿਆਂ ਨੇ ਦਾਜ ਦੂਜ ਵੀ ਨਾ ਮੰਗਿਆ। ਬੱਸ ਦਿਨਾਂ 'ਚ ਹੀ ਵਿਆਹ ਬੱਝ ਗਿਆ। ਵਿਆਹ ਬੜੀ ਧੂਮ-ਧਾਮ ਨਾਲ ਕੀਤਾ ਸੀ ਮੈਂ। ਜਿਸ ਦਿਨ ਡੋਲੀ ਤੁਰੀ ਸੀ ਕੁੰਤੀ ਮੇਰੇ ਗਲ ਲੱਗ ਕੇ ਕਿੰਨਾ ਰੋਈ ਸੀ ਵਿਚਾਰੀ, ਝੱਲੀ ਨਹੀਂ ਸੀ ਜਾਂਦੀ ਮੈਥੋਂ ਰੋਂਦੀ। ਤੁਰਨ ਲੱਗੀ ਨੇ ਮੇਰੇ ਪੈਰੀਂ ਹੱਥ ਲਾਏ ਸੀ।

ਫਿਰ ਕੁਝ ਮਹੀਨੇ ਬੀਤੇ ਤਾਂ ਕੁੰਤੀ ਨੇ ਆਪਣੇ-ਆਪ ਨੂੰ ਸਹੁਰੇ ਘਰ ਵਿਚ ਪੂਰੀ ਤਰ੍ਹਾਂ ਸੈੱਟ ਕਰ ਲਿਆ। ਉਹਦਾ ਪਤੀ ਸੀ ਬੜਾ ਸਾਊ। ਬੜਾ ਨੇਕ ਬੰਦਾ ਨਿਕਲਿਆ। ਬੜਾ ਪਿਆਰ ਕਰਦਾ ਸੀ ਕੁੰਤੀ ਨੂੰ। ਕੁੰਤੀ ਜਦ ਮੇਰੇ ਵੱਲ ਫੇਰਾ ਪਾਉਂਦੀ ਤਾਂ ਰਾਤ ਪੈਣ ਤੋਂ ਪਹਿਲਾਂ ਹੀ ਪਰਤ ਜਾਂਦੀ, ਫਿਰ ਆਪੇ ਹੀ ਦੱਸਦੀ, 'ਭਾਬੀ ਬੜੇ ਵਧੀਆ ਮਨੁੱਖ ਨੇ ਇਹ। ਮੇਰਾ ਬੜਾ ਖ਼ਿਆਲ ਰੱਖਦੇ ਨੇ। ਪਰਛਾਂਵੇ ਵਾਂਗ ਨਾਲ ਰਹਿੰਦੇ ਨੇ। ਇਹਨਾਂ ਦੇ ਮਾਤਾ-ਪਿਤਾ ਵੀ ਬੜਾ ਚੰਗਾ ਸਮਝਦੇ ਨੇ ਮੈਨੂੰ। ਅੱਜ ਦੀ ਘੜੀ ਬੜੀ ਖੁਸ਼ ਆਂ। ਤੇਰਾ ਕਿੱਦਾਂ ਅਹਿਸਾਨ ਉਤਾਰਾਂਗੀ ਮੈਂ?”

ਬੱਸ ਮੈਨੂੰ ਲੱਗਦਾ ਬਈ ਮੈਂ ਕੁੰਤੀ ਚੋਂ ਹੀ ਆਪਾ ਲੱਭਦੀ ਫਿਰਦੀ ਆਂ। ਹੁਣ ਤਾਂ ਕੁੰਤੀ ਨੂੰ ਵੇਖ ਕੇ ਲੱਗਦਾ ਏ ਜਿਵੇਂ ਮੇਰੀ ਜ਼ਿੰਦਗੀ ਦਾ ਕੋਈ ਸਾਰਥਕ ਪਹਿਲੂ ਹੱਲ ਹੋ ਗਿਆ ਹੋਵੇ। ਕਦੀ-ਕਦੀ ਸੋਚਦੀ ਆਂ ਪਈ ਔਰਤ ਕੋਈ ਖਰੀਦੀ ਹੋਈ ਗਾਂ, ਮੱਝ ਤਾਂ ਨਹੀਂ ਹੁੰਦੀ ਬਈ ਕਿੱਲਿਆਂ 'ਤੇ ਹੀ ਬੱਝੀਆਂ ਰਹਿਣ। ਬੱਸ ਕੁੰਤੀ ਨੂੰ ਵੇਖ ਕੇ ਜਿਵੇਂ ਮੇਰੇ ਦੱਬੇ ਅਰਮਾਨ ਪੂਰੇ ਹੋ ਗਏ ਹੋਣ। ਚਲੋ ਕਿਸੇ ਦੀ ਜ਼ਿੰਦਗੀ ਤਾਂ ਮੇਰੇ ਵਾਂਗ ਬਰਬਾਦ ਹੋਣੋਂ ਬੱਚ ਗਈ ਏ। ਹੁਣ ਮੈਨੂੰ ਸਾਰੇ ਦੁੱਖ ਭੁੱਲਦੇ ਜਾਪਦੇ ਨੇ। ਹੁਣ ਕੁੰਤੀ ਚੋਂ ਹੀ ਆਪ ਦਿਸਣ ਲੱਗ ਪਿਆ ਹੈ।

ਹੁਣ ਸੋਚਦੀ ਹਾਂ ਕੀਪੇ ਦਾ ਵੀ ਕੁਝ ਸੋਚਾਂ। ਉਹਦਾ ਵੀ ਘਰ ਵੱਸਦਾ ਹੋਵੇ। ਫਿਰ ਸੋਚਦੀ ਆਂ ਮੇਰਾ ਕੀ ਬਣੂੰ। ਜੇ ਉਹਦਾ ਨਹੀਂ ਘਰ ਵੱਸਦਾ ਕਰਦੀ ਤਾਂ ਲੋਕੀਂ ਕਹਿਣਗੇ ਖਾ ਗਈ ਕੀਪੇ ਨੂੰ। ਚੂਸ ਲਿਆ ਸਾਰੇ ਦਾ ਸਾਰਾ। ਜੇ ਘਰ ਵੱਸਦਾ ਕਰਦੀ ਆਂ ਤਾਂ ਅਗਲੀ ਖਵਰੇ ਕੀਪੇ ਨੂੰ ਮੇਰੇ ਨਾਲ ਬੋਲਣ ਤੋਂ ਹੀ ਵਰਜ ਦੇਵੇ। ਮੈਂ ਤਾਂ ਦੋਚਿੱਤੀ 'ਚ ਹੀ ਪਈ ਫਿਰਦੀ ਆਂ। ਮੈਂ ਤਾਂ ਚੱਕਰਵਿਊ 'ਚ ਫਸੀ ਫਿਰਦੀ ਆਂ। ਤੁਸੀਂ ਦੱਸੋ ਹੁਣ ਮੈਂ ਕੀ ਕਰਾਂ?

(ਪਿੰਡ ਲੰਡੇ, ਜ਼ਿਲਾ ਮੋਗਾ)

# ਗ਼ਜ਼ਲਾਂ

- ਗੁਲਾਮ ਮੁਸਤਫ਼ਾ ਬਿਸਮਿਲ

1.

ਜ਼ਖ਼ਮ, ਖ਼ੁਸ਼ਬੋ, ਥਲ, ਬਰੇਤਾ, ਚਾਨਣੀ, ਦਰਿਆ ਸਫ਼ਰ।
ਰੋਜ਼ ਫੁੱਲ ਤੋਂ ਤੱਕ ਹੁੰਦਾ ਏ ਅੱਥਰੂ ਦਾ ਸਫ਼ਰ।

ਕਦ ਖਿੜਨਗੇ ਲੇਖਾਂ ਅੰਦਰ ਵਸਲ-ਰੁੱਤਾਂ ਦੇ ਗੁਲਾਬ,
ਸਾਡੀਆਂ ਨਾੜਾਂ 'ਚ ਰੱਤ ਦੀ ਥਾਂ ਕਰੇ ਬਿਰਹਾ ਸਫ਼ਰ।

ਉਸਦੀ ਮੈਂ, ਆਪਣੀ ਮੈਂ ਚੋਂ, ਬਣ ਕੇ ਮੈਂ ਪਾਵਣ ਲਈ,
ਬਣ ਕੇ ਮੈਂ ਹਮਜ਼ਾਦ ਆਪਣੀ ਜ਼ਾਤ ਦਾ ਕੀਤਾ ਸਫ਼ਰ।

ਲੱਪ ਕੁ ਚਾਨਣ ਦੀ ਕਿਤੋਂ ਕੋਈ ਹੁਧਾਰੀ ਲੈ ਦਿਓ,
ਅੱਧ ਸਦੀ ਤੋਂ ਨਾਲ ਸਾਡੇ ਕਰ ਰਿਹਾ 'ਨੇਰਾ ਸਫ਼ਰ।

ਪਾਣੀਆਂ ਦੇ ਨਾਲ ਕਰ ਲਈਆਂ ਹਵਾਵਾਂ ਸਾਜਿਸ਼ਾਂ,
ਸਾਡੀਆਂ ਸਭ ਬੇੜੀਆਂ ਦਾ ਟੁਰ ਪਿਆ ਉਲਟਾ ਸਫ਼ਰ।

ਕਾਸ਼ਨੀ ਫੁੱਲਾਂ ਤੇ ਬੈਠੀ ਉਸ ਚਿੜੀ ਨੂੰ ਕੀ ਪਤਾ,
ਜਖ਼ਮ ਰੁੱਤਾਂ ਵਿਚ ਕਰੇਗੀ, ਉਹ ਉਦਾਸੀ ਦਾ ਸਫ਼ਰ।

ਮੇਰੀਆਂ ਕਲਮਾਂ ਤੇ ਲਾ ਕੇ ਠੀਕਰੀ ਪਹਿਰਾ ਹੈ ਖ਼ੁਸ਼,
ਪਰ ਕਦੇ ਸੋਚਾਂ ਤੇ ਫ਼ਿਕਰਾਂ ਦਾ ਵੀ ਹੈ ਰੁਕਿਆ ਸਫ਼ਰ।

2.

ਸੋਚਾਂ 'ਚ ਨੂਰ ਭਰ ਗਈ, ਅੱਖੀਆਂ 'ਚ ਉਤਰੀ ਸ਼ਾਮ,
ਅਜ਼ਰ ਗੁਲਾਬ ਕਰ ਗਈ, ਅੱਖੀਆਂ 'ਚ ਉਤਰੀ ਸ਼ਾਮ।

ਜੁਗਨੂੰ ਦੀ ਰੌਸ਼ਨੀ ਦਾ ਜਦ ਆਇਆ ਸਫ਼ਰ ਕਰੀਬ,
ਤਿੱਤਲੀ ਦੇ ਰੰਗ ਭਰ ਗਈ, ਅੱਖੀਆਂ 'ਚ ਉਤਰੀ ਸ਼ਾਮ।

ਬਾਜ਼ੀ ਜਦੋਂ ਦੀ ਹਰ ਗਿਆ ਸੂਰਜ ਦਾ ਬਲਦਾ ਸ਼ਹਿਰ,
ਦੀਵਾ ਲਹੂ ਦਾ ਧਰ ਗਈ, ਅੱਖੀਆਂ 'ਚ ਉਤਰੀ ਸ਼ਾਮ।



ਕਿਹੜੀ ਬਲਾ ਦੇ ਕਹਿਰ ਨੇ, ਹੋਠਾਂ ਤੇ ਲਾਈ ਮੁਹਰ,
ਕਿਹੜੇ ਸਿਤਮ ਤੋਂ ਡਰ ਗਈ, ਅੱਖੀਆਂ 'ਚ ਉਤਰੀ ਸ਼ਾਮ।

ਦੀਵਾ, ਤਰੇਲ, ਵਾਸ਼ਨਾ, ਸੁਪਨਾ, ਧਨਕ, ਉਡੀਕ,
ਸਭ ਨੂੰ ਉਦਾਸ ਕਰ ਗਈ, ਅੱਖੀਆਂ 'ਚ ਉਤਰੀ ਸ਼ਾਮ।

ਤਾਘਾਂ ਦਾ ਦੀਪ ਬੁਝ ਗਿਆ, ਅੰਬਰ ਤੋਂ ਤਾਰੇ ਵਾਂਗ,
ਬਾਜ਼ੀ ਵਫ਼ਾ ਦੀ ਹਰ ਗਈ, ਅੱਖੀਆਂ 'ਚ ਉਤਰੀ ਸ਼ਾਮ।

ਫੁੱਲਾਂ ਦੀ ਬਣ ਕੇ ਵਾਸ਼ਨਾ, ਰਾਹਾਂ ਦੀ ਬਣ ਕੇ ਪੀੜ,
ਕਿਸ ਦੇ ਵਿਜੋਗ ਜਰ ਗਈ, ਅੱਖੀਆਂ 'ਚ ਉਤਰੀ ਸ਼ਾਮ।

3.

ਖ਼ੁਸ਼ੀ ਨਹੀਂ ਤੇ ਗ਼ਮਾਂ ਦੇ ਅੱਥਰੂ ਸੰਭਾਲ ਰੱਖੀਏ,
ਫਰਾਕ-ਰਾਹਾਂ 'ਚ ਕੋਈ ਤਾਰਾ ਉਜਾਲ ਰੱਖੀਏ।

ਹਨੇਰਾ ਅੰਬਰੋਂ ਉਤਰ ਵੀ ਆਵੇ ਤੂਫਾਨ ਵਾਂਗੂੰ,
ਬਨੇਰਿਆਂ ਤੇ ਚਿਰਾਗ਼ ਹਿੰਮਤਾਂ ਦੇ ਬਾਲ ਰੱਖੀਏ।

ਕਦਮ ਕਦਮ ਤੇ ਸਲੀਬ ਮਨਜ਼ਰ ਤੁਸਾਂ ਸਜਾਏ,
ਅਸੀਂ ਤਅੱਲਕ ਵਫ਼ਾ ਦਾ ਫਿਰ ਵੀ ਬਹਾਲ ਰੱਖੀਏ।

ਦਿਲਾਂ ਦੇ ਮੰਦਰ ਨੂੰ ਜਿਹੜਾ ਕਾਹਬੇ ਦੇ ਵਿਚ ਬਦਲ ਦੇ,
ਅਸੀਂ ਤੇ ਅੱਖ ਦੇ ਇਸ਼ਾਰੇ ਵਿਚ ਇਹ ਕਮਾਲ ਰੱਖੀਏ।

ਵਪਾਰ ਕਰੀਏ ਤੇ ਕਿਸਰਾਂ ਆਪਣੇ ਲਹੂ ਦਾ ਕਰੀਏ,
ਅਸੀਂ ਤੇ ਪੁੱਤਰਾਂ ਵਾਂਗ ਸ਼ਿਅਰਾਂ ਨੂੰ ਪਾਲ ਰੱਖੀਏ।

ਮਜਾਜ਼ ਸਾਡੇ ਨੂੰ ਤੱਕ ਕੇ ਸਮਝੋ ਨਾ ਖਾਰ ਚੁਭਵੇਂ,
ਦਿਲਾਂ 'ਚ ਖਿੜਦੇ ਗੁਲਾਬਾਂ ਵਰਗਾ ਜਮਾਲ ਰੱਖੀਏ।

ਅਸੀਂ ਤੇ ਅੰਬਰਾਂ ਦੀ ਛਾਂ ਤੋਂ ਵਾਂਜੇ ਅਜ਼ਲ ਤੋਂ 'ਬਿਸਮਿਲ',
ਅਸੀਂ ਕਿਵੇਂ ਫਿਰ ਸਿਤਾਰੇ ਸੂਰਜ ਉਛਾਲ ਰੱਖੀਏ।

ਵਿਚਾਰ ਚਰਚਾ

# ਪਰਵਾਸੀ ਪੰਜਾਬੀ ਸਾਹਿਤ-ਅਧਿਐਨ ਦੇ ਮਸਲੇ

- ਡਾ. ਕਰਮਜੀਤ ਸਿੰਘ

ਪਰਵਾਸੀ ਪੰਜਾਬੀ ਸਾਹਿਤ ਦਾ ਅਧਿਐਨ ਕਰਨ ਸਮੇਂ ਭਾਵੇਂ ਪਰਵਾਸੀ ਦੀ ਪਰਿਭਾਸ਼ਾ ਤੋਂ ਲੈ ਕੇ ਪਰਵਾਸੀ ਪੰਜਾਬੀ ਸਾਹਿਤ ਵਿਚ ਮਾਨਵੀ ਸਰੋਕਾਰਾਂ ਅਤੇ ਇਸਦੇ ਬਿਰਤਾਂਤ-ਸ਼ਾਸਤਰ ਆਦਿ ਉੱਪਰ ਵਧੇਰੇ ਚਰਚਾ ਹੋਈ ਹੈ ਪਰੰਤੂ ਇਸਦੇ ਅਧਿਐਨ ਸਮੇਂ ਆਲੋਚਕ ਨੂੰ ਆਉਂਦੀਆਂ ਸਮੱਸਿਆਵਾਂ ਦੀ ਦ੍ਰਿਸ਼ਟੀ ਤੋਂ ਅਜੇ ਤੱਕ ਵਿਚਾਰ ਨਹੀਂ ਕੀਤੀ ਗਈ। ਹਥਲੇ ਲੇਖ ਵਿਚ ਇਸੇ ਲਈ ਅਸੀਂ ਪਰਵਾਸੀ ਸਾਹਿਤ ਅਧਿਐਨ ਦੇ ਮਸਲਿਆਂ ਉੱਪਰ ਆਪਣਾ ਧਿਆਨ ਕੇਂਦਰਿਤ ਕੀਤਾ ਹੈ।

ਸਭ ਤੋਂ ਪਹਿਲਾਂ ਅਧਿਐਤਾ ਸਾਹਮਣੇ ਇਹ ਸਮੱਸਿਆ ਆਉਂਦੀ ਹੈ ਕਿ ਉਹ ਜਿਸ ਦੇਸ਼ ਦੇ ਪਰਵਾਸੀ ਸਾਹਿਤ ਦਾ ਅਧਿਐਨ ਕਰ ਰਿਹਾ ਹੋਵੇ ਉਸਨੂੰ ਉਸ ਦੇਸ਼ ਦੇ ਸਮਾਜ-ਸੱਭਿਆਚਾਰਕ, ਇਤਿਹਾਸਕ ਅਤੇ ਰਾਜਨੀਤਿਕ ਪਿਛੋਕੜ ਦੀ ਸਮੁੱਚੀ ਜਾਣਕਾਰੀ ਪ੍ਰਾਪਤ ਹੋਵੇ। ਪਰੰਤੂ ਅਜਿਹੀ ਜਾਣਕਾਰੀ ਜਾਂ ਤਾਂ ਅਲਪਮਾਤਰ ਹੈ ਜਾਂ ਫਿਰ ਨਾਂਹ ਦੇ ਬਰਾਬਰ, ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਪਰਵਾਸੀ ਸਾਹਿਤ ਦਾ ਹੁਣ ਤੱਕ ਕੀਤਾ ਗਿਆ ਅਧਿਐਨ ਅਧੂਰਾ ਹੈ। ਜੋ ਆਲੋਚਕ ਸਾਹਿਤ ਦੀ ਖ਼ੁਦਮੁਖ਼ਤਾਰ ਹੋਂਦ ਮੰਨਦੇ ਹਨ ਉਨ੍ਹਾਂ ਨੂੰ ਸ਼ਾਇਦ ਇਹ ਕਥਨ ਨਾ ਜਚੇ ਪਰੰਤੂ ਜੋ ਅਧਿਐਨ ਕਰਤਾ ਇਹ ਮੰਨਦਾ ਹੈ ਕਿ ਸਾਹਿਤ ਦਾ ਇਤਿਹਾਸ, ਸਮਾਜ-ਸਭਿਆਚਾਰ ਅਤੇ ਰਾਜਨੀਤੀ ਦਾ ਨਜ਼ਦੀਕੀ ਰਿਸ਼ਤਾ ਹੈ ਅਤੇ ਪਿਛਲੇ ਤੋਂ ਬਗ਼ੈਰ ਪਹਿਲੇ ਦਾ ਅਧਿਐਨ ਸੰਭਵ ਨਹੀਂ, ਉਸ ਲਈ ਇਹ ਕਥਨ ਕੋਈ ਹੈਰਾਨ ਕਰਨ ਵਾਲਾ ਨਹੀਂ। ਪਰਵਾਸੀ ਤੇ ਪੰਜਾਬ ਦੇ ਵਿਦਵਾਨਾਂ ਨੇ ਇਸ ਪਾਸੇ ਸੁਚੇਤ ਪੱਧਰ 'ਤੇ ਅਜੇ ਕੋਈ ਖੋਜ-ਕਾਰਜ ਨਹੀਂ ਕੀਤਾ। ਇਹ ਕੰਮ ਏਨਾ ਸੌਖਾ ਵੀ ਨਹੀਂ। ਜਿੰਨੇ ਦੇਸ਼ਾਂ ਵਿਚ ਪੰਜਾਬੀ ਸਾਹਿਬ ਰਚਿਆ ਜਾ ਰਿਹਾ ਹੈ, ਉਨ੍ਹਾਂ ਸਾਰਿਆਂ ਦੇ ਸਮਾਜ-ਸਭਿਆਚਾਰਕ, ਇਤਿਹਾਸਕ ਅਤੇ ਰਾਜਨੀਤਿਕ ਪਿਛੋਕੜ ਜਾਨਣ ਲਈ ਲੰਮੀ ਘਾਲਣਾ ਦੀ ਲੋੜ ਹੈ। ਜਿੰਨੀ ਦੇਰ ਇਹ ਅਧਿਐਨ ਉਪਲਬਧ ਨਹੀਂ ਹੋ ਜਾਂਦਾ। ਉਨੀਂ ਦੇਰ ਤੱਕ ਕੀਤਾ ਅਧਿਐਨ ਟੁੱਟਵੀਂ ਜਿਹੀ ਰੂਪ-ਰੇਖਾ ਬਣਾਉਣ ਤੱਕ ਹੀ ਸੀਮਿਤ ਰਹੇਗਾ।

ਇੱਥੇ ਪਰਵਾਸੀ ਪੰਜਾਬੀ ਲੇਖਕਾਂ ਦੇ ਉਸ 'ਰੋਸੇ' ਉੱਪਰ ਵਿਚਾਰ ਕਰਨਾ ਵੀ ਜਾਇਜ਼ ਹੈ ਕਿ ਉਨ੍ਹਾਂ ਨੂੰ 'ਪਰਵਾਸੀ' ਹੀ ਕਿਉਂ ਕਿਹਾ ਜਾਂਦਾ ਹੈ। 'ਪਰਵਾਸੀ ਕੋਈ ਅਪਸ਼ਬਦ ਨਹੀਂ, ਪਰ ਫਿਰ ਵੀ ਦਰਸ਼ਨ ਧੀਰ ਵਰਗੇ ਲੇਖਕ ਵੀ ਇਸ ਸ਼ਬਦ ਉੱਪਰ ਕਿੰਤੂ ਕਰਦੇ ਹਨ। ਇੱਕ ਥਾਂ ਆਪਣੀ ਇੰਟਰਵਿਊ ਵਿਚ ਨਾਵਲਕਾਰ ਦਾ ਕਥਨ ਹੈ, "ਪੰਜਾਬੀ ਸਾਹਿਤ ਪੰਜਾਬੀ ਸਾਹਿਤ ਹੈ ਤੇ ਉਹਦੀ ਨਿਰਖ-ਪਰਖ ਦੇ ਮਾਪ-ਤੋਲ ਵੀ ਸਾਹਿਤਕ ਹੀ ਹੋਣੇ ਚਾਹੀਦੇ ਹਨ ਨਾ ਕਿ ਕੋਈ ਹੋਰ ਕਸਵੱਟੀ। ਉਹ ਭਾਵੇਂ ਪੰਜਾਬ ਵਿਚ ਲਿਖਿਆ ਜਾ ਰਿਹਾ ਹੈ, ਭਾਵੇਂ ਪੰਜਾਬੋਂ ਬਾਹਰ ਤੇ ਭਾਵੇਂ ਬਾਹਰਲੇ ਦੇਸ਼ਾਂ ਵਿਚ। ਸਾਡੇ ਆਲੋਚਕ ਪੰਜਾਬੀ ਸਾਹਿਤ ਨੂੰ ਇਹ ਪਰਵਾਸੀ ਸਾਹਿਤ ਹੈ, ਇਹ ਇਸਤਰੀ ਸਾਹਿਤ ਹੈ, ਇਹ ਦਲਿਤ ਸਾਹਿਤ ਹੈ, ਇਹ ਪੇਂਡੂ ਸਾਹਿਤ ਹੈ, ਇਹ ਨਿੱਕੀ ਕਿਸਾਨੀ ਸਾਹਿਤ ਹੈ, ਇਹ ਸ਼ਹਿਰੀ ਸਾਹਿਤ ਹੈ ਤੇ ਪਤਾ ਨਹੀਂ ਹੋਰ ਕਿੰਨੀਆਂ ਕੁ ਵੰਡੀਆਂ ਵਿਚ ਵੰਡੇ ਬੈਠੇ ਹਨ ਤੇ ਕਾਹਦੇ ਲਈ।" ਭਾਵੁਕਤਾ ਵਿਚ ਲੇਖਕ ਅਜਿਹਾ ਕੁਝ ਕਹਿ ਸਕਦਾ ਹੈ ਪਰੰਤੂ ਆਲੋਚਕ ਲਈ ਸਾਹਿਤ ਦਾ ਅਧਿਐਨ ਕਰਨ ਸਮੇਂ ਉਪਰੋਕਤ ਵਰਗ ਵੰਡ ਕਰਨੀ ਹੀ ਪੈਂਦੀ ਹੈ। ਪੰਜਾਬੀ ਸਾਹਿਤਕਾਰ ਅਤੇ ਆਲੋਚਕ ਨੂੰ ਆਪਣਾ-ਆਪਣਾ ਖੇਤਰ ਤੈਅ ਕਰਕੇ



ਇਕ-ਦੂਜੇ ਦੇ ਖੇਤਰ ਵਿਚ ਦਖਲ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਦੂਸਰੀ ਗੱਲ ਕਿ ਪਰਵਾਸੀ ਨੂੰ ਨਾਂਹ-ਮੁਖੀ ਸ਼ਬਦ ਹੀ ਕਿਉਂ ਮੰਨਿਆ ਜਾਵੇ? ਸ਼ਿੰਦਰ. ਸ. ਥਾਂਦੀ ਦੇ ਇਸ ਕਥਨ ਨੂੰ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਪਰਵਾਸੀ / ਡਾਇਸਪੋਰਾ ਸਮੁੱਚੇ ਤੌਰ 'ਤੇ ਹਾਂ-ਮੁਖੀ ਸੰਬੋਧਨ ਪ੍ਰਵਾਨ ਕਰ ਲਿਆ ਗਿਆ ਹੈ।"

ਪੰਜਾਬੀ ਆਲੋਚਨਾ ਦੇ ਖੇਤਰ ਵਿਚ ਪਾਕਿਸਤਾਨੀ ਪੰਜਾਬੀ ਸਾਹਿਤ ਨੂੰ ਛੱਡ ਕੇ ਪੰਜਾਬ ਤੋਂ ਬਾਹਰ ਹੋਰਨਾਂ ਦੇਸ਼ਾਂ ਵਿਚ ਰਚੇ ਜਾਂਦੇ ਸਾਹਿਤ ਲਈ ਪਰਵਾਸੀ ਸ਼ਬਦ ਵਰਤਿਆ ਜਾਂਦਾ ਹੈ। ਥੋੜ੍ਹੇ ਸਮੇਂ ਤੋਂ ਅੰਗਰੇਜ਼ੀ ਦਾ ਸ਼ਬਦ ਡਾਇਸਪੋਰਾ ਵੀ ਪ੍ਰਚਲਿਤ ਹੋ ਰਿਹਾ ਹੈ। ਕੁਝ ਵਿਦਵਾਨਾਂ ਨੇ ਜਿਨ੍ਹਾਂ ਵਿਚੋਂ (ਨਦੀਮ ਪਰਮਾਰ ਇਕ ਹੈ) ਨੇ ਆਪਣੇ ਭਾਸ਼ਣਾਂ ਵਿਚ ਇਹ ਪ੍ਰਚਾਰ ਕਰਨ ਦਾ ਯਤਨ ਕੀਤਾ ਕਿ ਪਰਵਾਸ ਮਨੁੱਖ ਆਪਣੀ ਮਰਜ਼ੀ ਨਾਲ ਧਾਰਨ ਕਰਦਾ ਹੈ ਪਰੰਤੂ ਡਾਇਸਪੋਰਾ ਜਬਰੀ ਦਿੱਤਾ ਗਿਆ ਪਰਵਾਸ ਹੈ। ਪਰੰਤੂ ਅੰਗਰੇਜ਼ੀ ਵਿਚ ਅਜਿਹਾ ਕੋਈ ਵਖਰੇਵਾਂ ਨਹੀਂ। ਦੋਨਾਂ ਤਰ੍ਹਾਂ ਨਾਲ ਆਪਣੀ ਧਰਤੀ ਤੋਂ ਉੱਠ ਕੇ ਕਿਤੇ ਹੋਰ ਵੱਸਣ ਨੂੰ ਡਾਇਸਪੋਰਾ ਕਿਹਾ ਗਿਆ ਹੈ। ਇਸ ਲਈ ਅਸੀਂ ਸ਼ਬਦ ਪਰਵਾਸੀ ਹੀ ਵਰਤਾਂਗੇ। ਗਰੀਕ ਸ਼ਬਦ ਡਾਇਸਪੋਰਾ ਦਾ ਮੂਲ ਅਰਥ ਹੈ 'ਬਿਖਰਨਾ ਜਾਂ ਖਿਲਰਨਾ ਜੋ ਯਹੂਦੀਆਂ ਦੇ ਪਰਵਾਸ ਲਈ ਵਰਤਿਆ ਜਾਂਦਾ ਰਿਹਾ ਹੈ। ਪਰ ਹੁਣ ਇਹ ਕਿਸੀ ਵੀ ਦੇਸ਼ ਤੋਂ ਵਿਸਥਾਪਤ ਹੋ ਕੇ ਕਿਸੇ ਹੋਰ ਦੇਸ਼ ਵਿਚ ਵਸ ਜਾਣ ਲਈ ਵਰਤਿਆ ਜਾਣ ਲੱਗਾ ਹੈ। ਵਿਸਥਾਪਤ ਹੋਣ ਦਾ ਕਾਰਨ ਰਾਜਨੀਤਿਕ, ਆਰਥਿਕ, ਇੱਛਤ ਜਾਂ ਅਣਇੱਛਤ ਵੀ ਹੋ ਸਕਦਾ ਹੈ। ਇਸ ਲਈ ਅਸੀਂ ਪਰਵਾਸੀ ਸ਼ਬਦ ਨੂੰ ਹੀ ਉੱਚਿਤ ਸਮਝਦੇ ਹਾਂ ਜੋ ਹੁਣ ਤੱਕ ਵਰਤਿਆ ਜਾ ਰਿਹਾ ਹੈ। ਵੈਸੇ ਕਾਗਜ਼ਾਂ ਵਿਚ (NRI -Non Resident Indian), PIO (A Person of Indian Origion) ਵੀ ਵਰਤਿਆ ਜਾਂਦਾ ਹੈ ਅਤੇ ਹੁਣ ਦੋਹਰੀ ਨਾਗਰਿਕਤਾ ਦੇ ਹੁੰਦਿਆਂ OIC (Overseas Citizenship of India) ਵਰਤਿਆ ਜਾਇਆ ਕਰੇਗਾ, ਪਰੰਤੂ ਸਾਹਿਤ ਖੇਤਰਾਂ ਵਿਚ ਪਰਵਾਸੀ ਸ਼ਬਦ ਨੂੰ ਹੀ ਮਾਨਤਾ ਮਿਲੀ ਹੈ। ਭਾਰਤ ਦੀ ਧਰਤੀ ਤੋਂ ਢਾਈ ਕਰੋੜ ਲੋਕ ਵਿਸ਼ਵ ਦੇ ਇੱਕ ਸੌ ਦੋ ਦੇ ਕਰੀਬ ਦੇਸ਼ਾਂ ਵਿਚ ਜਾ ਕੇ ਵਸੇ ਹਨ। ਪੰਜਾਬੀਆਂ ਦੀ ਗਿਣਤੀ ਇਨ੍ਹਾਂ ਵਿਚ 25 ਲੱਖ ਦੇ ਕਰੀਬ ਮੰਨੀ ਜਾਂਦੀ ਹੈ। ਸਭ ਤੋਂ ਪਹਿਲਾਂ ਸਿੱਖ ਭਾਈਚਾਰਾ ਪਰਵਾਸੀ ਬਣਿਆ, ਹਿੰਦੂ ਪੰਜਾਬੀ 1911 ਈ. ਦੇ ਕਰੀਬ ਅਮਰੀਕਾ ਵਿਚ ਗਏ। ਹੁਣ ਵੀ ਇੱਕ ਤਾਂ ਸਿੱਖ ਭਾਈਚਾਰਾ ਗਿਣਤੀ ਪੱਖੋਂ ਵਧੇਰੇ ਹੈ ਅਤੇ ਦੂਸਰੇ ਦੇਸ਼ਾਂ ਦੀਆਂ ਸਰਕਾਰਾਂ ਧਾਰਮਿਕ ਘੱਟ ਗਿਣਤੀ ਨੂੰ ਵੱਖਰੀ ਮਾਨਤਾ ਦਿੰਦੀਆਂ ਹਨ, ਇਸ ਲਈ ਸਿੱਖ ਪਛਾਣ ਦਾ ਮਸਲਾ ਵਧੇਰੇ ਉੱਭਰ ਕੇ ਸਾਹਮਣੇ ਆਉਂਦਾ ਹੈ ਜਦ ਕਿ ਪੰਜਾਬੀ ਲੇਖਕ ਪੰਜਾਬੀ ਪਛਾਣ ਉੱਪਰ ਵਧੇਰੇ ਬਲ ਦਿੰਦੇ ਹਨ। ਉਨ੍ਹਾਂ ਅਨੁਸਾਰ ਧਾਰਮਿਕ ਪਛਾਣ ਉੱਪਰ ਬਲ ਦੇਣ ਨਾਲ ਕਈ ਨਵੇਂ ਸੰਕਟ ਵੀ ਉੱਭਰੇ ਹਨ। ਇੱਥੇ ਅਸੀਂ ਨਾਟਕਕਾਰ ਆਤਮਜੀਤ ਦੇ 'ਪਰਵਾਸੀ ਪੰਜਾਬੀ ਜ਼ਿੰਦਗੀ - ਸੀਮਾਵਾਂ ਤੇ ਸੰਭਾਵਨਾਵਾਂ ਪਰਚੇ ਵਿਚ ਵਿਅਕਤ ਵਿਚਾਰਾਂ ਨੂੰ ਸੰਖੇਪ ਵਿਚ ਦੇਣਾ ਚਾਹਾਂਗੇ। ਆਤਮਜੀਤ ਨੇ ਜਿੱਥੇ ਪਰਵਾਸੀਆਂ ਦੀ ਸਾਹਿਤ ਰਚਨਾ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਨੂੰ ਦੇਖਦਿਆਂ ਹੋਇਆਂ ਪੰਜਾਬੀਆਂ ਦੀਆਂ ਪਦਾਰਥਕ ਤੇ ਰਾਜਸੀ-ਸਰਕਾਰੀ ਖੇਤਰ ਵਿਚ ਪ੍ਰਾਪਤੀਆਂ ਨੂੰ ਗੌਲਣਯੋਗ ਮੰਨਿਆ ਹੈ ਅਤੇ ਨਵੀਂ ਪੀੜ੍ਹੀ ਨੂੰ ਪੱਛਮੀ ਜੀਵਨ ਨਾਲ ਗਹਿਰਾ ਸੰਵਾਦ ਰਚਾਉਂਦਿਆਂ ਵੇਖ ਕੇ ਇੱਕ ਨਵੇਂ ਸਭਿਆਚਾਰ ਦੇ ਉਥਾਨ ਦੀ ਸੰਭਾਵਨਾ ਵਿਅਕਤ ਕੀਤੀ ਹੈ ਉੱਥੇ ਪੰਜਾਬੀ ਭਾਈਚਾਰੇ ਦੇ ਦੋ ਸੰਕਟਾਂ ਵੱਲ ਵੀ ਸਾਡਾ ਧਿਆਨ ਖਿੱਚਿਆ ਹੈ। ਪਹਿਲਾਂ ਕਿ ਪੰਜਾਬੀ ਸੱਭਿਆਚਾਰ ਪੱਖੋਂ ਭਾਈਚਾਰਾ ਤਣਾਉ-ਪੂਰਨ ਸਥਿਤੀ ਵਿਚੋਂ ਲੰਘ ਰਿਹਾ ਹੈ। ਦੂਸਰਾ ਪੰਜਾਬੀ ਭਾਈਚਾਰੇ ਨੇ ਆਪਣੇ ਆਪ ਨੂੰ ਧਾਰਮਿਕ ਪੱਖੋਂ ਜ਼ਿਆਦਾ

ਸੰਗਠਿਤ ਕੀਤਾ ਹੈ, ਜਿਸ ਲਈ ਸਮਾਨਾਂਤਰ ਸੰਗਠਨਾਂ ਦੀ ਅਣਹੋਂਦ ਕਾਰਨ ਨਵੇਂ ਸੰਕਟ ਉੱਭਰੇ ਹਨ। ਆਤਮਜੀਤ ਇਥੇ ਧਾਰਮਿਕ ਸੰਕਟਾਂ ਦੀ ਗੱਲ ਕਰ ਰਿਹਾ ਹੈ ਪਰੰਤੂ ਅਜਿਹਾ ਨਹੀਂ ਕਿ ਪਰਵਾਸ ਵਿਚ ਭਾਸ਼ਾਈ ਸਾਹਿਤਕ ਜਾਂ ਰਾਜਨੀਤਿਕ ਸੰਗਠਨ ਨਹੀਂ ਹਨ। ਸਗੋਂ ਮਾਨਤਾ ਧਾਰਮਿਕ ਘੱਟ ਗਿਣਤੀਆਂ ਨੂੰ ਮਿਲੀ ਹੈ। ਹਾਂ ਆਤਮਜੀਤ ਦੇ ਇਸ ਕਥਨ ਨਾਲ ਕੋਈ ਵਿਰੋਧ ਨਹੀਂ ਹੋ ਸਕਦਾ ਕਿ "ਪਰਵਾਸ ਕਰ ਰਹੇ ਸਾਰੇ ਪੰਜਾਬੀਆਂ ਦੀ ਸਮਾਜਿਕ, ਆਰਥਿਕ, ਵਿਦਿਅਕ ਅਤੇ ਉਮਰ ਸੰਬੰਧੀ ਪਿੱਠ-ਭੂਮੀ ਵੀ ਅੱਡ-ਅੱਡ ਹੈ। ਉਨ੍ਹਾਂ ਦੇ ਪਰਵਾਸੀ ਹੋਣ ਦਾ ਸਮਾਂ ਵੀ ਇੱਕ ਨਹੀਂ ਤੇ ਨਾ ਹੀ ਦੁਨੀਆਂ ਦੇ ਕਿਸੇ ਇਕ ਖਿੱਤੇ ਵਿਚ ਜਾ ਕੇ ਵਸੇ ਹਨ। ਇਸੇ ਤਰ੍ਹਾਂ ਉਸ ਮੁਲਕ ਜਾਂ ਸ਼ਹਿਰ ਦੇ ਹਾਲਾਤ ਤੇ ਉੱਥੇ ਪੰਜਾਬੀ ਪਰਵਾਸੀਆਂ ਦੀ ਸੰਖਿਆ ਵੀ ਇਕੋ ਜਿਹੀ ਨਹੀਂ ਜਿੱਥੇ ਉਨ੍ਹਾਂ ਨੇ ਆਪਣਾ ਟਿਕਾਣਾ ਬਣਾਇਆ ਹੈ। ਇਸ ਵਿਭਿੰਨਤਾ ਕਾਰਨ ਪੰਜਾਬੀਆਂ ਦੀ ਪਰਵਾਸੀ ਜ਼ਿੰਦਗੀ ਨੂੰ ਕਿਸੇ ਵੀ ਇੱਕ ਜ਼ਾਵੀਏ ਤੋਂ ਦੇਖ ਸਕਣਾ ਜਾਂ ਉਸ ਬਾਰੇ ਕੋਈ ਇਕਹਰੀ ਪਹੁੰਚ ਬਣ ਸਕਣੀ ਬਹੁਤੀ ਸੰਭਵ ਨਹੀਂ ਹੈ।" ਇਸੇ ਮਸਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਡਾ. ਬਲਕਾਰ ਸਿੰਘ ਨੇ ਸੁਝਾਅ ਦਿੱਤਾ ਹੈ ਕਿ ਇਸ ਮਸਲੇ ਦੇ ਹੱਲ ਲਈ ਇੱਕ ਮਿਸ਼ਰਿਤ ਪਹੁੰਚ ਅਪਨਾਉਣ ਦੀ ਲੋੜ ਹੈ। ਡਾ. ਬਲਕਾਰ ਸਿੰਘ ਦੀ ਆਲੋਚਨਾ ਵਿਚ ਅਜੇ ਮੂਲ ਅੰਗਰੇਜ਼ੀ ਸ਼ਬਦ ਪਚਾਉਣ ਦੀ ਪ੍ਰਕਿਰਿਆ ਜਾਰੀ ਹੈ, ਪਰੰਤੂ ਇਸਦਾ ਵਿਚਾਰ ਮਹੱਤਵਪੂਰਨ ਹੈ।" ਪੰਜਾਬੀ ਡਾਇਸਪੋਰਾ Rumming Man ਅਜਿਹਾ ਹੈ ਜਿਸਦਾ ਸੰਸਾਰ ਆਪਣੇ ਮੂਲਵਾਸ/ ਭਾਈਚਾਰਿਆਂ ਤੋਂ ਪਰੇ ਫੈਲਿਆ ਸੰਸਾਰ ਸਮਝਿਆ ਜਾ ਸਕਦਾ ਹੈ, ਜਿਸ ਵਿਚ ਉਹ ਇੱਕ ਅਨੁਵਾਦੇ ਮਨੁੱਖ (Translated) ਜੂਨ ਭੋਗਦਾ ਹੈ। ਜਿਸਨੂੰ ਸਮਝਣ ਲਈ ਦੋਹਰੇ ਪਰਿਪੇਖਾਂ (Double perspective) ਦੀ ਲੋੜ ਬਣ ਜਾਂਦੀ ਹੈ। ਇਸ ਮਨੁੱਖ ਦਾ ਯਥਾਰਥ ਅਜਿਹਾ ਹੈ ਜਿਸ ਨੂੰ ਨਾ ਮਾਤ-ਭੂਮੀ ਕੇਂਦਰਿਤ ਕਰਕੇ ਸਮਝਿਆ ਜਾ ਸਕਦਾ ਹੈ ਅਤੇ ਨਾ ਹੀ ਰਾਸ਼ਟਰੀ ਚੇਤਨਾਵਾਂ ਵਿਚ ਮਹਿਦੂਦ ਕੀਤਾ ਜਾ ਸਕਦਾ ਹੈ, ਨਾ ਹੀ ਨਸਲੀ ਅਤੇ ਨਵੀਆਂ ਸਭਿਆਚਾਰਕ ਨੀਤੀਆਂ ਵਿਚ ਰੱਖਿਆ ਜਾ ਸਕਦਾ ਹੈ, ਨਾ ਹੀ ਘਰ ਦੀ ਹਿਫਾਜ਼ਤੀ ਨੋਸ਼ਨ ਰਾਹੀਂ ਸਮਝਿਆ ਜਾ ਸਕਦਾ ਹੈ, ਨਾ ਹੀ One people ਦੀ ਅਸੀਂ ਵਿਚ ਬਲਕਿ ਜਿਸਨੂੰ ਸਾਰੇ ਹੀ ਮਿਲਗੋਭਤਾ ਅਤੇ In-between ਅੰਦਰ ਹੀ ਸਮਝਿਆ ਜਾ ਸਕਦਾ ਹੈ।" ਇੱਥੇ ਹੁਣ ਤੱਕ ਹੁੰਦੇ ਸਾਰੇ ਅਧਿਐਨਾਂ ਨੂੰ ਰੱਦ ਕਰਕੇ ਦੋਹਰੇ ਜਾਂ ਮਿਸ਼ਰਿਤ ਪਰਿਪੇਖਾਂ ਤੋਂ ਪਰਵਾਸੀ ਸਾਹਿਤ ਦਾ ਅਧਿਐਨ ਕਰਨ ਦੀ ਪੈਰਵੀ ਕੀਤੀ ਗਈ ਹੈ। ਪਰੰਤੂ ਪਹਿਲੇ ਅਧਿਐਨਾਂ ਨੂੰ ਰੱਦ ਕਰਨ ਦੀ ਬਜਾਇ ਮਿਸ਼ਰਤ ਅਧਿਐਨ ਸਾਨੂੰ ਅਗਾਂਹ ਤੋਰ ਸਕਦਾ ਹੈ।

ਅਸਲ ਵਿਚ ਦੋ ਸੱਭਿਆਚਾਰਾਂ ਦੇ ਦੋ ਸਮੂਹ ਜਦੋਂ ਇਕ ਥਾਂ ਵੱਸਦੇ ਹੋਣ ਤਾਂ ਪਹਿਲਾਂ ਵੱਸੇ ਸਮੂਹ ਦਾ ਹੱਥ ਉੱਪਰ ਹੁੰਦਾ ਹੈ। ਫਿਰ ਵੀ ਦੋਨਾਂ ਦੇ ਦਵੰਦ ਵਿਚੋਂ ਬਹੁਤ ਕੁਝ ਟੁੱਟਦਾ ਭੱਜਦਾ ਹੈ ਤੇ ਬਹੁਤ ਕੁਝ ਨਵਾਂ ਉਸਰਦਾ ਹੈ। ਪਰਵਾਸੀ ਸਾਹਿਤ ਬਾਹਰੋਂ ਆਇਆਂ ਦੇ ਸਰੋਕਾਰਾਂ ਦਾ ਪ੍ਰਗਟਾਵਾ ਹੈ। ਇਸ ਲਈ ਮੂਲ ਨਿਵਾਸੀ ਉਸ ਵਿਚੋਂ ਖਾਰਜ ਹੁੰਦਾ ਹੈ ਜਾਂ ਫਿਰ ਉਸਨੂੰ ਵਿਰੋਧੀ ਮੰਨ ਕੇ ਚਿਤਰਿਆ ਜਾਂਦਾ ਹੈ। ਪਰਵਾਸੀ ਪੰਜਾਬੀ ਸਾਹਿਤ ਨਾਲ ਇੰਜ ਹੀ ਹੋਇਆ ਹੈ। ਭਾਵੇਂ ਹੁਣ ਵਾਲੇ ਪੜਾਅ ਤੇ ਆ ਕੇ ਮੂਲ ਵਾਸੀਆਂ ਦੇ ਵਿਚਾਰਾਂ ਤੇ ਭਾਵਨਾਵਾਂ ਨੂੰ ਵੀ ਸਮਝਣ ਦਾ ਯਤਨ ਕੀਤਾ ਗਿਆ ਹੈ। ਜਰਨੈਲ ਸਿੰਘ ਦੀ ਕਹਾਣੀ 'ਟਾਵਰਜ਼' ਇਸਦਾ ਸਸ਼ਕਤ ਉਦਾਹਰਣ ਹੈ। ਪਰਵਾਸੀ ਸਾਹਿਤ ਦੀ ਪੇਸ਼ਕਾਰੀ ਵਿਚ ਜ਼ੁਲਮ, ਪੱਖਪਾਤ ਅਤੇ ਵਿਭਿੰਨਤਾ ਦੇ ਨਾਲ-ਨਾਲ ਸਵੈ-ਦ੍ਰਿੜਤਾ ਤੇ ਸਮਨਵੈ ਅਤੇ ਪਛਾਣ ਨੂੰ ਇਕੋ ਸਮੇਂ ਜਗ੍ਹਾ ਮਿਲਦੀ ਹੈ। ਅਜਿਹੀ ਕਿਰਿਆ-ਪ੍ਰਤੀਕਿਰਿਆ ਤੋਂ ਹੀ ਪਰਵਾਸੀ ਚੇਤਨਾ ਦਾ ਵਿਕਾਸ ਹੁੰਦਾ ਹੈ। ਪਰਵਾਸੀ ਪ੍ਰਸਥਿਤੀਆਂ ਦੀ ਪਰਵਾਸੀ ਚੇਤਨਾ ਪੈਦਾ ਕਰਦੀਆਂ ਹਨ ਤੇ ਚੇਤਨਾ ਪਰਵਾਸੀ



ਪ੍ਰਸਥਿਤੀਆਂ ਨੂੰ ਪ੍ਰਭਾਵਿਤ ਕਰਦੀ ਹੈ। "ਪਰਵਾਸੀ ਚੇਤਨਾ ਸਮਾਜ ਤੇ ਮਨੁੱਖ ਦੇ ਅੰਤਰ ਸੰਬੰਧਾਂ ਦੀ ਕਿਰਿਆ-ਪ੍ਰਤੀਕਿਰਿਆ, ਆਦਾਨ-ਪ੍ਰਦਾਨ, ਵਿਹਾਰ-ਵਤੀਰੇ, ਅਨੁਭਵ ਤੇ ਪ੍ਰਤੱਖਣ ਦੇ ਮਾਧਿਅਮ ਰਾਹੀਂ ਪ੍ਰਾਪਤ ਹੁੰਦਾ ਅਜਿਹਾ ਗਿਆਨ / ਸੋਝੀ ਜਾਂ ਚਿੰਤਨ ਹੈ ਜੋ ਉਸਨੂੰ ਪਰਾਈ ਧਰਤੀ 'ਤੇ ਓਪਰੇ ਵਿਅਕਤੀ ਹੋਣ ਤੇ ਮੂਲ ਇਤਿਹਾਸਕ ਸਮਾਜਿਕ ਕਾਰਨਾਂ ਦੀ ਅੰਤਰੀਵ ਜਟਿਲ ਕਾਰਜਸ਼ੀਲ ਨਾਲ ਪ੍ਰੀਚਿਤ ਕਰਵਾਉਂਦਾ ਹੈ।" ਇਨ੍ਹਾਂ ਕਾਰਨਾਂ ਕਰਕੇ ਹੀ ਪਰਵਾਸੀ ਅਧਿਐਨ ਵਧੇਰੇ ਮਨ ਦੀਆਂ ਮਨੋਵਿਗਿਆਨਕ ਅਤੇ ਰਹੱਸਮਈ ਗਤੀਵਿਧੀਆਂ ਨੂੰ ਧਿਆਨ ਦਾ ਕੇਂਦਰ ਬਣਾਉਂਦਾ ਹੈ। ਇਹ ਉਨ੍ਹਾਂ ਲੋਕਾਂ ਦਾ ਸਾਹਿਤ ਬਣਦਾ ਹੈ, ਜੋ ਸਰੀਰਕ ਤੌਰ 'ਤੇ ਸਥਾਪਿਤ ਹਨ ਪਰੰਤੂ ਮਾਨਸਿਕ ਤੌਰ 'ਤੇ ਵਿਸਥਾਪਿਤ । ਅਜਿਹੇ ਲੋਕਾਂ ਦਾ ਦੂਸਰੀਆਂ ਨਸਲਾਂ, ਰਾਜਾਂ ਨਾਲ ਸੰਬੰਧ ਵੀ ਆਪਣੀ ਤਰ੍ਹਾਂ ਦੇ ਗੁੰਝਲਦਾਰ ਬਣਦੇ ਹਨ। ਆਲੋਚਕ ਨੂੰ ਅਜਿਹੇ ਗੁੰਝਲਦਾਰ ਅੰਤਰ ਸੰਬੰਧਾਂ ਦੀ ਸੋਝੀ ਹੋਣੀ ਚਾਹੀਦੀ ਹੈ ਤਾਂ ਹੀ ਉਹ ਪਰਵਾਸੀ ਸਾਹਿਤ ਨੂੰ ਸਮਝ ਸਕੇਗਾ ਤੇ ਇਸਦਾ ਸਹੀ ਮੁਲਾਂਕਣ ਕਰ ਸਕੇਗਾ।

ਦੋ ਜਾਂ ਵਧੇਰੇ ਸੱਭਿਆਚਾਰਾਂ ਦੀ ਡਾਇਲੈਕਟਿਕਸ ਵੱਖ-ਵੱਖ ਪੀੜ੍ਹੀਆਂ ਲਈ ਵਧੇਰੇ ਅਰਥ ਰੱਖਦੀ ਹੈ। ਪਰਵਾਸੀਆਂ ਦੀ ਦੂਜੀ ਪੀੜ੍ਹੀ ਮੂਲ ਜਾਂ ਮੁੱਖ ਧਾਰਾ ਦੇ ਨੇੜੇ ਹੁੰਦੀ ਹੈ। ਉਹ ਅਪਣਾਏ ਸਭਿਆਚਾਰ ਦੀ ਸਿੱਖਿਆ ਪ੍ਰਣਾਲੀ ਅਨੁਸਾਰ ਆਪਣੇ ਆਪ ਨੂੰ ਢਾਲਦੀ ਹੈ, ਉਹ ਉਥੋਂ ਦੀ ਭਾਸ਼ਾ ਨੂੰ ਆਤਮਸਾਤ ਕਰਦੀ ਹੈ ਅਤੇ ਮੁੱਖ-ਧਾਰਾ ਦੀਆਂ ਆਦਤਾਂ ਗ੍ਰਹਿਣ ਕਰਦੀ ਹੈ। ਇਉਂ ਉਹ ਵਿਦਵਾਨਾਂ ਦੇ ਕਹਿਣ ਅਨੁਸਾਰ ਸੱਤਾ ਵਲੋਂ ਆਪਣੇ ਅਨੁਕੂਲ ਕਰਨ ਦੇ ਸੰਦਾਂ ਰਾਹੀਂ ਢਲਦੀ ਚਲੀ ਜਾਂਦੀ ਹੈ। ਪੰਜਾਬੀ ਭਾਈਚਾਰੇ ਨਾਲ ਜੇ ਅਜਿਹਾ ਕੁਝ ਹੁੰਦਾ ਹੈ ਤਾਂ ਕੋਈ ਅਲੋਕਾਰ ਨਹੀਂ। ਹਰਜੀਤ ਅਟਵਾਲ ਨੇ ਪਹਿਲੀ ਵਾਰ ਅਜਿਹੀ ਪ੍ਰਕਿਰਿਆ ਨੂੰ ਹਾਂ-ਮੁੱਖੀ ਮੰਨਿਆ ਹੈ। ਆਪਣੇ ਨਵੇਂ ਨਾਵਲ 'ਸਾਊਥਾਲ' ਦੇ ਸਰਵਰਕ ਉੱਪਰ ਉਸਦੀ ਇਹ ਟਿੱਪਣੀ ਬੜੀ ਸਾਰਥਿਕ ਹੈ ਕਿ, "ਮੇਰੀ ਜ਼ਿੰਦਗੀ ਦਾ ਵੱਡਾ ਹਿੱਸਾ 'ਸਾਊਥਾਲ' 'ਚ ਗੁਜ਼ਰਿਆ। ਮੇਰਾ ਵੱਡਾ ਅਨੁਭਵ ਪਰਵਾਸ ਦਾ ਹੀ ਹੈ। ਹੁਣ ਤਾਂ ਇਹ ਮੈਨੂੰ ਆਵਾਸ ਲੱਗਦਾ ਹੈ ਤੇ ਭਾਰਤ ਪਰਵਾਸ। ਪਰ ਨਾਲ ਹੀ ਮੇਰਾ ਅਨੁਭਵ ਪੰਜਾਬ ਦਾ ਵੀ ਹੈ, ਪਿੰਡਾਂ ਦੀ ਜ਼ਿੰਦਗੀ ਦਾ ਵੀ। ਵੱਡਾ ਦੁਖਾਂਤ ਇਹੀ ਹੈ ਕਿ ਅਸੀਂ ਇਥੋਂ ਦਾ ਸਭਿਆਚਾਰ ਅਪਣਾ ਨਹੀਂ ਸਕੇ। ਅਸੀ ਇਸਨੂੰ ਅਪਨਾਉਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਇਵੇਂ ਸਭਿਆਚਾਰ ਅਪਣਾਏ ਵੀ ਨਹੀਂ ਜਾ ਸਕਦੇ। ਆਪਾਂ ਇਹ ਕਹਿ ਸਕਦੇ ਹਾਂ ਕਿ ਇੱਥੇ ਆ ਕੇ ਅਸੀਂ ਪੱਛਮੀ ਸਭਿਆਚਾਰ ਦੇ ਨੇੜੇ-ਤੇੜੇ ਰਹੇ ਹਾਂ। ਸਾਡੇ ਬੱਚੇ ਸਾਡੇ ਸਭਿਆਚਾਰ ਤੋਂ ਦੂਰ ਜ਼ਰੂਰ ਗਏ ਹਨ। ਉਨ੍ਹਾਂ ਨੇ ਵੀ ਪੱਛਮੀ ਸਭਿਆਚਾਰ ਨੂੰ ਪੂਰੀ ਤਰ੍ਹਾਂ ਨਹੀਂ ਅਪਨਾਇਆ, ਸਗੋਂ ਉਨ੍ਹਾਂ ਨੇ ਇਕ ਨਵੇਂ ਸਭਿਆਚਾਰ ਨੂੰ ਪੈਦਾ ਕੀਤਾ। ਉਨ੍ਹਾਂ ਭਾਰਤੀ ਸਭਿਆਚਾਰ ਦਾ ਅੰਗਰੇਜ਼ੀਕਰਨ ਕਰ ਦਿੱਤਾ ਹੈ। ਜਿਸਦੀ ਆਪਣੀ ਹੀ ਖ਼ੂਬਸੂਰਤੀ ਹੈ।"

ਇੱਕ ਗੱਲ ਪਰਵਾਸੀ ਸਾਹਿਤ ਦੀ ਸਾਹਿਤਕਤਾ ਬਾਰੇ ਵੀ। ਵਿਦਵਾਨ ਇਹ ਗੱਲ ਸਵੀਕਾਰ ਕਰਦੇ ਹਨ ਕਿ, "ਪਰਵਾਸੀ ਪੰਜਾਬੀ ਸਾਹਿਤ ਮੂਲ ਰੂਪ ਵਿਚ ਦਸਤਾਵੇਜ਼ੀ ਕਿਸਮ ਦਾ ਹੈ, ਜਿਸ ਵਿਚ ਕਦੇ-ਕਦੇ ਸਾਹਿਤਕਤਾ ਦੀ ਘਾਟ ਰੜਕਣ ਲੱਗ ਪੈਂਦੀ ਹੈ। ਇਸ ਸਭ ਦੇ ਬਾਵਜੂਦ ਇਹ ਸਾਹਿਤ ਜੀਵਨ ਸੰਘਰਸ਼ ਕਰ ਰਹੇ ਲੋਕਾਂ ਦੀ ਦਾਸਤਾਨ ਪੇਸ਼ ਕਰਦਾ ਹੈ।" ਪਰੰਤੂ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਜੇ ਪਰਵਾਸੀ ਸਾਹਿਤ ਆਪਣੇ ਅੰਤਰ-ਰਾਸ਼ਟਰੀ ਪੱਧਰ ਦੀ ਸਾਹਿਤਕਤਾ ਨੂੰ ਧਿਆਨ ਵਿਚ ਨਹੀਂ ਰੱਖਦਾ ਤਾਂ ਭਵਿੱਖ ਵਿਚ ਇਸ ਦੇ ਬਹੁਤੀ ਦੇਰ ਜੀਵਤ ਰਹਿਣ ਦੀਆਂ ਸੰਭਾਵਨਾਵਾਂ ਨਹੀਂ। ਡਾ. ਭੀਮ ਸਿੰਘ ਦਹੀਆ (ਪੂਰਵ ਵਾਈਸ ਚਾਂਸਲਰ, ਕੁਰੂਕਸ਼ੇਤਰ ਯੂਨੀਵਰਸਿਟੀ, ਅੰਗਰੇਜ਼ੀ ਦੇ ਵਿਦਵਾਨ) ਨੇ ਇਸ ਪਾਸਿਉਂ ਸਾਨੂੰ ਸੁਚੇਤ ਰਹਿਣ ਦੀ ਨੇਕ ਸਲਾਹ ਦਿੱਤੀ ਹੈ। ਉਸ ਅਨੁਸਾਰ

ਪਰਵਾਸੀ ਸਾਹਿਤ ਵੀ ਅੰਤਿਮ ਦੌਰ 'ਤੇ ਤਾਂ ਕਲਾ ਹੈ ਤੇ ਇਸਦੇ ਨਿਯਮਾਂ ਅਧੀਨ ਹੀ ਉਸਦਾ ਮੁਲਾਂਕਣ ਕੀਤਾ ਜਾਵੇਗਾ।" ਇਸ ਗੱਲੋਂ ਸੁਚੇਤ ਹੋ ਕੇ ਪੰਜਾਬੀ ਆਲੋਚਕਾਂ ਨੂੰ ਸਤਰਕ ਰਹਿਣਾ ਪਵੇਗਾ ਨਹੀਂ ਤਾਂ ਉਨ੍ਹਾਂ ਉੱਪਰ ਜੋ ਉਲਾਰ ਹੋਣ ਦੇ ਜਾਂ ਕੋਈ ਹੋਰ ਝੂਠੇ-ਸੱਚੇ ਦੋਸ਼ ਲੱਗਦੇ ਹਨ, ਉਹ ਪਰਵਾਸੀ ਸਾਹਿਤ ਦੇ ਸਹੀ ਮੁਲਾਂਕਣ ਵਿਚ ਬਾਧਕ ਸਿੱਧ ਹੋਣਗੇ।

ਅੱਜ ਦਾ ਪਰਵਾਸੀ ਪੰਜਾਬੀ ਸਾਹਿਤਕਾਰ ਵਿਸ਼ਵ-ਪੱਧਰੀ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਜਿਸ ਕਾਰਣ ਸਮੱਸਿਆਵਾਂ ਦੇ ਨਾਲ-ਨਾਲ ਪਾਤਰ ਵੀ ਪਰਦੇਸੀ ਸਥਿਤੀਆਂ ਅਨੁਸਾਰ ਹਨ, ਪਰ ਇਹ ਪਾਤਰ ਸਾਰੇ ਪਰਵਾਸੀ ਗਲਪਕਾਰਾਂ ਦੀਆਂ ਰਚਨਾਵਾਂ ਵਿਚ ਅੰਗਰੇਜ਼ੀ ਰਲੀ ਪੰਜਾਬੀ ਬੋਲਦੇ ਹਨ। ਇਹ ਇਕ ਅਣਯਥਾਰਥਕ ਸਥਿਤੀ ਹੈ। ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ 'ਟਾਵਰਜ਼' ਦੇ ਪ੍ਰਸੰਗ ਵਿਚ ਡਾ. ਜਸਵੀਰ ਜੈਨ ਇਸ ਪ੍ਰਸ਼ਨ ਨੂੰ ਪ੍ਰਮੁੱਖਤਾ ਨਾਲ ਉਠਾਉਂਦੀ ਹੈ। 'ਪਰ ਟਾਵਰਜ਼' ਅਤੇ 'ਬਰਫ਼ ਦੇ ਦਰਿਆ ਗੈਰ ਹਿੰਦੁਸਤਾਨੀ ਪਾਤਰਾਂ ਨੂੰ ਲੈ ਕੇ ਕੁਝ ਅਲੱਗ ਹੀ ਕਹਿ ਰਹੀਆਂ ਕਹਾਣੀਆਂ ਹਨ। ਇਨ੍ਹਾਂ ਵਿਚ ਭਾਸ਼ਾ ਦਾ ਬੇਮੇਲ ਅੱਖਰਦਾ ਹੈ। ਇਕ ਪਾਸੇ ਠੇਠ ਪੰਜਾਬੀ ਹੈ, ਦੂਜੇ ਪਾਸੇ ਅੰਗਰੇਜ਼ੀ ਦੇ ਸ਼ਬਦਾਂ ਦਾ ਛਿੜਕਾਅ ਹੈ। ਇਸ ਵਿਰੋਧਾਭਾਸ ਨੂੰ ਮੈਂ ਇਸ ਤਰ੍ਹਾਂ ਸਮਝਣ ਦਾ ਯਤਨ ਕੀਤਾ ਹੈ, "ਅਸਲ ਵਿਚ ਜਰਨੈਲ ਸਿੰਘ ਦੇ ਪਾਠਕ ਪੰਜਾਬੀ ਹਨ ਪਰ ਪਾਤਰ ਅੰਗਰੇਜ਼ੀ ਭਾਸ਼ੀ। ਅਜਿਹੀ ਸਥਿਤੀ ਵਿਚ ਅੰਗਰੇਜ਼ੀ ਭਾਸ਼ੀ ਪਾਤਰਾਂ ਦੇ ਮਨਾਂ ਦੀ ਦਸ਼ਾ ਨੂੰ ਲੇਖਕ ਪੰਜਾਬੀ ਵਿਚ ਅਨੁਵਾਦਿਤ ਕਰ ਰਿਹਾ ਹੈ। ਪਾਤਰ ਤੇ ਪਾਠਕ ਵਿਚਲੇ ਅੰਤਰ ਨੂੰ ਕੇਵਲ ਇਸੇ ਤਰ੍ਹਾਂ ਹੀ ਮੇਟਿਆ ਜਾ ਸਕਦਾ ਹੈ।" ਇਸ ਸਮੱਸਿਆ ਦਾ ਸ਼ਾਇਦ ਕਦੇ ਹੀ ਕੋਈ ਹੱਲ ਨਾ ਮਿਲ ਸਕੇ। ਇਸ ਲਈ ਅਣਯਥਾਰਥਕ ਸਥਿਤੀ ਨੂੰ ਵੀ ਯਥਾਰਥਕ ਮੰਨਣ ਤੋਂ ਇਲਾਵਾ ਪੰਜਾਬੀ ਪਾਠਕਾਂ ਕੋਲ ਹੋਰ ਕੋਈ ਚਾਰਾ ਨਹੀਂ।

ਅਰਧ-ਜਾਗੀਰਦਾਰੀ ਸਥਿਤੀਆਂ ਤੋਂ ਪੈਦਾ ਹੋਈ ਮਾਨਸਿਕਤਾ ਅਤੇ ਉੱਤਰ-ਆਧੁਨਿਕ ਸਥਿਤੀ ਵਿਚੋਂ ਪੈਦਾ ਹੋਈ ਮਾਨਸਿਕਤਾ ਦੇ ਟਕਰਾਉ ਅਤੇ ਇਸ ਤੋਂ ਨਿਕਲੇ ਨਤੀਜਿਆਂ ਬਾਰੇ ਪਰਵਾਸੀ ਸਾਹਿਤ ਵਿਚ ਕਾਫੀ ਚਰਚਾ ਹੋਈ ਹੈ। ਇਨ੍ਹਾਂ ਸਥਿਤੀਆਂ ਵਿਚੋਂ ਹੀ ਭਾਰਤੀ ਮਰਦ ਦਾ ਬੱਚਿਆਂ, ਔਰਤਾਂ ਅਤੇ ਪਰਿਵਾਰ ਪ੍ਰਤੀ ਰਵੱਈਆ ਨਿਸ਼ਚਿਤ ਹੁੰਦਾ ਹੈ। ਭਾਰਤੀ ਨਾਰੀ ਵੀ ਸਹਿਜ ਰੂਪ ਵਿਚ ਅਜਿਹੀ ਸਥਿਤੀ ਨੂੰ ਸਵੀਕਾਰ ਨਹੀਂ ਕਰਦੀ। ਇਨ੍ਹਾਂ ਸਥਿਤੀਆਂ ਵਿਚੋਂ ਉਪਜੇ ਕਲੇਸ਼ਾਂ ਨੂੰ ਬੱਚਿਆਂ, ਔਰਤਾਂ, ਬਜ਼ੁਰਗਾਂ ਦੇ ਸੰਦਰਭ ਵਿਚ ਪਰਵਾਸੀ ਲੇਖਕਾਂ ਨੇ ਆਪਣੀਆਂ ਰਚਨਾਤਮਿਕ ਕਿਰਤਾਂ ਦਾ ਹਿੱਸਾ ਬਣਾਇਆ ਹੈ। ਪੰਜਾਬ ਦੀ ਧਰਤੀ ਨਾਲ ਉਦਰੇਵੇਂ ਦਾ ਰਿਸ਼ਤਾ ਵੀ ਕਿਸੇ ਨਾ ਕਿਸੇ ਰੂਪ ਵਿਚ ਹਰ ਲੇਖਕ ਦੀ ਰਚਨਾ ਦਾ ਹਿੱਸਾ ਹੈ। ਕੁਝ ਆਲੋਚਕਾਂ ਅਨੁਸਾਰ ਪਰਵਾਸੀ ਤਾਂ ਲਿਖਦੇ ਹੀ ਉਦਰੇਵੇਂ ਨੂੰ ਦੂਰ ਕਰਨ ਲਈ ਹਨ। ਅਸਲ ਵਿਚ ਉਦਰੇਵੇਂ ਨੂੰ ਤਿਆਗਣ ਦੀ ਸਲਾਹ ਦੇਣ ਵਾਲੇ ਆਲੋਚਕ ਉਦਰੇਵੇਂ ਦੀ ਖ਼ਸਲਤ ਤੋਂ ਅਸਲੋਂ ਵਾਕਿਫ਼ ਨਹੀਂ ਲੱਗਦੇ। ਡਾ. ਕੇਸਰ ਸਿੰਘ ਕੇਸਰ ਨੇ ਪੰਜਾਬੀ ਲੋਕਗੀਤਾਂ ਦੇ ਉਦਰੇਵੇਂ ਦੇ ਸੰਦਰਭ ਵਿਚ ਰੇਮੰਡ ਵਿਲੀਅਮਜ਼ ਦੇ ਹਵਾਲੇ ਨਾਲ ਇਸ ਸਰਵਕਾਲੀ ਸੱਚ ਨੂੰ ਰੇਖਾਂਕਿਤ ਕਰਦਿਆਂ ਲਿਖਿਆ ਹੈ ਕਿ, "ਉਦਰੇਵੇਂ ਦੇ ਕਾਰਨ ਵੱਖ-ਵੱਖਰੇ ਹੋ ਸਕਦੇ ਹਨ। ਪਰ ਉਦਰੇਵਾਂ ਸਦੀਵੀਂ ਤੇ ਸਰਵ-ਵਿਆਪਕ ਹੈ। ਆਧੁਨਿਕ ਸੋਚ ਦਾ ਮਾਲਕ ਉਦਰੇਵੇਂ ਨੂੰ ਉਤਲੀ ਉਪਭਾਵੁਕਤਾ ਕਹਿ ਕੇ ਇਸ ਉੱਤੇ ਨੱਕ ਚਾੜ੍ਹਦਾ ਹੈ, ਖਿੱਝਦਾ ਹੈ, ਪਰ ਜੇ ਉਹ ਆਪਣੇ ਅੰਦਰ ਝਾਤੀ ਮਾਰ ਕੇ ਵੇਖੇ ਤਾਂ ਉਹ ਵੀ ਆਪਣੇ ਪਿੰਡ, ਸ਼ਹਿਰ, ਦੇਸ਼ ਜਾਂ ਘਰ ਤੋਂ ਓਦਰਿਆ ਹੋਇਆ ਮਹਿਸੂਸ ਕਰੇਗਾ। ਰੇਮੰਡ ਵਿਲੀਅਮਜ਼ ਦਾ ਕਥਨ ਹੈ - Nostalgia it can be said, is universal and persistant, only other man's nostalgia offend. (The Country and the City, P-12) ਪਛਾਣ ਦਾ ਸੰਕਟ, ਵਿਯੋਗੀ ਸਥਿਤੀ, ਹਾਸ਼ੀਆ ਗ੍ਰਸਤ ਹੋਂਦ ਅਤੇ ਨਸਲੀ ਵਿਤਕਰੇ ਦੇ ਮਸਲੇ ਆਪਸ ਵਿਚ ਜੁੜੇ ਹੋਏ ਹਨ। ਪਰਵਾਸ ਵਿਚ ਇਨ੍ਹਾਂ ਮਸਲਿਆਂ ਨੂੰ ਵਿਅਕਤੀਗਤ ਤੌਰ 'ਤੇ ਨਜਿੱਠਿਆ ਨਹੀਂ ਜਾ ਸਕਦਾ। ਇਸ ਲਈ ਸਮੂਹਾਂ ਵਿਚ ਰਹਿਣ ਦੀ ਲੋੜ ਵੀ ਮਹਿਸੂਸ ਹੁੰਦੀ ਹੈ। ਫਰਾਇਡ ਨੇ ਟੋਰਟਰ ਦੇ ਹਵਾਲੇ ਨਾਲ ਮਨੁੱਖ ਦੀਆਂ ਚਾਰ ਮੂਲ ਪ੍ਰਵਿਰਤੀਆਂ ਮੰਨੀਆਂ ਹਨ। 1. ਸਵੈ-ਹੋਂਦ ਕਾਇਮ ਰੱਖਣ ਦੀ ਪ੍ਰਵਿਰਤੀ, 2. ਭੋਜਨ ਪਾਣੀ ਦੀ ਲੋੜ ਪੂਰੀ ਕਰਨ ਦੀ ਪ੍ਰਵਿਰਤੀ, 2. ਕਾਮ ਪ੍ਰਵਿਰਤੀ ਅਤੇ 4. ਇੱਜੜ ਪ੍ਰਵਿਰਤੀ। ਫਰਾਇਡ ਅਨੁਸਾਰ ਅਖ਼ੀਰਲੀ ਪ੍ਰਵਿਰਤੀ ਪਹਿਲਿਆਂ ਤਿੰਨਾਂ ਦੇ ਵਿਰੋਧ ਵਿਚ ਹੈ। ਪਰੰਤੂ ਪਰਵਾਸੀ ਮਾਹੌਲ ਵਿਚਲੀ ਪੰਜਾਬੀ ਭਾਈਚਾਰੇ ਦੀ ਇਹ ਚੌਥੀ ਪ੍ਰਵਿਰਤੀ ਵਧੇਰੇ ਸ਼ਕਤੀਸ਼ਾਲੀ ਰੂਪ ਵਿਚ ਪ੍ਰਗਟ ਹੁੰਦੀ ਹੈ। ਪਰ ਇਸਦੇ ਕਾਰਨ, ਸਾਂਝੇ ਟੱਬਰਾਂ ਨੂੰ ਬਣਾਏ ਰੱਖਣ ਦੀ ਜ਼ਿੱਦ ਹੈ। ਇਸੇ ਲਈ ਔਰਤ ਦੀ, ਬੱਚਿਆਂ ਦੀ. ਬਜ਼ੁਰਗਾਂ ਦੀ ਵਿਅਕਤੀਗਤ ਸੁਤੰਤਰਤਾ ਉੱਪਰ ਰੋਕ ਹੈ। ਇਸ ਤੱਥ ਨੂੰ ਸਮਝਾਂਗੇ ਤਾਂ ਪਤਾ ਚੱਲੇਗਾ ਕਿ ਕਿਉਂ ਪੰਜਾਬੀ ਭਾਈਚਾਰੇ ਵਿਚ ਪਰਿਵਰਤਨਾਂ ਦੀ ਤੋਰ ਏਨੀ ਧੀਮੀ ਹੈ।

ਇੱਥੇ ਨਸਲੀ ਵਿਤਕਰੇ ਬਾਰੇ ਥੋੜ੍ਹੀ ਵਿਸਤ੍ਰਿਤ ਚਰਚਾ ਦੀ ਲੋੜ ਮਹਿਸੂਸ ਹੁੰਦੀ ਹੈ। ਆਮ ਤੌਰ 'ਤੇ ਪੰਜਾਬੀ ਲੇਖਕ ਨਸਲੀ ਵਿਤਕਰੇ ਨੂੰ ਭਾਰਤੀ ਜਾਤ-ਪਾਤ ਦੇ ਸੰਦਰਭ ਵਿਚ, ਵਿਚਾਰਦੇ ਹਨ। ਇਸਦੀ ਸਿਰ ਕੱਢ ਉਦਾਹਰਣ ਸਵਰਨ ਚੰਦਨ ਦਾ ਨਾਵਲ 'ਕੰਜਕਾਂ' ਅਤੇ ਦਰਸ਼ਨ ਧੀਰ ਦਾ ਨਾਵਲ 'ਹਾਸ਼ੀਏ' ਕਿਹਾ ਜਾ ਸਕਦਾ ਹੈ। ਆਲੋਚਕ ਨੂੰ ਸਮਝਣਾ ਚਾਹੀਦਾ ਹੈ ਕਿ ਨਸਲੀ ਵਿਤਕਰੇ ਅਤੇ ਜਾਤਪਾਤ ਵਿਚ ਬਹੁਤ ਵੱਡਾ ਅੰਤਰ ਹੈ। ਇਕ ਵਿਚ ਰੰਗ ਭੇਦ ਦਾ ਵਿਤਕਰਾ ਹੈ ਅਤੇ ਦੂਜੇ ਵਿਚ ਜਨਮ ਤੋਂ ਹੀ ਮਨੁੱਖ ਨੂੰ ਨੀਵਾਂ ਕਰਾਰ ਦੇ ਦਿੱਤਾ ਜਾਂਦਾ ਹੈ। ਹਾਂ! ਵਿਤਕਰਾ ਦੋਹਾਂ ਦਾ ਸਾਂਝਾ ਸੂਤਰ ਹੈ। ਪਰ ਦੋਨੋਂ ਇਕ ਨਹੀਂ। ਤਿੰਨ ਵਰਣ ਮਿਲਕੇ ਕੁਲ ਕਿਰਤੀ ਲੁਕਾਈ ਨੂੰ ਸ਼ੂਦਰ ਗਰਦਾਨ ਦਿੰਦੇ ਹਨ। ਉਨ੍ਹਾਂ ਤੋਂ ਸਾਰਾ ਕੰਮ ਕਰਵਾਉਂਦੇ ਹਨ ਪਰ ਫਿਰ ਵੀ ਧ੍ਰਿਕਾਰਨ ਲਈ ਉਨ੍ਹਾਂ ਦੇ ਪ੍ਰਛਾਵੇਂ ਤੋਂ ਵੀ ਡਰਦੇ ਹਨ। ਪੰਜਾਬੀ ਲੋਕਾਂ ਦੀ ਇਹ ਧਾਰਨਾ ਵੀ ਕਾਲਪਨਿਕ ਹੈ ਕਿ ਦਲਿਤ ਬੰਦਾ ਪਰਵਾਸ ਵਿਚ ਵਿਤਕਰੇ ਨੂੰ ਉਸ ਤਰ੍ਹਾਂ ਮਹਿਸੂਸ ਨਹੀਂ ਕਰਦਾ ਜਿਵੇਂ ਜਾਇਦਾਦ ਵਾਲੇ ਪੰਜਾਬੀ ਕਰਦੇ ਹਨ ਜਾਂ ਦਲਿਤਾਂ ਨੂੰ ਪੰਜਾਬ ਜਾਂ ਪਿੱਛੇ ਦੀਆਂ ਰਿਸ਼ਤੇਦਾਰੀਆਂ ਨਾਲ ਕੋਈ ਲਗਾਅ ਨਹੀਂ। ਇਹ ਆਪਣੇ ਆਪ ਵਿਚ ਅਣਵਿਗਿਆਨਕ ਅਤੇ ਹਵਾਈ ਸੋਚ ਹੈ। ਦਲਿਤ ਵੀ ਆਪਣੀਆਂ ਜੜ੍ਹਾਂ ਲਾਈ ਰੱਖਣ ਲਈ ਪਰਿਵਾਰ ਦੇ ਕਿਸੇ ਇੱਕ ਜੀਅ ਨੂੰ ਪੰਜਾਬ ਵਿਚ ਜ਼ਰੂਰ ਛੱਡਦੇ ਹਨ। ਉਹ ਵੀ ਆਪਣੀਆਂ ਰਿਸ਼ਤੇਦਾਰੀਆਂ ਦੇ ਮੋਹ ਲਈ ਹਰ ਸਾਲ ਭਾਰਤ ਫੇਰੀ ਮਾਰਨ ਆਉਂਦੇ ਹਨ। ਆਪਣੇ ਪਿਆਰਿਆਂ ਦੀਆਂ ਅਸਥੀਆਂ ਉਹ ਵੀ ਕੀਰਤਪੁਰ ਜਾਂ ਹਰਦੁਆਰ ਹੀ ਪਾਉਂਦੇ ਹਨ। ਆਲੋਚਕਾਂ ਨੂੰ ਚਿਰ ਤੋਂ ਬਣਾਏ ਇਨ੍ਹਾਂ ਵਿਚਾਰਾਂ ਨੂੰ ਬਦਲਣਾ ਚਾਹੀਦਾ ਹੈ। ਉਨ੍ਹਾਂ ਨੂੰ ਮਾਨਵੀ ਆਧਾਰਾਂ ਤੇ ਹੀ ਆਪਣੀਆਂ ਧਾਰਨਾਵਾਂ ਨੂੰ ਵਿਸਤਾਰ ਦੇਣਾ ਚਾਹੀਦਾ ਹੈ। ਹਰਚੰਦ ਸਿੰਘ ਬੇਦੀ ਦਾ ਨਸਲੀ ਵਿਤਕਰੇ ਦੇ ਸੰਦਰਭ ਵਿਚ ਇਹ ਕਥਨ ਮੰਨਣਯੋਗ ਹੈ ਕਿ,"ਜੱਟਪਰਕ ਮਾਨਸਿਕਤਾ ਵਾਲੇ ਲੇਖਕਾਂ ਨੇ ਇਸ ਮਸਲੇ ਨੂੰ ਵਧੇਰੇ ਦੁਹਰਾਉ ਪ੍ਰਦਾਨ ਕੀਤਾ ਹੈ।"

ਧਰਮ ਤੋਂ ਬਾਅਦ ਕਿਸੇ ਵੀ ਪਰਵਾਸੀ ਸਮੂਹ ਦਾ ਚਿੰਨ੍ਹ ਭਾਸ਼ਾ ਹੁੰਦੀ ਹੈ। ਦੇਸ਼ ਵਾਂਗ ਪਰਦੇਸ ਵਿਚ ਵੀ ਕਿਉਂਕਿ ਧਾਰਮਿਕ ਘੱਟ ਗਿਣਤੀ ਨੂੰ ਮਾਨਤਾ ਮਿਲੀ ਹੈ, ਇਸ ਲਈ ਪੰਜਾਬੀ ਭਾਸ਼ਾ ਨੂੰ ਵੀ ਉਨ੍ਹਾਂ ਨਾਲ ਜੋੜਿਆ ਗਿਆ ਹੈ ਅਤੇ ਉਨ੍ਹਾਂ ਨੇ ਇਸ ਭਾਸ਼ਾ ਵਿਚ ਆਪਣੇ ਧਾਰਮਿਕ ਸਾਹਿਤ ਦਾ ਖੂਬ

ਪ੍ਰਚਾਰ ਪ੍ਰਸਾਰ ਵੀ ਕੀਤਾ ਹੈ। ਵਿਸ਼ੇਸ਼ ਤੌਰ 'ਤੇ ਤਕਨੀਕੀ ਜਾਣਕਾਰੀ ਦਾ ਜਿੰਨਾ ਸਦ-ਉਪਯੋਗ ਉਹ ਕਰ ਰਹੇ ਹਨ, ਉਹ ਕੋਈ ਹੋਰ ਪੰਜਾਬੀ ਸਮੂਹ ਨਹੀਂ ਕਰ ਸਕਦਾ। ਪੰਜਾਬ ਵਾਂਗ ਪਰਵਾਸ ਵਿਚ ਵੀ ਸਾਹਿਤਕ ਗਤੀਵਿਧੀਆਂ ਦਾ ਸੰਚਾਲਨ ਧਰਮ-ਨਿਰਪੱਖ ਅਤੇ ਪ੍ਰਗਤੀਵਾਦੀ ਦਿੱਖ ਵਾਲੇ ਸੰਗਠਨ ਕਰ ਰਹੇ ਹਨ। ਅਖ਼ਬਾਰਾਂ ਦੀ ਇਸ ਪ੍ਰਸੰਗ ਭੂਮਿਕਾ ਮਹੱਤਵਪੂਰਨ ਹੈ। ਪਰੰਤੂ ਰਘਬੀਰ ਸਿੰਘ ਸਿਰਜਣਾ ਨੇ ਪੰਜਾਬੀ ਭਾਈਚਾਰੇ ਦੀ ਆਪਣੀ ਭਾਸ਼ਾ ਪ੍ਰਤੀ ਦ੍ਰਿਸ਼ਟੀ ਦੀ ਕਾਣ ਨੂੰ ਵੀ ਸਾਹਮਣੇ ਲਿਆਂਦਾ ਹੈ। ਉਸ ਅਨੁਸਾਰ ਵਿਦੇਸ਼ੀ ਸਰਕਾਰਾਂ ਨੇ ਗਿਣਤੀ ਦੇ ਆਧਾਰ 'ਤੇ ਪੰਜਾਬੀ ਪੜ੍ਹਾਈ ਦਾ ਪ੍ਰਬੰਧ ਤਾਂ ਕੀਤਾ ਹੋਇਆ ਹੈ, ਪਰੰਤੂ "ਤ੍ਰਾਸਦੀ ਇਹੀ ਹੈ ਕਿ ਦੂਜੀਆਂ ਘੱਟ ਗਿਣਤੀਆਂ ਦੇ ਉਲਟ ਪਰਵਾਸੀ ਪੰਜਾਬੀ ਇਸ ਵਿਵਸਥਾ ਦਾ ਪੂਰਾ ਲਾਹਾ ਲੈਣ ਵਿਚ ਅਕਸਰ ਨਾਕਾਮ ਰਹਿੰਦੇ ਹਨ। ਪਰਵਾਸੀ ਪੰਜਾਬੀ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦੀ ਥਾਂ ਕੋਈ ਹੋਰ ਯੂਰਪੀਅਨ ਭਾਸ਼ਾ ਪੜ੍ਹਾਉਣਾ ਵਧੇਰੇ ਪਸੰਦ ਕਰਦੇ ਹਨ।

ਅਖ਼ੀਰ 'ਤੇ ਅਸੀਂ ਪਰਵਾਸੀ ਭਾਈਚਾਰੇ ਦੀ ਭਵਿੱਖ ਦੀ ਸੇਧ ਬਾਰੇ ਵੀ ਕੁਝ ਕਹਿਣਾ ਚਾਹਾਂਗੇ। ਇਸ ਵਿਚਾਰ ਨਾਲ ਤਾਂ ਅਸੀਂ ਸਹਿਮਤ ਨਹੀਂ ਕਿ ਉਦਰੇਵੇਂ, ਭੂ-ਹੇਰਵੇ, ਪੀੜ੍ਹੀ-ਪਾੜੇ ਅਤੇ ਸਭਿਆਚਾਰਕ ਸੰਕਟ ਦੇ ਭਵਿੱਖ ਵਿਚ ਮਸਲੇ, ਮਸਲੇ ਹੀ ਨਹੀਂ ਰਹਿਣਗੇ, ਬਲਕਿ ਸਾਡੀ ਇਹ ਸੋਚੀ ਸਮਝੀ ਧਾਰਣਾ ਹੈ ਕਿ ਇਨ੍ਹਾਂ ਮਸਲਿਆਂ ਨੂੰ ਸੋਚ ਸਮਝ ਰਾਹੀਂ ਸਿਰਜਣਾਤਮਿਕ ਸੇਧ ਦੇਣ ਦੀ ਜ਼ਰੂਰਤ ਹੈ। ਭਾਈਚਾਰੇ ਨੂੰ ਆਉਂਦੀ ਹਰ ਸਮੱਸਿਆ ਨੂੰ ਬਾਹਰਮੁੱਖੀ ਸੋਚ ਰਾਹੀਂ ਵਿਸ਼ਲੇਸ਼ਤ ਕਰਕੇ ਆਪਣੀ ਵੱਖਰੀ ਪਛਾਣ ਬਣਾਈ ਰੱਖ ਕੇ ਵੀ ਅਗਾਂਹ ਵਧਣ ਦੀਆਂ ਯੋਜਨਾਵਾਂ ਬਣਾਉਣੀਆਂ ਪੈਣਗੀਆਂ। "ਇਹ ਜ਼ਰੂਰੀ ਹੈ ਕਿ ਪੰਜਾਬੀ ਸਮੁਦਾਇ ਆਤਮ ਵਿਸ਼ਵਾਸ ਨਾਲ ਪਰਿਵਰਤਨ ਦੀਆਂ ਸ਼ਕਤੀਆਂ ਨੂੰ ਸੰਭਾਲਣ ਕਿਉਂਕਿ ਇਨ੍ਹਾਂ ਨੂੰ ਰੋਕ ਨਹੀਂ ਸਕਦੇ। ਪੰਜਾਬੀ ਪਰਵਾਸੀਆਂ ਦਾ ਯੋਗਦਾਨ ਪੰਜਾਬੀ ਸਮਾਜ 'ਤੇ ਅਮਿੱਟ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਰਹੇਗਾ। ਜੇ ਉਹ ਇੱਕ ਸਭਿਆਚਾਰਕ ਪਛਾਣ ਕਾਇਮ ਕਰਨ ਵਿਚ ਸਫ਼ਲ ਰਹੇ ਤਾਂ ਪੰਜਾਬੀ ਪ੍ਰੰਪਰਾ ਅਤੇ ਸਭਿਆਚਾਰ ਫੈਲੇਗਾ। ਉਨ੍ਹਾਂ ਦੀ ਅਸਫਲਤਾ ਪੰਜਾਬੀ ਸਭਿਆਚਾਰ ਦੀ ਸ਼ਕਤੀ ਦੀ ਅਸਮਰੱਥਾ ਦਾ ਵੀ ਪ੍ਰਤੀਕ ਹੈ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਜੋ ਲਿਫਦੇ ਨਹੀਂ, ਉਹ ਟੁੱਟ ਜਾਂਦੇ ਹਨ।"

ਉਪਰੋਕਤ ਚਰਚਾ ਪੰਜਾਬੀ ਸਾਹਿਤ ਆਲੋਚਨਾ ਦੇ ਖੇਤਰ ਤੋਂ ਬਾਹਰ ਰਹਿ ਗਏ ਮਸਲਿਆਂ ਨੂੰ ਵੀ ਰੇਖਾਂਕਿਤ ਕਰ ਰਹੀ ਹੈ ਅਤੇ ਨਾਲ ਹੀ ਇਸ ਖੇਤਰ ਵਿਚ ਪ੍ਰਚਲਿਤ ਹੋ ਚੁੱਕੀਆਂ ਭੁਲੇਖਾ ਪਾਊ ਧਾਰਨਾਵਾਂ ਨੂੰ ਵੀ ਸਾਹਮਣੇ ਲਿਆਉਂਦੀ ਹੈ। ਇਸਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਹੁਣ ਤੱਕ ਦੀ ਪਰਵਾਸੀ ਸਾਹਿਤ ਆਲੋਚਨਾ ਸਮੁੱਚੀ ਸਾਹਿਤ ਦੀ ਆਲੋਚਨਾ ਵਾਂਗ ਅਧੂਰੀ ਹੈ ਕਿਉਂਕਿ ਇਹ ਸਾਹਿਤ ਕੇਂਦ੍ਰਿਤ ਨਾ ਰਹਿ ਕੇ ਚਹੇਤੇ ਸਾਹਿਤਕਾਰਾਂ ਉੱਪਰ ਕੇਂਦ੍ਰਿਤ ਹੋ ਕੇ ਰਹਿ ਗਈ ਹੈ। ਸਾਨੂੰ ਸਾਹਿਤ ਨਾਲ ਪ੍ਰਤੀਬੱਧ ਆਲੋਚਨਾ ਦੀ ਲੋੜ ਹੈ। ਇਸ ਲਈ ਪਰਵਾਸੀ ਆਲੋਚਕ ਦੇ ਨਾਲ-ਨਾਲ ਆਲੋਚਨਾ ਦੀ ਭੂਮਿਕਾ ਵਧੇਰੇ ਨਿਰਣਾਇਕ ਹੋਵੇਗੀ ਜੋ ਅਜੇ ਪੈਦਾ ਹੋਣੀ ਹੈ।

**ਈ-56, ਯੂਨੀਵਰਸਿਟੀ ਕੈਂਪਸ, ਕੁਰੂਕਸ਼ੇਤਰਾ 36119**

**ਨੋਟ:- ਇਹ ਖੋਜ-ਪੱਤਰ ਜੁਲਾਈ 2009 ਵਿਚ ਟਰਾਂਟੋ ਵਿਚ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਵਿਚਾਰਨ ਲਈ ਲਿਖਿਆ ਗਿਆ ਸੀ।**





# ਸਰਹੱਦੀ ਦੀਆਂ ਨਵੀਆਂ ਗ਼ਜ਼ਲਾਂ

## ਮੈਂ ਘੁੱਗੀਆਂ ਦਾ ਜੋੜਾ ਲਿਖਿਆ

ਮੈਂ ਘੁੱਗੀਆਂ ਦਾ ਜੋੜਾ ਲਿਖਿਆ ਨਾਲ ਸਫ਼ੈਦ ਕਬੂਤਰ ਸੀ।
ਮੈਨੂੰ ਜੋ ਖ਼ਤ ਪਰਤਿਆ ਉਸ ਵਿਚ ਖ਼ੂਨ 'ਚ ਭਿੱਜਾ ਖੰਜਰ ਸੀ।

ਘਰ ਆ ਕੇ ਮੈਂ ਲਿਖਤ ਤੇਰੀ ਦਾ ਵਾਚਿਆ ਅੱਖਰ-ਅੱਖਰ ਸੀ,
ਹਰ ਅੱਖਰ ਇੱਕ ਬਾਣ ਸੀ ਅੱਗ ਦਾ ਜ਼ਹਿਰ 'ਚ ਭਿੱਜਾ ਨਸ਼ਤਰ ਸੀ।

ਹਰ ਇਕ ਮੇਜ਼ ਨੇ ਹੱਥ ਅੱਡੇ ਸਨ ਦਫ਼ਤਰ ਸੀ ਕਿ ਮੰਗਤਾ ਘਰ ਸੀ?
ਖ਼ਬਰੇ ਅਫ਼ਸਰ ਕਿੱਥੇ ਤੁਰ ਗਏ ਹਰ ਇੱਕ ਕੁਰਸੀ ਤੇ ਪੱਥਰ ਸੀ।

ਮੇਰੀਆਂ ਸ਼ੀਸ਼ਾਂ ਥਾਣੀ ਲੰਘ ਕੇ ਮੇਰੇ ਦਿਲ ਤੱਕ ਪਹੁੰਚ ਗਈ ਉਹ,
ਮੇਰੇ ਲਈ ਉਹ ਪੂਰਾ ਚੰਨ ਸੀ ਉਹ ਜੋ ਚੰਨ ਦੀ ਇਕ ਕਾਤਰ ਸੀ।

ਦੋਹਾਂ ਦੀ ਹੀ ਜ਼ਾਤ ਮਨੁੱਖਤਾ ਦੋਵੇਂ ਸੱਚ ਦੇ ਪੁਤਲੇ ਹੁੰਦੇ,
ਹਰ ਸ਼ਾਇਰ ਪੈਗੰਬਰ ਹੁੰਦੈ, ਹਰ ਪੈਗੰਬਰ ਇਕ ਸ਼ਾਇਰ ਸੀ।

ਭਗਤ ਸਿੰਘ ਨੂੰ ਪੁੱਤ ਪੁੱਤ ਕਹਿੰਦਾ, ਇਕ ਦਮ ਨੇਤਾ ਚੁੱਪ ਹੋ ਗਿਆ,
ਕਿਉਂਕਿ ਉਸਦਾ ਪੁੱਤਰ ਘਰ ਸੀ ਤੇ ਅਗਲਾ ਘਰ ਉਸਦਾ ਘਰ ਸੀ।

ਘਰ ਦੀ ਚਾਰਦੀਵਾਰੀ ਅੰਦਰ ਲੂਣ ਤੇ ਆਟਾ ਖਾ ਗਿਆ ਜਿਸਨੂੰ,
ਉਸ ਬੰਦੇ ਵਿਚ ਡਾਢੇ ਗੁਣ ਸਨ, ਉਹ ਵੀ ਇੱਕ ਸਿਕੰਦਰ ਸੀ।

ਜੇਬ੍ਹ ਦਾ ਪੱਥਰ ਅੱਖ ਵਿਚ ਸ਼ੀਸ਼ਾ ਕਿੱਦਾਂ ਦਾ ਸੀ ਉਹ 'ਸਰਹੱਦੀ',
ਜਿਸਦੀ ਬੁੱਕਲ ਵਿਚ ਦੀਵੇ ਸਨ ਜਿਸ ਦੀ ਝੱਖੜਾਂ ਦੀ ਚਾਦਰ ਸੀ।

## ਸਿਖ਼ਰ ਦੁਪਹਿਰਾ

ਸਿਖ਼ਰ ਦੁਪਹਿਰਾ 'ਥਲ ਦਾ ਪੈਂਡਾ ਚਲ ਕਰੀਏ ਅਰਦਾਸ।
ਸ਼ਾਮ ਦੇ ਨਖਲਿਸਤਾਨ ਤੋਂ ਪਹਿਲਾਂ ਮਰ ਨਾ ਜਾਏ ਪਿਆਸ।

ਆਪੋ ਆਪਣੀ ਚਾਹ ਹੁੰਦੀ ਹੈ ਆਪਣੀ ਰੀਝ, ਪਸੰਦ,
ਮੈਂ ਜਿਨ੍ਹਾਂ ਨੂੰ ਆਮ ਸਮਝਣਾ ਲੋਕੀਂ ਸਮਝਣ ਖ਼ਾਸ।

ਬੇਘਰ ਹੋ ਗਏ ਲੋਕ ਹੀ ਜਾਨਣ ਆਪਣੇ ਘਰਾਂ ਦਾ ਮੁੱਲ,
ਵਤਨ ਦਾ ਮੁੱਲ ਉਹਨਾਂ ਤੋਂ ਪੁੱਛੋ ਜੋ ਕਰ ਗਏ ਪਰਵਾਸ।

ਬਸ਼ਰ ਗਰੀਬ ਨੂੰ ਸਭ ਤੋਂ ਵੱਡਾ ਮਿਲਦਾ ਲਕਬ ਸ਼ਰੀਫ,
ਜਦ ਤਕ ਬਸ਼ਰ ਗਰੀਬ ਹੈ ਤਕ ਤਕ ਬਣ ਨਾ ਸਕਦਾ ਖ਼ਾਸ।

ਮੈਂ ਪੁੱਛਿਆ ਜਦ ਬਸਤੀ ਬਾਰੇ ਆਖਿਆ ਇੰਝ ਫ਼ਕੀਰ,
'ਬੰਦੇ ਵਿਚੋਂ ਮਿੱਲ ਚੁੱਕਾ ਹੈ ਬੰਦੇ ਨੂੰ ਬਨਵਾਸ'।

ਮੇਰੇ ਕੋਲ ਨੇ ਤਿੰਨ ਸੁਗਾਤਾਂ ਦਰਦ, ਵਫ਼ਾ, ਈਮਾਨ,
ਰੱਬਾ ਕਾਹਦਾ ਰੱਬ ਹੈ ਤੂੰ ਦੱਸ ਕੀ ਹੈ ਤੇਰੇ ਪਾਸ?

ਘੁੱਗੀ ਦੀ ਅੱਖ ਵਿਚ ਸਦੀਵੀ ਵੱਸ ਚੁੱਕਾ ਹੈ ਬਾਜ਼,
ਸੁਪਨੇ ਵਿਚ ਵੀ, ਸੌਣ ਨਾ ਦੇਵੇ ਮੌਤ ਦਾ ਖੌਫ ਤ੍ਰਾਸ।

ਸੁੱਕ ਚੁੱਕੀ ਇਸ ਨਦੀ ਦੀ ਰੇਤਾ ਬਣ ਜਾਣੀ ਜਲ-ਧਾਰ,
ਆਪਣੀ ਆਸ ਨੂੰ ਸਾਂਭ ਕੇ ਰੱਖ ਤੂੰ ਸਾਂਭ ਕੇ ਰੱਖ ਪਿਆਸ।

ਕਾਹਨੂੰ ਕੁਟਨੈ ਤੂੰ ਸਰਹੱਦੀ ਸ਼ਬਦਾਂ ਦੀ ਮਿਰਦੰਗ,
ਸ਼ਬਦਾਂ ਵਿਚੋਂ ਕਰ ਚੁੱਕੇ ਹਨ ਅਰਥ ਹੀ ਜਦ ਪਰਵਾਸ।

## ਵਕਤੇ ਹਾਂ

ਵਕਤ ਹਾਂ ਨਰਸਿੰਘ ਨੇ ਨਹੁ ਖੰਜ਼ਰ ਬਣਾ ਆਇਆ ਹਾਂ ਮੈਂ,
ਕੰਸ ਦੀ ਹੀ ਭੈਣ ਕੁੱਖੇ ਕ੍ਰਿਸ਼ਨ ਪਾ ਆਇਆ ਹਾਂ ਮੈਂ।

ਮੈਂ ਸਮਾਂ ਹਾਂ ਚਾਂਦਨੀ ਦੇ ਚੌਂਕ ਵਿਚ ਪਲ ਠਹਿਰ ਕੇ,
ਦਿੱਲੀ ਵਿਚ ਇੱਕ ਨੂਰ ਦਾ ਦਰਿਆ ਵਹਾ ਆਇਆ ਹਾਂ ਮੈਂ।

ਸ਼ਹਿਰ ਦੀ ਹਰ ਕੰਧ 'ਤੇ ਉਹਨਾਂ ਨੇ ਵਾਹੀ ਸੀ ਬੰਦੂਕ,
ਸਾਰੀਆਂ ਬੰਦੂਕਾਂ ਅੱਗੇ ਫੁੱਲ ਵਾਹ ਆਇਆ ਹਾਂ ਮੈਂ।

ਮਾਏਂ ਤੇਰੀ ਭਿੰਨੀ ਭਿੰਨੀ ਮਹਿਕ ਮੇਰੇ ਨਾਲ ਹੈ,
ਭਾਵੇਂ ਤੇਰੇ ਫੁੱਲ ਕੀਰਤਪੁਰ ਵਹਾ ਆਇਆ ਹਾਂ ਮੈਂ।

ਦੂਰ ਤੱਕ ਅਸਮਾਨ ਵਾਂਗੂੰ ਫੈਲਿਆ ਸਾਗਰ ਸੀ ਉਹ,
ਪਿਆਸ ਦੀ ਕਸਤੂਰੀ ਵੀ ਉਸ ਵਿਚ ਛੁਪਾ ਆਇਆ ਹਾਂ ਮੈਂ।

ਲੋਕ ਨੇ ਹੈਰਾਨ ਕਿ ਝੱਖੜਾਂ 'ਚ ਦੀਵਾ ਬਲ ਰਿਹਾ,
ਲੋਕਾਂ ਨੂੰ ਕੀ ਇਲਮ ਹੈ ਕਿ ਦਿਲ ਜਲਾ ਆਇਆ ਹਾਂ ਮੈਂ।



ਮੈਂ ਵੀ ਆਪਣੀ ਹੋਂਦ ਦੇ ਵਿਸਤਾਰ ਆਇਆ ਸਿਰਜ ਕੇ,
ਮੁੱਠੀ ਭਰ ਅੱਕ ਫੰਬੜੀਆਂ 'ਵਾ ਵਿਚ ਉਡਾ ਆਇਆ ਹਾਂ ਮੈਂ।

ਖਿੜਨਗੇ ਫੁੱਲ ਦੀਵਿਆਂ ਦੇ 'ਨ੍ਹੇਰ ਜਦ ਜਦ ਵੀ ਪਿਆ,
ਤੇਰੇ ਰਾਹੀਂ ਸ਼ਾਇਰੀ ਦੇ ਬੂਟੇ ਲਾ ਆਇਆ ਹਾਂ ਮੈਂ।

## ਮੈਂ ਜੀਂਦੀ ਮਿੱਟੀ ਹਾਂ

ਮੈਂ ਜੀਂਦੀ ਮਿੱਟੀ ਹਾਂ ਸ਼ਿਲਪੀ ਤੂੰ ਆਪਣੇ ਹੱਥ ਛੁਹਾ ਮੈਨੂੰ,
ਅਹਿਲਿਆ ਵਾਂਗ ਸੁੱਤੀ ਹਾਂ ਬਣਾ ਦੀਵੇ ਜਗਾ ਮੈਨੂੰ।

ਮੈਂ ਤੇਰੇ ਖ਼ੂਨ ਵਿਚ ਵੱਸਾਂ ਕਰੇਂਗਾ ਕਿੰਝ ਵਿਦਾ ਮੈਨੂੰ,
ਸੁਗੰਧੀ ਹਾਂ ਮੈਂ, ਫੁਲ ਨਾਲੋਂ ਕਰੇਂਗਾ ਕਿੰਜ ਜੁਦਾ ਮੈਨੂੰ।

ਚੜ੍ਹਾ ਦੇ ਕਬਰ ਤੇ ਭਾਵੇਂ ਤੂੰ ਜੂੜੇ ਵਿਚ ਸਜਾ ਮੈਨੂੰ,
ਮੈਂ ਫੁੱਲ ਹਾਂ ਪਲ ਨੂੰ ਝੜ ਜਾਣਾਂ ਫਿਰੂ ਲੱਭਦੀ ਹਵਾ ਮੈਨੂੰ।

ਕਦੇ ਹਿਮ ਹਾਂ ਕਦੇ ਦਰਿਆ ਕਦੇ ਬੁੱਕਲ ਕਦੇ ਸਾਗਰ,
ਤੇਰੇ ਸਾਹਾਂ 'ਚ ਘੁਲਿਆ ਰਹਿਣ ਦੀ ਕੀ-ਕੀ ਸਜ਼ਾ ਮੈਨੂੰ।

ਇਹ ਕੀ ਨੇ ਅੱਗ ਦੇ ਦਰਿਆ ਇਹ ਕੀ ਹੈ ਨੇਜ਼ਿਆਂ ਦੀ ਵਾੜ,
ਮੁਹੱਬਤ ਹਾਂ ਮੁਹੱਬਤ ਨਾਲ ਇਕ ਵੇਰਾਂ ਬੁਲਾ ਮੈਨੂੰ।

ਗ਼ਜ਼ਲ, ਨਾਵਲ, ਕਹਾਣੀ, ਨਜ਼ਮ ਸਭ ਕੁਝ ਖ਼ੂਬ ਹੈ ਤੇਰਾ,
ਮੈਂ ਤੈਨੂੰ ਬਹੁਤ ਪੜ੍ਹਿਆ ਹੈ ਕਿਤੇ ਦਿਲ ਵੀ ਪੜ੍ਹਾ ਮੈਨੂੰ।

ਕਦੇ ਹਿੰਦੂ ਕਦੇ ਮੁਸਲਿਮ ਇਸਾਈ ਸਿੱਖ ਹੀ ਕਿਉਂ ਹਾਂ,
ਮੈਂ ਚਾਹਾਂ ਆਦਮੀ ਬਣਨਾ ਦਵੇ ਸ਼ਕਤੀ ਖ਼ੁਦਾ ਮੈਨੂੰ।

ਸ਼ਨਾਖਤ ਚਿਹਰਿਆਂ ਤੋਂ ਨਹੀਂ ਹਮੇਸ਼ਾ ਦਿਲ ਤੋਂ ਬਣਦੀ ਹੈ,
ਪਤਾ ਨਹੀਂ ਬੰਸਰੀ ਦਾ ਪਰ ਪਤਾ ਹੈ ਹੂਕ ਦਾ ਮੈਨੂੰ।

ਤੇਰਾ ਗ਼ਮ ਤਾਂ ਨਿਰਾ ਸੋਨਾ ਹੈ ਜਿਸਦੇ ਸ਼ਿਅਰ ਬਣ ਜਾਂਦੇ,
ਕਰੀਂ ਨਾ ਗ਼ਮ ਜੁਦਾ ਆਪਣੇ ਕਰੀ ਬੇਸ਼ੱਕ ਜੁਦਾ ਮੈਨੂੰ।

ਭਾਰਤੀ ਕਹਾਣੀ
(ਹਿੰਦੀ)

# ਸੰਦੂਕ

**- ਨਿਰਮਲ ਸਿੰਘ**

ਉਸਦੇ ਅੰਤਹਿਕਰਨ 'ਚ ਭੂਚਾਲ ਵਰਗੀ ਉਥਲ-ਪੁਥਲ ਹੋ ਰਹੀ ਸੀ। ਬਹੁਤ ਹੀ ਸੰਭਾਲ ਕੇ ਰੱਖੇ ਘਰ ਦੀ ਇੱਜ਼ਤ-ਆਬਰੂ, ਮਾਨ-ਸਨਮਾਨ ਉਸਦੀਆਂ ਅੱਖਾਂ ਸਾਹਮਣੇ ਖੇਹ-ਮਿੱਟੀ ਹੋ ਰਿਹਾ ਸੀ। ਘਰ ਦੇ ਹਰ ਪਾਸੇ ਪੁਲਿਸ ਇੰਸਪੈਕਟਰ, ਆਮਦਨ-ਕਰ ਅਧਿਕਾਰੀ ਠੱਕ-ਠੱਕ ਕਰਦੇ ਘੁੰਮ ਰਹੇ ਸਨ। ਸਭ ਕੁਝ ਉਲਟਾ-ਪੁਲਟਾ ਕੇ ਦੇਖ ਰਹੇ ਸਨ। ਉਸਨੂੰ ਲੱਗਾ ਉਸਦੀ ਦੁਨੀਆਂ ਲੁੱਟੀ ਗਈ ਹੈ। ਏਡੇ ਵੱਡੇ ਸਰਕਾਰੀ ਅਫ਼ਸਰ ਦੀ ਕੋਠੀ, ਇਕਦਮ ਜਰਜਰੀ ਜਿਹੀ ਹੁੰਦੀ ਦਿਸ ਰਹੀ ਹੈ। ਉਹ ਜੀਉਂਦੇ ਜੀਅ ਮਰਨ ਵਰਗੀ ਹੋ ਗਈ, ਕਿੱਥੇ ਉਸਦੇ ਪਤੀ ਦੀ ਸ਼ਰਾਫ਼ਤ, ਇਮਾਨਦਾਰੀ ਤੇ ਮਿਹਨਤੀ ਹੋਣ ਦਾ ਸਾਰੇ ਸ਼ਹਿਰ 'ਚ ਡੰਕਾ ਵੱਜਦਾ ਸੀ ਅਤੇ ਕਿੱਥੇ ਹੁਣ ਉਸਦੇ ਪੁੱਤਰ ਦੇ ਘਰ 'ਚ ਆਮਦਨ ਕਰ ਅਧਿਕਾਰੀਆਂ ਦਾ ਛਾਪਾ ਚੱਲ ਰਿਹਾ ਸੀ।

ਝੱਖੜ-ਹਨ੍ਹੇਰੀ 'ਚ ਉਡਦੇ ਸੁੱਕੇ ਪੱਤਿਆਂ ਵਾਂਗ ਉਸਦੇ ਘਰ ਦੇ ਆਦਰਸ਼ ਸਿਧਾਂਤ ਹਵਾ 'ਚ ਉਡ ਰਹੇ ਸਨ ਤੇ ਉਹ ਘਾਇਲ ਹੋਏ ਪੰਛੀ ਵਾਂਗ ਬੇਹਿੱਸ ਬੈਠੀ ਬਿਟਰ-ਬਿਟਰ ਦੇਖ ਰਹੀ ਸੀ, ਉਸਦੇ ਅੰਤਹਿਕਰਨ 'ਚ ਇਕ ਚੀਕ ਜਿਹੀ ਉੱਠੀ ਕਿ ਉਸਦਾ ਬੇਟਾ ਧੰਨ-ਦੌਲਤ ਪਿੱਛੇ ਏਨਾ ਪਾਗਲ ਹੋਇਆ ਰਿਹਾ। ਕਾਲਾ ਧਨ ਇਕੱਠਾ ਕਰਦੇ ਨੇ ਘਰ ਭਰ ਲਿਆ ਤੇ ਉਸਨੂੰ ਪਤਾ ਤੱਕ ਨਹੀਂ ਲੱਗਣ ਦਿੱਤਾ। ਜਦ ਉਹ ਆਪਣੇ ਲਈ ਕਿਸੇ ਚੀਜ਼ ਜੀ ਸਿਫਾਰਸ਼ ਕਰਦੀ ਤੇ ਨੂੰਹ-ਪੁੱਤਰ ਦੋਵੇਂ ਮਹਿੰਗਾਈ ਦਾ ਰੋਣ-ਪਿੱਟਣ ਪਾ ਕੇ ਬਹਿ ਜਾਂਦੇ। ਉਸ ਲਈ ਪੂਰੇ ਸਾਲ 'ਚ ਦੋ ਕੁ ਧੋਤੀਆਂ ਵੀ ਬੜੇ ਔਖੇ-ਭਾਰੇ ਹੋ ਕੇ ਲਿਆ ਕੇ ਦਿੰਦੇ।

ਉਸਨੂੰ ਆਪਣਾ ਨੈਰੋਲੈਕ ਪੇਂਟ ਨਾਲ ਰੋਗਨ ਹੋਇਆ ਕਮਰਾ, ਬਦਬੂਦਾਰ ਸਲਾਭੀ ਕੋਠੜੀ ਵਰਗਾ ਲੱਗਾ। ਫਿਰ ਜਿਵੇਂ ਉਸਦਾ ਅੰਦਰ ਇਕਦਮ ਕਲਪ ਉੱਠਿਆ ਹੋਵੇ। ਗੁੰਮ-ਸੁੰਮ ਹੋਈ ਬੈਠੀ ਨੇ ਉਸਨੇ ਚੀਕ ਮਾਰਨ ਵਾਂਗ ਛਾਪਾ ਅਧਿਕਾਰੀਆਂ ਨੂੰ ਕਿਹਾ, "ਇਹ ਕਿਉਂ ਸੀਲ ਕਰ ਰਹੇ ਹੋ, ਇਹ ਮੈਂ ਆਪਣੀ ਬਹੂ ਨੂੰ ਸ਼ਾਦੀ 'ਚ ਦਿੱਤੇ ਸੀ।"

ਅੱਗੋਂ ਉਸਨੂੰ ਬੜਾ ਰੁੱਖਾ ਭੁਰ-ਭੁਰੀ ਰੇਤ ਵਰਗਾ ਉੱਤਰ ਮਿਲਿਆ—"ਮਾਂ ਜੀ ਤੁਹਾਡੇ ਕੋਲ ਇਨ੍ਹਾਂ ਗਹਿਣਿਆਂ ਦੀ ਰਸੀਦ ਤਾਂ ਹੋਵੇਗੀ। ਓਦਾਂ ਕੀ ਸਬੂਤ ਐ ਕਿ ਇਹ ਖਰੀਦੇ ਗਏ ਜਾਂ ਤੂੰ ਦਿੱਤੇ ਆ ਇਹਨਾਂ ਨੂੰ?"

ਬਹੁਤ ਹੀ ਧੀਮੀ ਸੁਰ 'ਚ ਮਾਂ ਤੋਂ ਉੱਤਰ ਦੇ ਹੋਇਆ – "ਬੇਟਾ ਪੰਦਰਾਂ ਸਾਲਾਂ ਪਿਛੋਂ ਹੁਣ ਰਸੀਦ ਕਿੱਥੋਂ ਲਿਆਵਾਂ? ਇਹ ਤਾਂ ਆਦਿੱਤਿਆ ਦੇ ਪਿਤਾ ਨੇ ਰੱਖੀ ਸੀ ਸਾਂਭ ਕੇ। ਹੁਣ ਮੇਰੇ ਪਾਸ ਤਾਂ ਕੁਝ ਵੀ ਨਹੀਂ ਸੀ ਬਚਿਆ।"

ਏਨਾ ਆਖ ਕੇ ਉਹ ਫਿਰ ਚੁੱਪ ਹੋ ਗਈ। ਆਪਣੇ ਧੁਰ-ਅੰਦਰ ਦੀਆਂ ਦੱਬ ਹੋਈਆਂ ਤਹਿਆਂ ਫਰੋਲਣ ਲੱਗ ਪਈ- "ਕਿੱਡਾ ਵੱਡਾ ਨਾਂ ਸੀ ਪ੍ਰੇਮ ਜੀ ਦਾ। ਇਕਦਮ ਸੱਚੇ ਤੇ ਪੂਰੇ ਇਮਾਨਦਾਰ ਗਿਣੇ ਜਾਂਦੇ ਸੀ ਸਾਰੇ ਸ਼ਹਿਰ 'ਚ। ਉਹ ਹਮੇਸ਼ਾ ਸਿਰ ਉੱਠਾ ਕੇ ਤੁਰਿਆ ਕਰਦੇ ਸਨ। ਤੇ..ਤੇ.. ਇਸ ਬੇਟੇ ਨੇ ਸਾਰਾ ਕੁਝ ਤਬਾਹ ਕਰਕੇ ਰੱਖ ਦਿੱਤਾ। ਕਾਲਜ ਤੋਂ ਆ ਕੇ ਸਾਰਾ ਦਿਨ ਕਿਤਾਬ 'ਚ ਖੁੱਭੇ ਰਹਿੰਦੇ ਸੀ। ਆਦਿੱਤਿਆ 'ਚ ਵੀ ਉਨ੍ਹਾਂ ਕੋਈ ਕਸਰ ਨਹੀਂ ਸੀ ਰਹਿਣ ਦਿੱਤੀ। ਰਾਤ ਨੂੰ ਦੋ-ਦੋ ਤਿੰਨ-ਤਿੰਨ ਵਜੇ



ਤੱਕ ਏਨੂੰ ਪੜ੍ਹਾਉਂਦੇ ਰਹਿੰਦੇ। ਆਪ ਚਾਹ ਬਣਾਕੇ ਪਿਲਾਉਂਦੇ। ਤੇ... ਤੇ... ਜਦ ਇਹ ਇਮਤਿਹਾਨ 'ਚ ਪਹਿਲੇ ਨੰਬਰ ਤੇ ਰਿਹਾ, ਉਹਨਾਂ ਪੂਰੇ ਮੁਹੱਲੇ 'ਚ, ਕਾਲਜ 'ਚ ਵੀ ਲੱਡੂ ਵੰਡੇ ਸੀ। ਇਹਦਾ ਮੂੰਹ ਚੁੰਮ-ਚੁੰਮ ਕੇ ਉਨ੍ਹਾਂ ਲਾਲ ਕਰ ਦਿੱਤਾ ਸੀ। ਹੁਣ.... ਹੁਣ ਏਨੂੰ ਏਸ ਗੱਲ ਦਾ ਪਤਾ ਵੀ ਨਹੀਂ ਕਿ ਮਾਂ ਦਾ ਬਿਸਤਰਾ ਕਿਹੋ ਜਿਹਾ ਹੈ। ਮਾਂ ਕਿਹੋ ਜਿਹਾ ਖਾਣਾ ਖਾਂਦੀ ਐ। ਕਿਹੋ ਜਿਹੇ ਕੱਪੜੇ ਪਾਉਂਦੀ ਐ। ਬੱਸ ਪਤਨੀ ਨੂੰ ਖੁਸ਼ ਰੱਖਣ ਲਈ ਮਾਇਆ ਪਿੱਛੇ ਦੌੜਦਾ ਰਹਿੰਦਾ।

ਜਦ ਆਮਦਨ-ਕਰ ਅਧਿਕਾਰੀ ਇਕੱਲੀ-ਇਕੱਲੀ ਇੰਮਪੋਰਟਿੱਡ ਚੀਜ਼ ਨੂੰ ਸੀਲ-ਬੰਦ ਕਰਨ ਲੱਗੇ ਤਾਂ ਉਸਦੇ ਵਿਚਾਰਾਂ ਦੀ ਲੜੀ ਟੁੱਟ ਗਈ। ਉਹ ਦੁਖੀ ਹੋ ਗਈ। ਤੜਫਣ ਲੱਗ ਪਈ। ਜਿਵੇਂ ਤੱਪਦੀ-ਤੱਪਦੀ ਰੇਤ ਤੇ ਪੈਰ ਰੱਖਿਆ ਗਿਆ ਹੋਵੇ- 'ਏਨਾ ਮਹਿੰਗਾ ਸਮਾਨ ਐ ਘਰ 'ਚ।' ਉਸਨੇ ਸਾਲ ਭਰ ਪਹਿਲਾਂ ਆਪਣੇ ਲਈ ਇੱਕ ਐਫ. ਐਮ. ਖਰੀਦਣ ਲਈ ਬਹੂ ਨੂੰ ਕਿਹਾ ਸੀ ਤਾਂ ਉਸਨੇ ਕਿੰਨੀ ਬਦਤਮੀਜ਼ੀ ਨਾਲ ਉੱਤਰ ਦਿੱਤਾ ਸੀ- "ਮਾਂ ਜੀ ਏਨੀ ਮਹਿੰਗਾਈ 'ਚ ਹੁਣ ਇਹ ਰੇਡੀਓ-ਟ੍ਰਾਂਜਿਸਟਰ ਖਰੀਦਣਾ ਸਾਡੇ ਵੱਸੋ ਬਾਹਰ ਐ। ਟੀ. ਵੀ. ਚੱਲਦਾ ਤਾਂ ਐ ਘਰ, ਆ ਕੇ ਦੇਖ ਲਿਆ ਕਰ।"

ਉਸਦੀ ਸਾਫ਼ ਨਾਂਹ ਸੁਣ ਕੇ ਮਾਯੂਸ ਜਿਹੀ, ਗੁੰਗੀ ਜਿਹੀ ਬਣ ਕੇ ਰਹਿ ਗਈ ਸੀ ਉਹ। ਤੇ ਹੁਣ.... ਹੁਣ ਰੇਡ ਸਮੇਂ ਉਹ ਇੱਕ ਸੁੱਕੇ ਹੋਏ ਫੁੱਲ ਦੀਆਂ ਪੱਤੀਆਂ ਵਾਂਗ ਖਿੰਡ-ਬਿਖਰ ਗਈ, ਜਦ ਉਸਨੇ ਬਹੂ ਦਾ ਤੜਫਦਾ ਤੇ ਉੱਡਿਆ.... ਉੱਡਿਆ ਜਿਹਾ ਚਿਹਰਾ ਦੇਖਿਆ, ਨਾ ਚਾਹੁੰਦੀ ਹੋਈ ਵੀ ਉਹ ਬਹੂ ਦੇ ਲਾਗੇ, ਜਿਹੇ ਨੂੰ ਹੋ ਗਈ ਤੇ ਕਿਹਾ- "ਹਿੰਮਤ ਰੱਖੋ ਬਹੂ... ਆਦਿੱਤਿਆ ਠੀਕ-ਠਾਕ ਰਹੇ, ਫਿਰ ਸਭ ਕੁਝ ਬਣ ਜਾਵੇਗਾ ... ਦਿਲ ਛੋਟਾ ਨਾ ਕਰ।"

ਆਪਣੀ ਸੱਸ ਦਾ ਦਿਲਾਸਾ ਸੁਣ ਕੇ ਬਹੂ ਥੋੜ੍ਹੀ ਕੁ ਸੰਭਲੀ। ਫਿਰ ਬੋਲੀ, "ਮਾਂ ਜੀ ਪਤਾ ਨਹੀਂ ਹੋਰ ਕੀ-ਕੀ ਸੀਲ ਕਰਨਗੇ ਇਹ ਲੋਕ?" ਪਰ ਮਾਂ ਪਾਸ ਇਸਦਾ ਕੋਈ ਉੱਤਰ ਨਹੀਂ ਸੀ, ਉਸਦੇ ਅੰਦਰ ਤਾਂ ਜਿਵੇਂ ਇੱਕ ਮੱਛੀ ਦਾ ਕੰਡਾ ਚੁੱਭ ਗਿਆ ਹੋਵੇ- ਪਤੀ ਦੀ ਮੌਤ ਤੋਂ ਪਿੱਛੋਂ ਏਨਾ ਕੁਝ ਭਰਿਆ ਪਿਆ ਸੀ ਉਸਦੇ ਅੰਦਰ, ਜੋ ਇਕ ਨਹੀਂ ਸੈਂਕੜੇ ਕਿੱਲਾਂ ਦੀ ਤਰ੍ਹਾਂ ਚੁੱਭਦਾ ਰਿਹਾ ਸੀ ਉਸਨੂੰ।

ਇਕ ਵਾਰ ਉਸਤੋਂ ਸਹਿਬਨ ਆਖਿਆ ਗਿਆ ਸੀ ਬਹੂ ਨੂੰ - "ਏਹ ਸਾੜ੍ਹੀ ਬਹੁਤ ਸੋਹਣੀ ਐ, ਕਿੰਨੇ ਕੁ ਦੀ ਹੋਵੇਗੀ। ਮੇਰਾ ਜੀਅ ਵੀ ਏਦਾਂ ਦੀ....।"

ਉਸਦੀ ਗੱਲ ਵਿਚਕਾਰੋਂ ਟੋਕਦਿਆਂ ਬਹੂ ਨੇ ਆਖ ਦਿੱਤਾ ਸੀ ਅੱਗੋਂ - "ਤੂੰ... ਤੂੰ ਐਦਾਂ ਪੁੱਛਦੀ ਐ, ਜਿੱਦਾਂ ਤੇਰੇ ਲਈ ਖਰੀਦੀ ਹੋਵੇ.... ਅਜੇ ਦੋ ਮਹੀਨੇ ਪਹਿਲਾਂ ਤਾਂ ਤੈਨੂੰ ਦੋ ਧੋਤੀਆਂ ਲਿਆ ਕੇ ਦਿੱਤੀਆਂ।"

ਉਸਦੇ ਇਸ ਵਾਕ ਨੇ ਉਹਦੇ ਕੰਨਾਂ 'ਚ ਜਿਵੇਂ ਤੇਜ਼ਾਬ ਸੁੱਟ ਦਿੱਤਾ ਸੀ। ਉਹ ਆਪਣੀ ਬਹੂ ਦੇ ਚਿਹਰੇ ਨੂੰ ਸ਼ਮਸ਼ਾਨ-ਘਾਟ 'ਚ ਉੱਕਰੇ ਸ਼ਿਲਾਲੇਖ ਵਾਂਗ ਪੜ੍ਹਨ ਲੱਗ ਪਈ ਸੀ ਤੇ ਆਪਣੇ ਲਈ ਰੱਬ ਤੋਂ ਮੌਤ ਮੰਗਣ ਲੱਗ ਪਈ ਸੀ।

ਝੱਟ ਹੀ ਉਸਨੂੰ ਬੀਤੇ ਦਿਨਾਂ ਦੀ ਇਕ ਸੁਖਾਵੀਂ ਜਿਹੀ ਘਟਨਾ ਚੇਤੇ ਆ ਗਈ - ਉਸ ਦਿਨ ਪ੍ਰੇਮ ਜੀ ਉਹਦੇ ਲਈ ਕਲਕੱਤਿਉਂ ਕਰੀਮ ਤੇ ਲਾਲ ਰੰਗੀ ਬਾਲੂਚਾਰੀ ਦੀ ਸਾੜ੍ਹੀ ਲਿਆਏ ਸੀ। ਉਸਦੇ ਗੋਰੇ ਨਿਛੋਹ, ਸੋਹਣੇ-ਸੁਢੌਲ ਬਦਨ ਤੇ ਰੱਖ ਕੇ ਉਹਨੂੰ ਵਾਰ-ਵਾਰ ਦੇਖਣ ਲੱਗੇ ਸਨ। ਤੇ ਭਰਪੂਰ ਮੁਸਕਾਣ ਬਿਖੇਰਦਿਆਂ ਕਿਹਾ ਸੀ - "ਸੱਚੀਂ ਤੂੰ ਤੂੰ ਤੂੰ ਇਸ ਸਾੜ੍ਹੀ 'ਚ ਫੁੱਲਾਂ ਵਾਂਗ ਖਿੜੀ ਜਾਪਦੀ ਏ, ਕਿੰਨੀ ਸੋਹਣੀ ਲੱਗਦੀ ਏ। ਅੱਜ... ਅੱਜ ਰਾਤ ਤਾਂ ਮੈਂ ਤੈਨੂੰ....." ਤੇ..... ਤੇ ਉਹਨੇ ਸ਼ਰਮ ਦੀ ਮਾਰੀ ਨੇ ਆਪਣੀ ਨਿਗਾਹ ਧਰਤੀ ਤੇ ਗੱਡ ਲਈ ਸੀ। ਉਂਝ ਵੀ ਦਰਵਾਜ਼ੇ ਦੀ ਓਟ 'ਚ ਖੜ੍ਹੀ ਉਸਦੀ ਸੱਸ ਨੇ ਇਹ ਗੱਲ ਸੁਣ ਲਈ ਸੀ।

ਪਰ..... ਪਰ ਹੁਣ ਉਸਦੇ ਮਾਰੂਥਲ ਵਰਗੇ ਜੀਵਨ 'ਚ ਕਦੀ ਵੀ ਚੰਦਨ ਦੀ ਖੁਸ਼ਬੋ ਨਹੀਂ ਸੀ ਪਸਰ ਸਕਦੀ। ਅੱਜ ..... ਅੱਜ ਦਾ ਸੱਚ ਕਿੰਨਾ ਕੌੜਾ ਸੀ,. ਤੇ ਉਹ ਇਸ ਨੂੰ ਪੂਰੀ ਤਰ੍ਹਾਂ ਬਰਦਾਸ਼ਤ ਕਰ ਰਹੀ ਸੀ। ਇਸ ਤੋਂ ਬਿਨਾਂ ਚਾਰਾ ਵੀ ਤਾਂ ਕੋਈ ਨਹੀਂ ਸੀ। ਉਸਦੇ ਪੁੱਤਰ ਨੇ ਹੀ ਤਾਂ ਅੰਮ੍ਰਿਤ ਅੰਦਰ ਜ਼ਹਿਰ ਘੋਲੀ ਸੀ। ਐਨੀ ਕਮਾਈ ਕਰਦਾ ਵੀ ਉਹ ਮਾਂ ਲਈ ਕੰਗਾਲ ਹੀ ਬਣਿਆ ਰਿਹਾ ਸੀ।

ਉਸ ਸਮੇਂ ਦੀ ਸਲਾਈ ਤੇ ਫਿਰ ਵਿਚਾਰਾਂ ਦੇ ਵੱਡੇ-ਵੱਡੇ ਤੋਪੇ ਭਰਨ ਲੱਗੀ।

ਉਸਦਾ ਪੁੱਤਰ ਜਦ ਏਡਾ ਵੱਡਾ ਅਫਸਰ ਬਣ ਗਿਆ ਤਾਂ ਉਹ ਸਮਝ ਹੀ ਗਈ ਕਿ ਪੁੱਤਰ ਆਪਣੀ ਪਤਨੀ ਸਮੇਤ ਐਸ਼ੋ-ਇਸ਼ਰਤ ਦੇ ਆਕਾਸ਼ 'ਚ ਖੰਭ ਲਾ ਕੇ ਉੱਡ ਰਿਹਾ ਐ। ਉਸ ਪਾਸ ਮਾਂ ਕੋਲ ਬੈਠਣ ਦਾ ਸਮਾਂ ਹੀ ਨਹੀਂ ਐ। ਵਿਧਵਾ ਹੋਣ ਪਿਛੋਂ ਪਤਾ ਨਹੀਂ ਕਿੰਨੇ ਸਾਰੇ ਗਲੇਸ਼ੀਅਰ ਉਸਦੇ ਦਿਲ-ਦਿਮਾਗ ਉੱਤੇ ਪਸਰ ਗਏ ਸਨ। ਇਹ ਗਲੇਸ਼ੀਅਰ ਥੋੜ੍ਹੀ ਕੁ ਜਿੰਨੀ ਸਹਾਨਭੂਤੀ, ਥੋੜ੍ਹੀ ਕੁ ਜਿੰਨੀ ਹਮਦਰਦੀ ਮਿਲਣ ਨਾਲ ਪਿਘਲ ਅੱਖਾਂ ਰਾਹੀਂ ਹੰਝੂ ਬਣਕੇ ਵਗ ਤੁਰਦੇ ਸਨ। ਕਿੰਨੀ ਬਦ-ਕਿਸਮਤ ਸੀ ਉਹ, ਜਿਸਦੀ ਦੇਹੀ ਨੂੰ ਉਸਦੇ ਪਤੀ ਨੇ ਗਰਮੀਆਂ ਦੀਆਂ ਲੋਆਂ, ਸਰਦੀਆਂ ਦੀ ਠੰਡਕ ਤੇ ਬਰਸਾਤਾਂ ਦੀਆਂ ਬੁਛਾੜਾਂ ਤੋਂ ਬਚਾ ਕੇ ਰੱਖਿਆ ਸੀ, ਪਰ..... ਪਰ ਅੱਜ ਉਸਨੂੰ ਆਪਣਾ ਆਪ ਬਚਾਉਣ ਲਈ ਆਪਣਾ ਸਿਰ ਕੱਜਣ ਲਈ ਛੋਟੀ ਜਿਹੀ ਛੱਤਰੀ ਵੀ ਨਸੀਬ ਨਹੀਂ ਸੀ ਹੋ ਰਹੀ।

ਉਹ ..... ਉਹ ਬਹੁਤ ਰੋਈ ਸੀ। ਉਸਨੂੰ ਲੱਗਾ ਸੀ ਕਿ ਉਸਦਾ ਜੀਵਨ ਘਰ ਦੇ ਹਨੇਰੇ-ਖੂੰਜੇ 'ਚ ਬੰਦ ਹੋ ਕੇ ਰਹਿ ਗਿਆ ਹੈ।

ਉਸਨੂੰ ਭੁੱਖ ਤੰਗ ਕਰਨ ਲੱਗ ਪਈ। ਪਰ ਉਹ ਖਾਂਦੀ ਕਿਵੇਂ? ਕਿਸਤੋਂ ਮੰਗਦੀ? ਉਸਨੂੰ ਉਹ ਸੁਨਹਿਰੀ ਪਲ ਯਾਦ ਆਉਣ ਲੱਗੇ, ਜਦ ਪ੍ਰੇਮ ਜੀ ਕਾਲਜੋਂ ਮੁੜਦੇ ਉਸ ਲਈ ਕਦੀਂ ਗਰਮਾ-ਗਰਮ ਸਮੋਸੇ, ਕਦੀ ਇਮਰਤੀ ਤੇ ਕਦੀ ਭੁਰਭੁਰੀ ਕਿਚੋਰੀ ਲੈ ਆਉਂਦੇ। ਆਪਣੇ ਹੱਥੀਂ ਪਹਿਲਾਂ ਉਸਨੂੰ ਤੇ ਅਦਿੱਤਿਆ ਨੂੰ ਖਾਣ ਨੂੰ ਦਿੰਦੇ ਫਿਰ ਆਪ ਖਾਂਦੇ। ਉਹ ਉਹਨਾਂ ਲਈ ਗਰਮ-ਗਰਮ ਚਾਹ ਬਣਾ ਕੇ ਲਿਆਉਂਦੀ। ਸਾਰੇ ਜਣੇ ਪੀਂਦੇ, ਖੁਸ਼ ਹੁੰਦੇ ਤੇ ਗੱਪਾਂ ਮਾਰਦੇ। ਉਸਨੂੰ ਦੁੱਖ ਹੋਇਆ 'ਪ੍ਰੇਮ ਜੀ ਆਪਣੀਆਂ ਯਾਦਾਂ ਕਿਉਂ ਛੱਡ ਗਏ ਨੇ ਇਥੇ, ਜਿਹੜੀਆਂ ਹਵਾ-ਪਾਣੀ ਦੀ ਤਰ੍ਹਾਂ ਹਰ ਥਾਂ ਫੈਲੀਆਂ ਪਈਆਂ ਹਨ। ਤੇ ਪਰਛਾਵੇਂ ਵਾਂਗ ਹਰ ਪਲ ਉਸਦੇ ਨਾਲ-ਨਾਲ ਤੁਰਦੀਆਂ ਰਹਿੰਦੀਆਂ ਹਨ। ਉਹ ਜ਼ਰਾ ਕੁ ਕਿਧਰੇ ਢਿੱਲੀ-ਮੱਠੀ ਹੁੰਦੀ ਤਾਂ ਸਾਰੀ ਸਾਰੀ ਰਾਤ ਉਸਦੀ ਸੇਵਾ ਕਰਦੇ। ਉਸਨੂੰ ਮੰਜੇ ਦੀ ਬਾਹੀ ਤੋਂ ਹੇਠਾਂ ਪੈਰ ਨਹੀਂ ਸੀ ਰੱਖਣ ਦਿੰਦੇ।

ਤੇ ਕਿੱਥੇ ਹੁਣ..... ਹੁਣ ਉਸਦੀ ਬੀਮਾਰੀ ਦਾ ਬਹੂ-ਬੇਟੇ ਨੂੰ ਰਤੀ ਭਰ ਦਾ ਫ਼ਿਕਰ ਨਹੀਂ ਸੀ। ਹੁਣ ਕਿਸੇ ਦੇ ਸਿਰ 'ਚ ਜੂੰ ਤੱਕ ਨਹੀਂ ਸੀ ਸਰਕਦੀ, ਭਾਵੇਂ ਉਹ ਬੁਖਾਰ ਨਾਲ ਤੜਫਦੀ ਵੀ ਕਿਉਂ ਨਾ ਹੋਵੇ.....। ਕਿੰਨੀ ਅਪਾਹਜ ਹੋ ਗਈ ਐ ਉਹ।"

ਉਸਨੂੰ ਆਪਣੇ ਆਪ ਤੇ ਗਿਲਾਨੀ ਜਿਹੀ ਹੋਣ ਲੱਗੀ। ਫਿਰ ..... ਫਿਰ, ਝੱਟ ਹੀ ਉਸਨੇ ਬੀਤੇ ਦੀ ਯਾਦਾਂ ਦੀ ਚਾਦਰ ਲਾਹ ਕੇ ਪਰ੍ਹਾਂ ਵਗਾਂਹ ਮਾਰੀ ਤੇ ਪੁਲਿਸ ਅਤੇ ਆਮਦਨ-ਕਰ ਅਧਿਕਾਰੀ ਦੇ ਲਾਗੇ ਜਾ ਖੜ੍ਹੀ ਹੋਈ - 'ਕਿਉਂ ਪੁੱਤਰ ਇਹ ਕਿੰਨਾ ਕੁ ਚਿਰ ਚੱਲਦਾ ਰਹੂ?"

"ਜਦ ਘਰ ਦੀਆਂ ਸਾਰੀਆਂ ਚੀਜ਼ਾਂ ਦੀ ਪੜਤਾਲ ਹੋ ਗਈ ਫਿਰ ਬੰਦ ਹੋ ਜਾਵੇਗਾ" ਇੰਸਪੈਕਟਰ ਨੇ ਬੜੀ ਹਲੀਮੀ ਨਾਲ ਕਿਹਾ।

"ਪੁੱਤਰ ਏਨਾ ਧਨ, ਏਨੀ ਦੌਲਤ, ਏਨਾਂ ਸਾਰਾ ਕੀਮਤੀ ਸਮਾਨ ਐ ਆਦਿੱਤਿਆ ਦੇ ਘਰ.....! ਮੈਨੂੰ ਨਹੀਂ ਸੀ ਪਤਾ।"

"ਕਮਾਲ ਐ ਮਾਂ ਜੀ ਤੁਹਾਨੂੰ ਆਪਣੇ ਪੁੱਤਰ ਦੀ ਅਮੀਰੀ ਦਾ ਵੀ ਇਲਮ ਨਹੀਂ?" ਆਮਦਨ-



ਕਰ ਅਧਿਕਾਰੀ ਦਾ ਵਿਅੰਗ ਸੁਣਕੇ ਉਸਦੀਆਂ ਯਾਦਾਂ ਨੇ ਫਿਰ ਸਿਰ ਚੁੱਕ ਲਿਆ- 'ਹਾਏ ਰਾਮ ਆਦਿੱਤਿਆ ਦੌਲਤ ਦਾ ਐਨਾ ਲਾਲਚੀ ਕਿੱਦਾਂ ਹੋ ਗਿਆ? ਕਿਉਂ ਚੋਰੀ-ਚੋਰੀ ਕਾਲਾ ਧਨ ਕਿਉਂ ਇਕੱਠਾ ਕਰਨ ਲੱਗ ਪਿਆ? ਕਿਉਂ ਉਸਨੇ ਆਪਣੇ ਪਿਤਾ ਦੇ ਸੰਸਕਾਰਾਂ, ਉਸਦੇ ਆਦਰਸ਼ਾਂ ਨੂੰ ਫੂਕ ਮਾਰ ਕੇ ਉਡਾ ਛੱਡਿਆ? ਕਿੱਥੇ ਤਾਂ ਇਹਦੇ ਪਿਤਾ ਐਨੀ ਸਾਦਗੀ ਨਾਲ ਰਹਿੰਦੇ ਸੀ, ਸਾਦ-ਮੁਰਾਦਾ ਭੋਜਨ ਖਾਂਦੇ ਸੀ, ਉਹਨਾਂ ਲਈ ਕੱਪੜੇ ਵੀ ਉਹ ਜ਼ਬਰਦਸਤੀ ਖਰੀਦ ਕੇ ਲਿਆਉਂਦੀ ਸੀ। ਪਤਾ ਨਹੀਂ ਕਿੰਨੀ ਵਾਰੀ ਉਸਨੇ ਪ੍ਰੇਮ ਜੀ ਨੂੰ ਬਾਹਰ-ਅੰਦਰ ਜਾਣ ਲੱਗਿਆਂ ਨੂੰ ਕੱਪੜੇ ਬਦਲ ਕੇ ਜਾਣ ਨੂੰ ਕਿਹਾ ਸੀ ਤੇ .....ਤੇ ਕਿੱਥੇ ਆਹ ਬੇਟਾ, ਜਿਸਨੂੰ ਆਪਣੀਆਂ ਕਮੀਜਾਂ ਦੀ ਗਿਣਤੀ ਦਾ ਵੀ ਨਹੀਂ ਪਤਾ ਕਿੰਨੀਆਂ ਹਨ। ਦਿਨਾਂ-ਤਿਉਹਾਰਾਂ ਲਈ ਉਹ ਆਦਿੱਤਿਆ ਨੂੰ ਨਵੇਂ ਕੱਪੜੇ ਸੁਆ ਕੇ ਦਿੰਦੇ ਸੀ, ਪਰ ਆਪਣੇ ਲਈ ਕਦੀ ਨਹੀਂ ਸੀ ਲਿਆਉਂਦੇ। ਇਕ ਵਾਰ ਦੀਵਾਲੀ ਤੇ ਆਦਿੱਤਿਆ ਆਪਣੇ ਪਿਤਾ ਨੂੰ ਨਵੇਂ ਕੱਪੜੇ ਸੁਆ ਲੈਣ ਲਈ ਜ਼ਿੱਦ ਕਰਨ ਲੱਗਾ ਤਾਂ ਉਹ ਹੱਸ ਕੇ ਆਦਿੱਤਿਆ ਨੂੰ ਜੱਫੀ 'ਚ ਲੈ ਕੇ ਕਹਿਣ ਲੱਗੇ - "ਬੇਟਾ ਜੇ ਤੂੰ ਨਵੇਂ ਕੱਪੜੇ ਪਾ ਲਏ, ਤਾਂ ਸਮਝੋ ਮੈਂ ਵੀ ਪਾ ਲਏ। ਮੇਰੇ ਆਹੀ ਠੀਕ ਐ।"

ਉਹ ਆਦਿੱਤਿਆ ਨੂੰ ਹਰ ਵਾਰ ਇਉਂ ਹੀ ਟਾਲ ਦਿਆ ਕਰਦੇ ਸੀ। ਬਹੁਤ ਹੀ ਸੰਤੋਖੀ ਸੁਭਾ ਦੇ ਸੀ ਪ੍ਰੇਮ ਜੀ ਤੇ ਆਹ..... ਆਹ ਆਦਿੱਤਿਆ ਹੁਣ ਕੀ ਤੋਂ ਕੀ ਬਣ ਗਿਆ ਹੈ। ਏਸੇ ਲਈ ਘਰ ਚੋਂ ਸੁੱਖ-ਸ਼ਾਂਤੀ ਗਾਇਬ ਹੋ ਗਈ ਹੈ। ਭੈੜੇ ਦਿਨਾਂ ਦੇ ਬਦਲਾਂ ਨੇ ਅੰਜਲੀ ਦੇ ਚੰਦ-ਸੂਰਜ ਨੂੰ ਗ੍ਰਹਿਣ ਲਾ ਦਿੱਤਾ ਸੀ। ਉਸਨੂੰ ਲੱਗਦਾ ਸੀ, ਉਸਦੇ ਜੀਵਨ ਚੋਂ ਹੁਣ ਵਾਲੀ ਪਤਝੜ ਕਦੀ ਵੀ ਸਮਾਪਤ ਨਹੀਂ ਸੀ ਹੋਣ ਵਾਲੀ।

ਇਕ-ਦਮ ਪੁਲਿਸ ਇੰਸਪੈਕਟਰ ਦੇ ਹੱਥਾਂ 'ਚ ਮੱਥੇ ਦਾ ਟਿੱਕਾ ਦੇਖ ਕੇ ਅੰਜਲੀ ਹਿਰਨੀ ਵਾਂਗ ਦੌੜ ਕੇ ਉਸ ਪਾਸ ਪੁੱਜੀ ਤੇ ਬੋਲੀ - "ਇਹਨੂੰ ਤੁਸੀਂ ਸੀਲ ਨਹੀਂ ਕਰ ਸਕਦੇ, ਇਹ ਬਹੂ ਨੂੰ ਸ਼ਾਦੀ ਸਮੇਂ ਮੈਂ ਦਿੱਤਾ ਸੀ।"

"ਠੀਕ ਐ ਅਸੀਂ ਸੀਲ ਨਹੀਂ ਕਰਦੇ ਰਸੀਦ ਦਿਖਾਲ ਦਿਉ।" ਅੱਗੋਂ ਅੰਜਲੀ ਨੇ ਜਿਵੇਂ ਚੀਕ ਮਾਰ ਕੇ ਕਿਹਾ - "ਮੈਂ ਨਹੀਂ ਦੇ ਸਕਦੀ ਰਸੀਦ, ਰਸੀਦ ਸਾਂਭਣ ਵਾਲਾ ਹੁਣ ਇਸ ਦੁਨੀਆਂ 'ਚ ਨਹੀਂ ਐ। ਉਹ ਬੇ-ਤਹਾਸ਼ਾ ਰੋਣ ਲੱਗ ਪਈ ਤੇ..... ਤੇ ਫਿਰ ਬੀਤੇ ਦਿਨਾਂ ਦੀ ਬੁੱਕਲ 'ਚ ਗੁਆਚ ਗਈ।

ਪਾਪਾ ਮੈਂ ਫਸਟ ਆਇਆ ਐਮ. ਏ. ਚੋਂ ਤੇ ਯੂਨੀਵਰਸਿਟੀ 'ਚੋਂ ਦੂਜੇ ਨੰਬਰ ਤੇ ਰਿਹਾ।"

ਖੁਸ਼ੀ ਮਾਰੇ ਜਿਵੇਂ ਉੱਛਲ ਹੀ ਪਏ ਸਨ ਪ੍ਰੇਮ ਜੀ - "ਓ ਮੇਰੇ ਬੇਟੇ ਤੂੰ ਤਾਂ ਕਮਾਲ ਈ ਕਰ ਛੱਡੀ। ਚਾਰ ਚੰਨ ਲਾ ਛੱਡੇ ਆ ਮੇਰੇ ਨਾਂ ਨੂੰ। ਹੁਣ ਮੇਰਾ ਸੁਪਨਾ ਪੂਰਾ ਹੋ ਗਿਆ ਸਮਝੋ। ਮੇਰੀਆਂ ਉਮੀਦਾਂ ਦੀ ਬੇੜੀ ਨੂੰ ਇਕ ਤਰ੍ਹਾਂ ਨਾਲ ਕੰਢਾ ਮਿਲ ਗਿਆ ਐ। ਹੁਣ ਮੈਂ ਮਰ ਵੀ ਜਾਵਾਂ ਤਾਂ ਵੀ ਮੈਨੂੰ ਕੋਈ ਚਿੰਤਾ ਨਹੀਂ। ਤੂੰ.....ਤੂੰ ਆਪਣੀ ਮੰਮੀ ਨੂੰ ਸਦਾ ਸੁਖੀ ਰੱਖੇਂਗਾ। ਚੰਗੀ ਨੌਕਰੀ ਤੇ ਲੱਗੇਂਗਾ। ਫਿਰ ਉਹਨਾਂ ਬੇਟੇ ਨੂੰ ਭਵਿੱਖ ਬਾਰੇ ਪੁੱਛਿਆ ਸੀ, "ਹੁਣ ਅੱਗੇ ਕੀ ਕਰਨ ਦਾ ਵਿਚਾਰ ਐ?"

ਇਕ ਝਰਨੇ ਵਾਂਗ ਖਿੜੇ ਝਰ-ਝਰ ਵਗਦੇ ਆਦਿੱਤਿਆ ਨੇ ਅੱਗੋਂ ਕਿਹਾ ਸੀ- "ਪਾਪਾ ਹੁਣ ਮੈਂ ਆਈ. ਏ. ਐਸ. ਦੀ ਪ੍ਰੀਖਿਆ ਦੇਣਾ ਚਾਹੁੰਦਾ, ਕੀ ਤੁਸੀਂ ਇਸਦੀ ਕੋਚਿੰਗ ਦੀ ਫੀਸ ਦਾ ਪ੍ਰਬੰਧ ਕਰ ਸਕੋਗੇ?"

ਥੋੜ੍ਹੀ ਕੁ ਦੇਰ ਚੁੱਪਚਾਪ ਹੋਏ ਰਹੇ ਸੀ ਪ੍ਰੇਮ ਜੀ। ਫਿਰ ਬੋਲੇ ਸੀ- "ਕਿਉਂ ਨਹੀਂ, ਆਪਣਾ ਪਿੰਡ ਵਾਲਾ ਘਰ ਵੇਚ ਦਿਆਂਗੇ। ਤੇਰੀ ਪੜ੍ਹਾਈ ਨਹੀਂ ਰੁਕਣ ਦੇਣੀ।"

ਤੇ.....ਤੇ ਪ੍ਰੇਮ ਜੀ ਤੋਂ ਬੇਟੇ ਦੀ ਪੜ੍ਹਾਈ ਲਈ ਲਿਆ ਉਧਾਰ-ਸੁਧਾਰ ਜ਼ਿੰਦਗੀ ਭਰ ਨਹੀਂ ਸੀ ਚੁੱਕਦਾ ਹੋਇਆ। ਪਿੰਡ ਵਾਲਾ ਘਰ ਵੇਚ ਕੇ ਵੀ ਨਹੀਂ। ਉਦੋਂ ਆਦਿੱਤਿਆ ਨੇ ਆਈ. ਏ. ਐਸ. ਤਾਂ

ਪਾਸ ਕਰ ਲਈ, ਪਰ ਥੋੜ੍ਹੇ ਕੁ ਚਿਰਾਂ ਪਿਛੋਂ ਪ੍ਰੇਮ ਜੀ ਹਾਰਟ ਅਟੈਕ ਕਾਰਨ ਸੁਰਗਵਾਸ ਹੋ ਗਏ ਸਨ।

ਅੰਜਲੀ ਵਿਚਾਰੀ ਕੀ ਕਰਦੀ, ਨਾ ਮਕਾਨ ਬਚਿਆ ਸੀ, ਨਾ ਖੇਤੀ ਯੋਗ ਜ਼ਮੀਨ। ਥੋੜ੍ਹੀ-ਥੋੜ੍ਹੀ ਕਰਕੇ ਗਿਰਵੀ ਰੱਖੀ ਜ਼ਮੀਨ ਵੀ ਹੱਥੋਂ ਨਿਕਲ ਗਈ, ਮਜਬੂਰੀ ਬੱਸ ਅੰਜਲੀ ਨੂੰ ਪਿੰਡ ਛੱਡਣਾ ਪਿਆ। ਆ ਕੇ ਬੇਟੇ ਕੋਲ ਰਹਿਣ ਲੱਗ ਪਈ।

ਉਸਦੇ ਅੰਦਰ ਉੱਗੇ ਸਤਰੰਗ ਚਾਅ ਹੌਲੀ-ਹੌਲੀ ਬੇਟੇ-ਬਹੂ ਦੇ ਦੁਰਵਿਹਾਰ ਕਾਰਣ ਗੁਹਿਣੇ ਗਏ ਸਨ। ਦੁੱਖ, ਪੀੜ ਤੇ ਵਿਸ਼ਾਦ ਦੇ ਬੂਟੇ, ਫ਼ਲਦੇ-ਫੁਲਦੇ ਬਹੁਤ ਵੱਡੇ ਹੋ ਗਏ ਸਨ। ਮਾਂ ਨੂੰ ਪਿਆਰ ਕਰਨਾ, ਉਸਨੂੰ ਇੱਜ਼ਤ ਦੇਣਾ ਆਦਿੱਤਿਆ ਦੇ ਸੁਭਾਅ 'ਚੋਂ ਖਾਰਜ਼ ਹੋ ਗਿਆ ਸੀ। ਤੇ ਅੰਜਲੀ ਦੇ ਜੀਵਨ 'ਚ ਅਪਮਾਨ, ਤ੍ਰਿਸਕਾਰ ਦੀ ਭਰਵੀਂ ਖੇਤੀ ਉੱਗ ਆਈ ਸੀ।

ਉਸ ਦਿਨ ਅੰਜਲੀ ਦੇ ਦੁੱਖਾਂ ਦੀ ਗੱਠੜੀ, ਘਰ 'ਚ ਰੇਡ ਹੋਣ ਨਾਲ ਖੁੱਲ-ਬਿਖਰ ਗਈ। ਘਰ 'ਚ ਖਿੱਲਰੇ ਕੱਪੜਿਆਂ ਵਾਂਗ ਉਸਦਾ ਪਲ-ਪਲ ਬਿਖਰ ਗਿਆ। ਆਪਣੇ ਬੇਟੇ ਆਦਿੱਤਿਆ ਦੇ ਚਿਹਰੇ ਤੇ ਆਏ ਬਦਲਾਵ ਨੂੰ ਅੰਜਲੀ ਘੂਰ-ਘੂਰ ਕੇ ਦੇਖਦੀ ਸੀ। ਉਸਨੇ ਆਦਿੱਤਿਆ ਦੇ ਅੰਤਰਮਨ 'ਚ ਉੱਠੇ ਤੂਫ਼ਾਨ ਨੂੰ ਭਾਂਪ ਲਿਆ ਸੀ। ਆਦਿੱਤਿਆ ਦੇ ਮਨ 'ਚ ਗੁਟਕਦੇ ਕਬੂਤਰ ਨੂੰ ਉਦਾਸੀ ਦੀ ਬਿੱਲੀ ਨੇ ਝਪਟ ਲਿਆ ਸੀ। ਉਹ ਆਪਣੇ ਆਪ ਨੂੰ ਸੰਭਾਲ ਨਹੀਂ ਸੀ ਸਕਿਆ। ਤੇ..... ਤੇ ਮਾਂ ਦੇ ਦਿਲ ਅੰਦਰ ਵਗਦੀ ਮਮਤਾ ਦੀ ਨਦੀ 'ਚ ਵੀ ਹੜ੍ਹ ਜਿਹਾ ਉੱਮੜ ਆਇਆ - "ਨੇ..... ਨਾ ਬੇਟੇ ਘਬਰਾ ਨਾ। ਬੱਸ ਤੂੰ ਠੀਕ-ਠਾਕ ਰਹਿ, ਸਭ ਕੁਝ ਫਿਰ ਬਣ ਜਾਏਗਾ। ਬੇਟਾ, ਮਾਇਆ ਤਾਂ ਆਉਣ-ਜਾਣ ਵਾਲੀ ਸ਼ੈਅ ਐ। ਬੱਸ ਤੂੰ ਹਿੰਮਤ ਰੱਖ। ਈਸ਼ਵਰ ਤੇਰਾ ਘਰ ਫਿਰ ਭਰ ਦਏਗਾ।"

ਮਾਂ ਦੇ ਦਿਲ ਦੀ ਆਵਾਜ਼ ਨੇ ਬੇਟੇ ਨੂੰ ਢਾਰਸ ਦਿੱਤੀ। ਆਦਿੱਤਿਆਦੇ ਮਨ ਦੀ ਟੋਕਰੀ ਮਾਂ ਦੇ ਪਿਆਰ ਤੇ ਮਮਤਾ ਦੇ ਫੁੱਲਾਂ ਨਾਲ ਭਰ ਗਈ।

ਪਰ, ਅੰਜਲੀ ਉਸ ਵੇਲੇ ਘਬਰਾ ਗਈ ਜਦੋਂ ਇਸ ਪੁਲਿਸ ਵਾਲੇ ਨੇ ਉਸਤੋਂ ਸੰਦੂਕ ਦੀ ਚਾਬੀ ਮੰਗੀ। ਉਹ ਬਹੁਤ ਹੀ ਧੀਮੀ ਸੁਰ 'ਚ ਬੋਲੀ, "ਬੇਟਾ ਇਹ ਤਾਂ ਮੇਰਾ ਸੰਦੂਕ ਐ। ਇਸ ਦੀ ਤਲਾਸ਼ੀ ਲੈ ਕੇ ਕੀ ਕਰੋਗੇ! ਇਹਦੇ 'ਚ ਮੇਰੇ ਜੀਵਨ ਦੀਆਂ ਯਾਦਾਂ, ਪਤੀ ਦੀਆਂ ਨਿਸ਼ਾਨੀਆਂ, ਮੇਰਾ ਸੁਹਾਗ-ਜੋੜਾ ਤੇ ਪਤੀ ਦੀ ਇੱਕ ਫੋਟੋ ਤੋਂ ਸਿਵਾ ਕੁਝ ਵੀ ਨਹੀਂ। ਮੈਂ ਇਹਦੀ ਚਾਬੀ ਨਹੀਂ ਦਿਆਂਗੀ।"

ਪਰ, ਛਾਪਾ ਅਧਿਕਾਰੀ ਦੀ ਜ਼ਿੱਦ ਕਰਨ ਤੇ ਉਸਨੇ ਚਾਬੀ ਫੜਾ ਦਿੱਤੀ। ਤਾਲਾ ਖੋਲ੍ਹਿਆ ਗਿਆ। ਸੰਦੂਕ ਚੋਂ ਅੰਜਲੀ ਦੇ ਸਮਾਨ ਤੋਂ ਇਲਾਵਾ ਇੱਕ ਮੋਮੀ ਲਿਫ਼ਾਫ਼ਾ ਵੀ ਨਿਕਲਿਆ। ਇਹ ਲਿਫ਼ਾਫ਼ਾ ਦੇਖਕੇ ਆਮਦਨ ਕਰ ਅਧਿਕਾਰੀ ਤੇ ਪੁਲਿਸ ਅਫਸਰ ਜਿਵੇਂ ਸਕਤੇ 'ਚ ਆ ਗਏ ਹੋਣ। ਇਸ 'ਚੋਂ ਨਿਕਲੀਆਂ ਸੁੱਕੀਆਂ ਰੋਟੀਆਂ ਦੇਖ ਕੇ ਉਨ੍ਹਾਂ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਇਹਨਾਂ ਵੱਲ ਦੇਖਦਿਆਂ ਉਨ੍ਹਾਂ ਅੰਜਲੀ ਨੂੰ ਪੁੱਛਿਆ -"ਮਾਂ ਜੀ ਇਹ ਸੁੱਕੀਆਂ ਰੋਟੀਆਂ ਤੁਸੀਂ ਕਿਉਂ ਰੱਖੀਆਂ ਆਂ ਸਾਂਭ ਕੇ?"

ਅੰਜਲੀ ਚੁੱਪ ਦੀ ਚੁੱਪ। ਉਸ ਅੱਗੇ ਜਿਵੇਂ ਕਿਸੇ ਦੀ ਲਾਸ਼ ਪਈ ਹੋਵੇ।

ਅਧਿਕਾਰੀਆਂ ਦੇ ਦੁਬਾਰਾ ਪੁੱਛਣ ਤੇ ਉਸਨੇ ਬਹੁਤ ਦੀ ਧੀਮੀ-ਟਿਕਵੀਂ ਆਵਾਜ਼ 'ਚ ਉੱਤਰ ਦਿੱਤਾ - "ਬੇਟਾ, ਮੈਂ ਇਹ ਰੋਟੀਅ ਖਾਂਦੀ ਹਾਂ।" ਉਸਦੀ ਆਵਾਜ਼ 'ਚ ਸਿੱਲ ਸੀ। ਉਹ ਰੋਣ-ਹਾਕੀ ਹੋ ਗਈ ਸੀ।

"ਕਿਉਂ ਤੇ ਕਦੋਂ ਖਾਂਦੀ ਐ ਇਹ ਸੁੱਕੀਆਂ ਰੋਟੀਆਂ?" ਹੈਰਾਨ ਹੋਏ ਅਧਿਕਾਰੀ ਨੇ ਫਿਰ ਪੁੱਛਿਆ।

"ਬੇਟਾ, ਇਹ ਰੋਟੀਆਂ ਮੈਂ ਪਾਣੀ 'ਚ ਭੇਂਅ ਕੇ ਉਦੋਂ ਖਾਂਦੀ ਹਾਂ, ਜਦੋਂ ਮੇਰਾ ਬੇਟਾ-ਬਹੂ ਕਿਸੇ ਡਿਨਰ-ਪਾਰਟੀ ਤੇ ਗਏ ਹੁੰਦੇ ਆ, ਤੇ ਰਸੋਈ 'ਚ ਮੇਰੇ ਖਾਣ ਲਈ ਕੁਝ ਨਹੀਂ ਹੁੰਦਾ।"

ਇਹ ਕਹਿੰਦੀ ਅੰਜਲੀ ਵੱਢੇ ਗਏ ਰੁੱਖ ਵਾਂਗ ਧਰਤੀ ਤੇ ਪਟਾਕ ਕਰਦੀ ਡਿੱਗ ਪਈ ਬੇਹੋਸ਼ੀ ਦੀ ਹਾਲਤ 'ਚ।

ਅਨੁਵਾਦ - ਲਾਲ ਸਿੰਘ



ਵਿਚਾਰ ਚਰਚਾ

# ਸੱਭਿਆਚਾਰ ਦੀ ਉਤਪਤੀ ਤੇ ਵਿਕਾਸ

- ਅਤਰਜੀਤ

ਜਦ ਮੈਂ ਪਿੰਡਾਂ ਸ਼ਹਿਰਾਂ ਅਤੇ ਕਸਬਿਆਂ ਦੇ ਸਕੂਲਾਂ, ਕਾਲਜਾਂ ਵਿਚ ਚੱਲਦੀ ਫਿਰਦੀ ਲਾਇਬਰੇਰੀ ਲੈ ਕੇ ਗਿਆ ਤਾਂ ਇਹ ਸਮਾਂ ਸੀ ਜਦੋਂ ਸੱਭਿਆਚਾਰ ਬਾਰੇ ਮੈਂ ਥੋੜ੍ਹੀ ਬਹੁਤ ਖੋਜ ਕਰ ਸਕਿਆ, ਉਹਦੇ ਮੁਤਾਬਿਕ ਮੈਂ ਕੁਝ ਅਜਿਹੇ ਤੱਥ ਇਕੱਤਰ ਕੀਤੇ ਜਿਨ੍ਹਾਂ ਦੇ ਆਧਾਰ 'ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚ ਇਹ ਗੱਲ ਉਭਾਰੀ ਜਾ ਸਕੇ। ਅਸਲ ਵਿਚ ਸੱਭਿਆਚਾਰ ਕਹਿੰਦੇ ਕਿਹਨੂੰ ਹਨ ਆਦਿ। ਮੇਰੀ ਇਹ ਖੋਜ ਬਹੁਤੀ ਅੱਖੀਂ ਵੇਖੀ ਅਤੇ ਹੱਡੀਂ ਹੰਢਾਏ ਸੱਚ ਤੇ ਆਧਾਰਿਤ ਹੀ ਹੈ ਜੋ ਪਹਿਲਾਂ ਪੜ੍ਹੇ ਸਾਹਿਤ ਤੋਂ ਹਾਸਿਲ ਦ੍ਰਿਸ਼ਟੀਕੋਣ ਮੁਤਾਬਿਕ ਮੰਨੀ ਜਾ ਸਕਦੀ ਹੈ।

ਇਹਦੇ ਲਈ ਮੈਂ ਕੁਝ ਪ੍ਰਸ਼ਨ ਤਿਆਰ ਕੀਤੇ ਜੋ ਇਸ ਪ੍ਰਕਾਰ ਹਨ -

1. ਸੱਭਿਆਚਾਰ ਕੀ ਹੁੰਦਾ ਹੈ? 2. ਸੱਭਿਆਚਾਰ ਦਾ ਜਨਮ ਕਿਵੇਂ ਹੋਇਆ? 3. ਸੱਭਿਆਚਾਰ ਦਾ ਵਿਕਾਸ ਕਿਵੇਂ ਹੋਇਆ? 4. ਸੱਭਿਆਚਾਰ ਦੀਆਂ ਵੰਨਗੀਆਂ ਕੀ-ਕੀ ਹਨ? ਮੈਂ ਇਸਨੂੰ ਕੁਝ ਇਸ ਪ੍ਰਕਾਰ ਤਰਤੀਬ ਦਿੱਤੀ -

### ਸੱਭਿਆਚਾਰ ਨਿਕਾਸ ਅਤੇ ਵਿਕਾਸ

ਵਿਗਿਆਨਕ ਖੋਜ ਦੇ ਅਨੁਸਾਰ ਜਦੋਂ ਅਜੇ ਧਰਤੀ ਹੋਂਦ ਵਿਚ ਨਹੀਂ ਸੀ ਆਈ, ਗੁਰੂ ਨਾਨਕ ਦੇ ਕਥਨ ਅਨੁਸਾਰ ਇਥੇ 'ਅਰਬਦ ਨਰਬਦ ਧੁੰਦੂਕਾਰਾ' ਸੀ ਅਰਥਾਤ ਅਰਬਾਂ, ਖਰਬਾਂ ਸਾਲ ਤੋਂ ਅਨੰਤ ਨ੍ਹੇਰ ਗੁਬਾਰ ਵਰਤਿਆ ਹੋਇਆ ਸੀ। 'ਪ੍ਰਥਮ ਸੰਸਾਰਾ' ਕਿਵੇਂ ਸਜਿਆ ਹੋਵੇਗਾ? ਇਸ ਪ੍ਰਸ਼ਨ ਦਾ ਉੱਤਰ ਵਿਗਿਆਨੀਆਂ ਨੇ ਕੁਝ ਇਸ ਤਰ੍ਹਾਂ ਦਿੱਤਾ ਹੈ ਕਿ ਇਸ ਧੁੰਦੂਕਾਰ ਵਿਚ ਵਿਚਰ ਰਹੀਆਂ ਗੈਸਾਂ ਆਦਿ ਨੂੰ ਅੱਗਾਂ ਲੱਗੀਆਂ ਤਾਂ ਬਹੁਤ ਹੀ ਭਿਆਨਕ ਕਿਸਮ ਦਾ ਧਮਾਕਾ ਹੋਇਆ। ਇਸ ਧਮਾਕੇ ਨੂੰ ਬਿੱਗ-ਬੈਂਗ ਦਾ ਨਾਂ ਦਿੱਤਾ ਗਿਆ। ਅਰਬਾਂ ਖਰਬਾਂ ਅੱਗ ਦੇ ਗੋਲੇ ਇੱਧਰ ਉੱਧਰ ਖਿਲਰ ਗਏ। ਇਨ੍ਹਾਂ ਗੋਲਿਆਂ ਨੂੰ ਅਰਬਾਂ-ਨੀਲਾਂ-ਪਦਮਾਂ ਦੀ ਗਿਣਤੀ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਵਿਗਿਆਨੀਆਂ ਦੀ ਧਾਰਨਾ ਹੈ ਕਿ ਬ੍ਰਹਿਮੰਡ ਵਿਚ ਪਤਾ ਨਹੀਂ ਕਿੰਨੀਆਂ ਕੁ ਆਕਾਸ਼ ਗੰਗਾਵਾਂ ਹਨ, ਤੇ ਕਿੰਨੀਆਂ ਕੁ ਧਰਤੀਆਂ, ਸੂਰਜ, ਚੰਨ ਅਤੇ ਤਾਰੇ ਆਦਿ ਹੋਂਦ ਵਿਚ ਆ ਚੁੱਕੇ ਹਨ। ਗੁਰੂ ਨਾਨਕ ਦੇਵ ਜੀ ਵੀ ਆਪਣੀ ਬਾਣੀ ਵਿਚ ਲਿਖ ਗਏ ਹਨ ਜੋ ਉਸ ਵੇਲੇ ਦੇ ਮੱਤ ਤੋਂ ਬਹੁਤ ਉੱਪਰ ਦੀ ਗੱਲ ਸੀ- 'ਕੇਤੇ ਇੰਦ ਚੰਦ ਸੂਰ ਕੇਤੇ ਮੰਡਲ ਦੇਸ।' ਸਾਨੂੰ ਇਹ ਗੱਲ ਵੀ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਗੁਰੂ ਨਾਨਕ ਦੇ ਸਮੇਂ ਸਾਇੰਸ ਐਨੀ ਵਿਕਸਤ ਹੀ ਨਹੀਂ ਸੀ ਹੋਈ।

ਸਾਡੀ ਇਹ ਧਰਤੀ ਵੀ ਬਾਕੀ ਗੋਲਿਆਂ ਵਾਂਗ ਸੂਰਜ ਨਾਲੋਂ ਹੀ ਅਲੱਗ ਹੋਇਆ, ਅੱਗ ਦਾ ਗੋਲਾ ਹੀ ਸੀ ਜੋ ਠੰਡਾ ਹੁੰਦਾ ਸਮੇਂ ਦੇ ਪਰਿਵਰਤਨ ਨਾਲ ਰੂਪ ਬਦਲਦਾ ਗਿਆ। ਇਹ ਸਤਰਾਂ ਲਿਖਣ ਤੱਕ ਸੰਸਾਰ ਭਰ ਦੇ ਵਿਗਿਆਨੀ ਜਨੇਵਾ ਵਿਚ ਜੁੜ ਕੇ ਸਭ ਤੋਂ ਪਹਿਲਾਂ ਹੋਏ ਬਿੱਗ ਬੈਂਗ ਦੇ ਢੰਗ ਤਰੀਕੇ ਬਾਰੇ ਖੋਜ ਦੇ ਰਾਹ ਪਏ ਹੋਏ ਹਨ। ਹਾਂ ਤੇ ਠੰਡੀ ਹੋ ਰਹੀ ਧਰਤੀ ਵਿਚੋਂ ਉਠੀਆਂ ਗੈਸਾਂ (ਆਕਸੀਜਨ-ਹਾਈਡਰੋਜਨ) ਪਾਣੀ ਦਾ ਰੂਪ ਧਾਰ ਕੇ ਇਸ ਧਰਤੀ ਉੱਪਰ ਵਰ੍ਹੀਆਂ। ਇਹ ਪਾਣੀ ਨੀਵੀਆਂ ਥਾਵਾਂ ਤੇ ਜਮ੍ਹਾ ਹੋਇਆ ਤੇ ਫਿਰ ਇਹ ਪਾਣੀ ਜੀਵਨ ਦਾ ਮੁੱਢ ਬੰਨ੍ਹਣ ਦਾ ਸਬੱਬ ਬਣਿਆ। ਪਾਣੀ ਨੂੰ ਜੇ ਜੀਵਨ ਦਾਤਾ ਵੀ ਕਹਿ ਦਿੱਤਾ ਜਾਵੇ ਤਾਂ ਇਸ ਵਿਚ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਪਹਿਲਾ ਪਾਣੀ ਹੀ ਹੈ ਜਿਸ ਤੋਂ ਸਾਰੀ ਹੀ ਉਤਪਤੀ ਅਤੇ ਵਿਕਾਸ ਹੋਇਆ ਹੈ। ਪਾਣੀ ਬਾਰੇ

ਗੁਰੂ ਨਾਨਕ ਦੇਵ ਜੀ ਨੇ ਵੀ ਬਾਣੀ ਵਿਚ ਲਿਖਿਆ ਹੈ -

'ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭ ਕੋਇ।'

ਪਾਣੀ ਨਾ ਹੁੰਦਾ ਤਾਂ ਇਥੇ ਕਿਸੇ ਜੀਵਨ ਦੀ ਕਲਪਣਾ ਵੀ ਨਹੀਂ ਸੀ ਕੀਤੀ ਜਾ ਸਕਦੀ। ਆਕਸੀਜਨ ਅਤੇ ਹਾਈਡਰੋਜਨ ਗੈਸਾਂ ਨਾ ਹੁੰਦੀਆਂ ਤਾਂ ਪਾਣੀ ਨਹੀਂ ਸੀ ਹੋਣਾ। ਜੋ ਕੁਝ ਅਜੇ ਦ੍ਰਿਸ਼ਟੀਗੋਚਰ ਹੀ ਨਹੀਂ ਹੋਇਆ ਉਸਨੂੰ 'ਹੈ' ਜਾਂ 'ਨਹੀਂ' ਦੇ ਸ਼ਬਦਾਂ ਦੇ ਘੇਰੇ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਜੋ ਕੁਝ ਵੀ ਮਨੁੱਖ ਨੇ ਲੱਭ ਲਿਆ ਹੈ ਤੇ ਜਿਸ ਦੀ ਹੋਂਦ ਮਨੁੱਖੀ ਪਕੜ ਵਿਚ ਆ ਗਈ ਹੈ, ਉਸਦੀ ਮਹਾਨ ਪ੍ਰਾਪਤੀ ਹੈ। ਜੋ ਅੱਜ ਲੱਭ ਲਿਆ ਗਿਆ ਹੈ ਉਹ ਕੱਲ੍ਹ ਮਨੁੱਖ ਦੀ ਪਕੜ ਵਿਚ ਨਹੀਂ ਸੀ। ਜੋ ਅੱਜ ਮਨੁੱਖ ਦੀ ਪਕੜ ਵਿਚ ਆਇਆ ਨਹੀਂ ਲੱਗਦਾ ਉਹ ਕੱਲ੍ਹ ਨੂੰ ਲੱਭ ਲਿਆ ਜਾਵੇਗਾ। ਅਸਲ ਵਿਚ ਇਹ ਲੱਭਤਾਂ ਮਨੁੱਖ ਦੇ ਕੁਦਰਤ ਨਾਲ ਕੀਤੇ ਗਏ ਅਰਬਾਂ ਖਰਬਾਂ ਸਾਲਾਂ ਦੇ ਸੰਘਰਸ਼ ਦਾ ਸਿੱਟਾ ਹਨ। ਮਨੁੱਖ ਲਗਾਤਾਰ ਕੁਦਰਤ ਨਾਲ ਆਢਾ ਲਾਉਂਦਾ ਰਿਹਾ ਹੈ ਅਤੇ ਇਸਦੇ ਵਰਤਾਰਿਆਂ ਨੂੰ ਸਮਝਕੇ ਇਨ੍ਹਾਂ ਉੱਪਰ ਜਿੱਤਾਂ ਹਾਸਲ ਕਰਦਾ ਆ ਰਿਹਾ ਹੈ। ਅੱਜ ਅਸੀਂ ਵੇਖਦੇ ਹਾਂ ਕਿ ਮਨੁੱਖ ਨੇ ਇਨ੍ਹਾਂ ਦਸਾਂ ਕੁ ਸਾਲਾਂ ਦੇ ਅਰਸੇ ਵਿਚ ਉਹ ਕੁਝ ਕਰ ਵਿਖਾਇਆ ਜਿਸ ਉੱਪਰ ਮਨੁੱਖ ਦੀ ਆਪਣੀ ਅਕਲ ਹੀ ਹੈਰਾਨ ਹੋ ਰਹੀ ਹੈ। ਅਜੇ ਕੱਲ੍ਹ ਦੀਆਂ ਗੱਲਾਂ ਹਨ ਜਦੋਂ ਟੈਲੀਵਿਜ਼ਨ ਨਹੀਂ ਸੀ ਹੁੰਦੇ। ਨਿੱਤ ਨਵੀਂ ਕਿਸਮ ਦੇ ਮੋਬਾਇਲ ਫੋਨ ਸਾਨੂੰ ਦੰਦਾਂ ਵਿਚ ਉਂਗਲਾਂ ਟੁੱਕਣ ਨੂੰ ਮਜਬੂਰ ਕਰ ਰਹੇ ਹਨ। ਦੂਰਦਰਸ਼ਨ ਤੇ ਸੈਂਕੜੇ ਚੈਨਲ ਹੈਰਾਨੀ ਵਿਚ ਪਾ ਰਹੇ ਹਨ। ਆਸਮਾਨ ਵਿਚ ਗੇੜੇ ਖਾਂਦੇ ਸਿਤਾਰਿਆਂ ਨੇ ਮਨੁੱਖ ਨੂੰ ਚੰਦ ਤਾਰਿਆਂ ਦੀ ਦੁਨੀਆਂ ਨਾਲ ਦੋਸਤੀ ਪਵਾ ਦਿੱਤੀ ਹੈ। ਜੋ ਅੱਜ ਹੈ, ਉਹ ਕੱਲ੍ਹ ਨੂੰ ਕਿਸੇ ਹੋਰ ਹੀ ਰੂਪ ਵਿਚ ਹੋਵੇਗਾ। ਇਸ ਪਦਾਰਥ ਨੇ ਨਿਰੰਤਰ ਵਿਕਾਸ ਕਰਦੇ ਹੀ ਜਾਣਾ ਹੈ।

ਇਕ ਖੋਜ ਮੁਤਾਬਿਕ ਪਾਣੀ ਵਿਚ ਸਭ ਤੋਂ ਪਹਿਲਾ ਜੀਵ ਇਕ ਸੈਲਾ ਮੰਨਿਆ ਗਿਆ ਹੈ। ਜਿਸਦੀ ਇਕ ਉਦਾਹਰਨ ਅਮੀਬਾ ਤੇ ਪੈਰਾਮੀਸ਼ੀਅਮ ਹਨ। ਇਸੇ ਤਰ੍ਹਾਂ ਹਵਾ ਵਿਚ ਤਾਰੀਆਂ ਲਾਉਂਦੇ ਜੀਵਾਣੂ, ਸ਼ਕਰਾਣੂ, ਰੋਗਾਣੂ ਆਦਿ ਵੀ ਅੱਜ ਮਨੁੱਖ ਨੇ ਸੂਖ਼ਮ-ਦਰਸ਼ੀ ਯੰਤਰ ਦੀ ਸਹਾਇਤਾ ਨਾਲ ਨਜ਼ਰ ਹੇਠ ਕਰ ਲਏ ਹਨ। ਅਸੀਂ ਇਨ੍ਹਾਂ ਇਕ ਸੈਲੇ ਜੀਵਾਂ ਤੋਂ ਗੱਲ ਅੱਗੇ ਤੋਰਾਂਗੇ। ਇਹ ਇਕ ਸੈਲੇ ਜੀਵ ਹੋਰ ਲੱਖਾਂ-ਕਰੋੜਾਂ ਸਾਲਾਂ ਵਿਚ ਬਹੁ-ਸੈਲੇ ਜੀਵਾਂ ਵਿਚ ਵਿਕਾਸ ਕਰਦੇ ਹੋਏ ਨਾਨਾ ਪ੍ਰਕਾਰ ਦੇ ਜੀਵਾਂ ਦਾ ਰੂਪ ਧਾਰਨ ਕਰਦੇ ਗਏ। ਇਸ ਤੋਂ ਅੱਗੇ ਸਾਨੂੰ ਦਰਸਾਇਆ ਗਿਆ ਹੈ ਕਿ ਅਸਮਾਨ ਵਿਚ ਉੱਡਣ ਵਾਲੇ ਅਤੇ ਥਲ ਉੱਤੇ ਰੀਂਗਣ ਵਾਲੇ ਜੀਵ ਮੱਛੀ ਦਾ ਅਗਲਾ ਵਿਕਸਿਤ ਰੂਪ ਹੈ। ਲੱਖਾਂ ਕਰੋੜਾਂ ਅਰਬਾਂ-ਖਰਬਾਂ ਜੀਵ ਜੰਤੂ ਜਿਨ੍ਹਾਂ ਦੀ ਗਿਣਤੀ ਕੀਤੀ ਹੀ ਨਹੀਂ ਜਾ ਸਕਦੀ, ਸਭ ਇਕ ਦੂਜੇ ਦੇ, ਕਿਸੇ ਨਾ ਕਿਸੇ ਰੂਪ ਵਿਚ ਭੈਣ-ਭਰਾ ਜਾਂ ਰਿਸ਼ਤੇਦਾਰ ਹਨ। ਇਕ ਅਟਕਲ ਪੱਚੂ ਸਿਧਾਂਤ ਘੜ ਕੇ ਇਨ੍ਹਾਂ ਜੀਵਾਂ ਦੀ ਸੰਖਿਆ ਚੁਰਾਸੀ ਲੱਖ ਦਿਖਾ ਦਿੱਤੀ ਗਈ। ਬਿਆਲੀ ਲੱਖ ਪਾਣੀ ਵਿਚ ਅਤੇ ਬਿਆਲੀ ਲੱਖ ਧਰਤੀ ਉੱਪਰ। ਇਹ ਕੋਈ ਪ੍ਰਮਾਣਿਤ ਸੱਚਾਈ ਨਹੀਂ ਅਤੇ ਨਾ ਹੀ ਕਿਸੇ ਦੈਵੀ ਸ਼ਕਤੀ ਦੀ ਪੈਦਾ ਕੀਤੀ ਹੋਈ ਕੋਈ ਕਰਾਮਾਤ ਹੈ ਜਿਵੇਂ ਕਿ ਬਿਆਨ ਕੀਤਾ ਜਾਂਦਾ ਹੈ। ਜੀਵ ਵਿਗਿਆਨੀਆਂ ਨੇ ਸਿੱਧ ਕੀਤਾ ਹੈ ਕਿ ਇਹ ਕੁਝ ਬਹੁਤ ਹੀ ਲੰਬੇ ਸਮੇਂ ਵਿਚ ਇਤਿਹਾਸਕ ਵਿਕਾਸ ਪ੍ਰਕਿਰਿਆ ਰਾਹੀਂ ਹੋਂਦ ਵਿਚ ਆਇਆ ਹੈ। ਆਉ ਰਤਾ ਧਰਤੀ ਉਤਲੇ ਜੀਵਾਂ ਦਾ ਸੰਖੇਪ ਅਧਿਐਨ ਕਰਕੇ ਵੇਖੀਏ। ਸਮੇਂ-ਸਥਾਨ ਅਤੇ ਵਾਤਾਵਰਨ ਦੇ ਪਰਿਵਰਤਨ ਨਾਲ ਇਹ ਵੀ ਆਪਣਾ ਰੂਪ ਆਕਾਰ ਬਦਲਦੇ ਰਹੇ ਹਨ। ਆਪਸੀ ਅੰਤਰ ਸੰਬੰਧਾਂ ਰਾਹੀਂ ਇਹ ਜੀਵ ਅੱਗੇ ਤੋਂ ਅੱਗੇ ਹੋਰ ਨਵੀਆਂ ਨਸਲਾਂ-ਜਾਤੀਆਂ ਪੈਦਾ ਕਰਦੇ ਰਹੇ ਹਨ। ਹਰ ਨਵੀਂ ਨਸਲ ਜਾਂ ਜਾਤੀ ਪਹਿਲੀ ਨਾਲੋਂ ਸੁਧਰੀ ਹੋਈ ਪੈਦਾ ਹੁੰਦੀ ਰਹੀ। ਇਸ ਦੇ



ਪ੍ਰਤੱਖ ਪ੍ਰਮਾਣ ਦਿੱਤੇ ਜਾ ਸਕਦੇ ਹਨ ਕਿ ਜੋ ਵੀ ਜੀਵ-ਜੰਤੂ, ਇਥੋਂ ਤੱਕ ਕਿ ਬਨਸਪਤੀ ਜਿਸ ਰੂਪ ਵਿਚ ਅਸੀਂ ਅੱਜ ਵੇਖਦੇ ਹਾਂ, ਇਹ ਮੁੱਢ-ਕਦੀਮ ਤੋਂ ਹੀ ਇਹੋ ਜਿਹੀ ਨਹੀਂ ਸੀ।

ਉਦਾਹਰਨ ਵਜੋਂ ਘੋੜਾ, ਖੋਤਾ ਅਤੇ ਖੱਚਰ ਜਿਹੀਆਂ ਜਾਤੀਆਂ ਕਿਹੋ ਜਿਹੇ ਜੀਵਾਂ ਦੇ ਅੰਤਰ ਸੰਬੰਧਾਂ ਦਾ ਸਿੱਟਾ ਹੋ ਸਕਦੀਆਂ? ਮੈਂ ਆਪਣਾ ਇੱਕ ਨਿਜੀ ਤਜ਼ਰਬਾ ਪਾਠਕਾਂ ਨਾਲ ਸਾਂਝਾ ਕਰਦਾ ਹਾਂ। ਤੁਸੀਂ ਚਿੱਟੀ ਅਤੇ ਲਾਲ ਮੱਕੀ ਇਕੋ ਥਾਂ ਤੇ ਬੀਜ ਕੇ ਦੇਖ ਸਕਦੇ ਹੋ। ਜਦੋਂ ਟਾਂਡਿਆਂ ਨੂੰ ਛੱਲੀਆਂ ਲੱਗਣੀਆਂ ਤਾਂ ਇਕੋ ਛੱਲੀ ਵਿਚ ਦੋ ਰੰਗਾਂ ਦੇ ਦਾਣੇ ਤੁਸੀਂ ਦੇਖ ਸਕੋਗੇ। ਅੱਜ ਖੇਤੀਬਾੜੀ ਯੂਨੀਵਰਸਿਟੀਆਂ ਦੇ ਵਿਗਿਆਨੀ ਪਰਾਗਣ ਕਿਰਿਆ ਦਾ ਲਾਹਾ ਲੈਂਦਿਆਂ, ਦੋਗਲੀਆਂ ਫਸਲਾਂ ਅਤੇ ਦੁਧਾਰੂ ਪਸ਼ੂਆਂ ਦੀਆਂ ਨਵੀਆਂ ਕਿਸਮਾਂ ਸਾਨੂੰ ਦੇ ਰਹੇ ਹਨ। ਇਹੋ ਤਾਂ ਕੁਦਰਤ ਦੇ ਨਿਯਮ ਹਨ ਜਿਨ੍ਹਾਂ ਨੂੰ ਸਮਝ ਕੇ ਮਨੁੱਖ ਨੇ ਆਪਣੇ ਲਾਭ ਵਿਚ ਵਰਤਣ ਦੀ ਜਾਂਚ ਸਿੱਖੀ। ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਇਸ ਧਰਤੀ ਤੇ ਕਣਕ ਨਹੀਂ ਸੀ ਹੁੰਦੀ। ਕਣਕ ਜੌਂ ਦਾ ਹੀ ਸੁਧਰਿਆ ਹੋਇਆ ਰੂਪ ਹੈ। ਜੌਂ ਕਿਸ ਅਨਾਜ ਤੋਂ ਵਿਕਸਿਤ ਹੋਇਆ ਤੇ ਉਹ ਅਨਾਜ ਕਿਸ ਤੋਂ? ਇਹੋ ਸੁਆਲ ਹੈ ਜਿਸ ਦਾ ਜਵਾਬ ਸਿਰਫ਼ ਵਿਗਿਆਨੀਆਂ ਕੋਲ ਹੈ। ਜੌਂ ਦੀ ਫਸਲ ਵਿਚ ਸੁਧਾਰ ਆਉਂਦਾ ਗਿਆ ਤਾਂ ਇਹ ਕਣਕ ਦੇ ਰੂਪ ਵਿਚ ਸਾਡੇ ਭੋਜਨ ਵਿਚ ਸ਼ਾਮਿਲ ਹੋ ਗਿਆ। ਅੱਜ ਕਣਕ ਦੀਆਂ ਵੀ ਅਨੇਕਾਂ ਦੋਗਲੀਆਂ ਕਿਸਮਾਂ ਸਾਡੇ ਸਾਹਮਣੇ ਹਨ। ਇਉਂ ਹੀ ਨਸਲਾਂ ਦੀ ਅੰਤਰ-ਸੰਬੰਧਤ ਮੇਲ ਪ੍ਰਕਿਰਿਆ ਤੋਂ ਕਰੋੜਾਂ ਸਾਲਾਂ ਵਿਚ ਬਾਂਦਰ, ਵਣ ਮਾਨਸ ਤੇ ਫਿਰ ਇਸ ਤੋਂ ਅੱਗੇ ਚਿੰਪੈਂਜੀ ਜਾਂ ਗੁਰੀਲੇ ਦੀ ਨਸਲ ਮਿਲਦੀ ਹੈ। ਅਸਲ ਵਿਚ ਇਹ ਸਾਡਾ ਨੇੜੇ ਦਾ ਵਡਾਰੂ ਹੈ। ਹੁਣ ਤਾਂ ਮਾਤਾ ਪਿਤਾ ਤੋਂ ਬਗੈਰ ਹੀ ਕੋਲੋਨ ਵਿਧੀ ਰਾਹੀਂ ਜੀਵ ਪੈਦਾ ਕਰਨ ਦੀਆਂ ਖੋਜਾਂ ਵੀ ਹੋ ਚੁੱਕੀਆਂ ਹਨ। ਪ੍ਰਮਾਤਮਾ ਵਲੋਂ ਆਪਣੇ ਹੀ ਰੂਪ ਵਿਚ ਮਨੁੱਖ ਦੀ ਸਿਰਜਣਾ ਦਾ ਸਿਧਾਂਤ ਅਸਲੋਂ ਹੀ ਝੂਠ ਸਾਬਤ ਕਰ ਦਿੱਤਾ ਹੈ ਵਿਗਿਆਨੀਆਂ ਨੇ।

ਯੂਰਪ ਦੇ ਦੇਸ਼ਾਂ ਵਿਚ ਇਸ ਸਮੁੱਚੇ ਵਰਤਾਰੇ ਨੂੰ ਸਮਝਣ ਲਈ ਜ਼ਿਆਦਾਤਰ ਵਿਗਿਆਨਕ ਖੋਜਾਂ ਦਾ ਸਹਾਰਾ ਲਿਆ ਗਿਆ, ਜਦੋਂ ਕਿ ਏਸ਼ੀਆ, ਖ਼ਾਸ ਕਰਕੇ ਸਾਡੇ ਭਾਰਤ ਵਿਚ ਸੰਸਾਰ ਨੂੰ ਸਮਝਣ ਲਈ ਨਿਰੋਲ ਈਸ਼ਵਰਵਾਦੀ ਸਿਧਾਂਤ ਮੁਤਾਬਿਕ ਪ੍ਰਕਿਰਤੀ ਨੂੰ ਨਿਸ਼ਚਿਤ ਕਰਨ ਦੇ ਯਤਨ ਕੀਤੇ ਜਾਂਦੇ ਰਹੇ ਹਨ। ਆਦਰਸ਼ਵਾਦੀਆਂ ਵੱਲੋਂ ਇਸ ਬ੍ਰਹਿਮੰਡ ਦੀ ਸਥਾਪਨਾ ਈਸ਼ਵਰ ਦੇ ਇਕ ਵਾਰ ਬੋਲਣ ਨਾਲ ਹੋਈ। ਇਸਲਾਮ ਮੱਤ ਵਾਲੇ ਇਹ ਮੰਨਦੇ ਹਨ ਕਿ ਅੱਲਾ ਨੇ ਕਿਹਾ - 'ਕੁਨ' ਯਾਨੀ ਹੋ ਜਾ, ਤਾਂ ਐਨ ਉਸੇ ਪਲ 'ਫੀਕੁਨ' (ਹੋ ਗਿਆ) ਹੋ ਗਿਆ। ਭਾਰਤ ਦੇ ਗਿਆਨ-ਵੇਤਾ ਵੀ ਇਸ ਸਿਧਾਂਤ 'ਤੇ ਹੀ ਚੱਲੇ ਕਿ ਪ੍ਰਮਾਤਮਾ ਦੇ ਇਕ ਵਾਰ ਕੁਣ (ਬੋਲਣ) ਨਾਲ ਹੀ ਇਸ ਬ੍ਰਹਿਮੰਡੀ ਪਸਾਰੇ ਦੀ ਸਿਰਜਣਾ ਹੋ ਗਈ। ਪੁਰਾਤਨ ਮਨੁੱਖ ਇਸ ਤਰ੍ਹਾਂ ਹੀ ਸੋਚ ਸਕਦਾ ਸੀ। ਮਨੁੱਖ ਦੀ ਉਤਪਤੀ ਬਾਰੇ ਆਦਰਸ਼ਵਾਦੀਆਂ ਦਾ ਮੱਤ ਹੈ ਕਿ ਖ਼ੁਦਾ ਨੇ ਆਦਮ ਤੇ ਈਵ ਨੂੰ ਇਕ ਖ਼ਾਸ ਕਿਸਮ ਦਾ ਫ਼ਲ ਖਾਣ ਤੋਂ ਬਿਵਰਜਿਤ ਕੀਤਾ ਹੋਇਆ ਸੀ ਕਿ ਉਨ੍ਹਾਂ ਨੇ ਉਹ ਪਦਾਰਥ ਖਾ ਲਿਆ ਜਿਸ ਕਰਕੇ ਖ਼ੁਦਾ ਨੇ ਉਨ੍ਹਾਂ ਨੂੰ ਧਰਤੀ ਤੇ ਸੁੱਟ ਦਿੱਤਾ।

ਜੋ ਗਿਆਨ ਭਾਰਤ ਵਰਗੇ ਮੁਲਕ ਵਿਚ ਸਦੀਆਂ ਤੋਂ ਪ੍ਰਚਲਿਤ ਕੀਤਾ ਗਿਆ ਹੈ, ਉਸ ਮੁਤਾਬਿਕ ਦੇਵਤਾ ਬ੍ਰਹਮਾ ਨੇ ਪਹਿਲਾਂ ਇਸ ਧਰਤੀ ਨੂੰ ਪੱਥਿਆ ਤੇ ਫਿਰ ਇੱਥੇ ਆਪਣੇ ਹੀ ਰੂਪ ਦੇ ਮਨੁੱਖ ਅਤੇ ਉਸਦੀ ਸਾਥਣ ਦੀ ਸਿਰਜਣਾ ਕੀਤੀ। ਬ੍ਰਹਮ ਤੇ ਤਿੰਨ ਸਿਰ ਵਿਖਾਏ ਗਏ ਹਨ ਜੋ ਰਲ ਕੇ ਤ੍ਰੈ-ਮੂਰਤੀ ਬਣਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਤਿੰਨ ਦੇਵਤੇ ਇਸ ਬ੍ਰਹਿਮੰਡ ਦੀ ਸਾਰੀ ਕਾਰਵਾਈ ਨੂੰ ਚਲਾਉਂਦੇ ਹਨ। ਇਹ ਤਿੰਨ ਦੇਵਤੇ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਹਨ। ਇਨ੍ਹਾਂ ਚੋਂ ਬ੍ਰਹਮਾ ਸਾਜਣ

ਵਾਲਾ ਹੈ, ਵਿਸ਼ਨੂੰ ਪਾਲਣਾ ਕਰਨ ਵਾਲਾ ਯਾਨੀ ਅੰਨ ਦਾ ਦੇਵਤਾ ਹੈ ਜਦੋਂ ਕਿ ਮਹੇਸ਼ ਖ਼ਾਤਮੇ ਅਰਥਾਤ ਮੌਤ ਦਾ ਦੇਵਤਾ ਹੈ।

ਮੈਂ ਕਦੇ ਵੀ ਸਾਇੰਸ ਦਾ ਵਿਦਿਆਰਥੀ ਨਹੀਂ ਰਿਹਾ, ਪਰ ਅਧਿਆਪਨ ਦੌਰਾਨ ਵਿਰੋਧ ਵਿਕਾਸ, ਸਮਾਜ ਵਿਕਾਸ ਅਤੇ ਗਿਆਨ ਦੀ ਉਤਪਤੀ ਦੇ ਸਿਧਾਂਤਾਂ ਨਾਲ ਸੰਬੰਧਿਤ ਪੁਸਤਕਾਂ ਪੜ੍ਹਕੇ ਇਸ ਸਿੱਟੇ ਤੇ ਜ਼ਰੂਰ ਪੁੱਜਾ ਹਾਂ ਕਿ ਇਹ ਜੋ ਗਿਆਨ ਫੈਲਾਇਆ ਗਿਆ, ਉਹ ਝੂਠ ਦੇ ਪੁਲੰਦੇ ਤੋਂ ਵੱਧ ਕੁਝ ਵੀ ਨਹੀਂ ਹੈ। ਮਹਾਨ ਵਿਗਿਆਨੀ ਡਾਰਵਨ ਨੇ ਸਾਡੀਆਂ ਅੱਖਾਂ ਅੱਗੇ ਗਿਆਨ ਦੇ ਜੋ ਦੀਪ ਜਗਾਏ ਹਨ, ਮੈਨੂੰ ਉਨ੍ਹਾਂ ਦੀ ਰੌਸ਼ਨੀ ਵਿਚ ਸੰਸਾਰ ਨੂੰ ਸਮਝਣ ਦਾ ਇਕ ਦ੍ਰਿਸ਼ਟੀਕੋਣ ਹਾਸਲ ਹੋਇਆ ਹੈ। ਡਾਰਵਨ ਦੇ ਗਿਆਨ ਮੁਤਾਬਿਕ ਚਿੰਪਾਂਜੀ ਜਾਂ ਗੁਰੀਲਾ ਸਾਡਾ ਪੂਰਵਜ ਅਥਵਾ ਵੱਡ ਵਡੇਰਾ ਹੋਇਆ ਹੈ। ਜੇ ਅਸੀਂ ਆਪਣੇ ਪੜਦਾਦਿਆਂ ਦੇ ਪੜਦਾਦਿਆਂ ਨੂੰ ਢੂੰਡਣ ਪਿਛਾਂਹ ਵੱਲ ਜਾਣਾ ਚਾਹੀਏ ਤਾਂ ਅਸੀਂ ਕਈ ਲੱਖ ਸਾਲ ਪਿੱਛੇ ਆਪਣੇ ਇਸ ਵਡਾਰੂ ਕੋਲ ਪਹੁੰਚ ਜਾਵਾਂਗੇ। ਅੱਜ ਵੀ ਜੰਗਲਾਂ ਵਿਚ ਜਿੱਥੇ ਇਹ ਨਸਲ ਮਿਲਦੀ ਹੈ ਜਾਂ ਸਾਡੇ ਇਸ ਪੂਰਵਜ ਨੂੰ ਚਿੜੀਆ ਘਰਾਂ ਵਿਚ ਜਾਂ ਖੋਜ ਸਥਾਨਾਂ 'ਤੇ ਰੱਖਿਆ ਗਿਆ ਹੈ, ਇਹੋ ਸਿੱਟਾ ਨਿਕਲਦਾ ਹੈ ਕਿ ਅਸੀਂ ਚਿੰਪਾਂਜੀ ਦੀ ਸੰਤਾਨ ਹਾਂ। ਬਾਂਦਰ ਅਤੇ ਵਣ ਮਾਨਸ ਤੋਂ ਅਗਲੀ ਸੁਧਰੀ ਨਸਲ ਜਾਂ ਪੀੜ੍ਹੀ ਇਹੋ ਗੁਰੀਲਾ ਜਾਂ ਚਿੰਪਾਂਜੀ ਹੈ। ਇਹੋ ਜਿਹੇ ਵਿਕਾਸ ਹੋਣ ਵਿਚ ਲੱਖਾਂ ਹੀ ਸਾਲ ਲੱਗੇ ਹੋ ਸਕਦੇ ਹਨ। ਇਹੋ ਚੌਪਾਇਆ ਜੀਵ ਜਦ ਦੋ ਪੈਰਾਂ ਤੇ ਖੜ੍ਹਾ ਹੋਣ ਦੀ ਜਾਂਚ ਸਿੱਖ ਗਿਆ, ਸਮਝੋ ਮਨੁੱਖਾ ਸ਼੍ਰੇਣੀ ਵਿਚ ਪ੍ਰਵੇਸ਼ ਕਰ ਗਿਆ।

ਅਰਬਾਂ ਖਰਬਾਂ ਸਾਲਾਂ ਦਾ ਚੱਕਰ ਪੂਰਾ ਕਰਕੇ ਇਹ ਜੀਵ ਚਿੰਪਾਂਜੀ ਤੋਂ ਅੱਗੇ ਅੱਜ ਦੇ ਮਨੁੱਖ ਤੱਕ ਅੱਪੜਿਆ। ਆਪਾਂ ਗੱਲ ਆਪਣੇ ਇਸ ਵਡਾਰੂ ਅਥਵਾ ਪੂਰਵਜ ਤੋਂ ਹੀ ਸ਼ੁਰੂ ਕਰਨੀ ਚਾਹਾਂਗੇ। ਇਹ ਜਦੋਂ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੀ ਜਾਂਚ ਸਿੱਖ ਲੈਂਦਾ ਹੈ ਤਾਂ ਇਸਦੇ ਹੱਥ ਆਜ਼ਾਦ ਹੋ ਜਾਂਦੇ ਹਨ। ਬੱਸ ਹੁਣ ਬੱਝ ਗਿਆ ਸੱਭਿਆਚਾਰ ਦਾ ਮੁੱਢ। ਸਮੇਂ ਦੇ ਪਰਿਵਰਤਨ ਨਾਲ ਇਹ ਆਪਣੇ ਹੱਥਾਂ ਵਿਚ ਚੀਜ਼ਾਂ ਫੜਨ ਦੇ ਸਮਰੱਥ ਹੋ ਗਿਆ। ਸਾਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਸਿਰਫ਼ ਤੇ ਸਿਰਫ਼ ਦੋ ਹੱਥਾਂ ਵਾਲੇ ਇਸ ਜੀਵ ਨੇ ਹੀ ਸੱਭਿਆਚਾਰ ਅਤੇ ਸੱਭਿਅਤਾ ਦੀ ਉਸਾਰੀ ਕੀਤੀ ਹੈ। ਹੋਰ ਕਿਸੇ ਜੀਵ ਦੇ ਹਿੱਸੇ ਇਹ ਨਹੀਂ ਆਇਆ। ਮੁੱਢਲੇ ਦੌਰ ਵਿਚ ਦਰਖਤਾਂ ਨਾਲੋਂ ਪੱਤੇ ਫਲ ਆਦਿ ਤੋੜ ਕੇ ਖਾਣ ਦੀ ਜਾਂਚ ਵੀ ਬਾਂਦਰ, ਵਣ ਮਾਨਸ ਤੋਂ ਬਾਅਦ ਹੀ ਇਸ ਜੀਵ ਨੂੰ ਆਈ। ਮਾਰੇ ਹੋਏ ਸ਼ਿਕਾਰ ਨਾਲੋਂ ਮਾਸ ਹੱਥਾਂ ਨਾਲ ਤੋੜ ਕੇ ਖਾਣਾ ਅਤੇ ਗਿਰੀਆਂ ਨੂੰ ਪੱਥਰਾਂ 'ਤੇ ਮਾਰ ਕੇ ਜਾਂ ਵੱਟਾ ਉੱਪਰ ਮਾਰ ਕੇ ਭੰਨਣ ਦੀ ਜਾਂਚ ਵੀ ਉਸਨੇ ਸਿੱਖ ਲਈ। ਹੁਣ ਤੱਕ ਉਹ ਨਿਰਾਪੁਰਾ ਡਿੱਗੇ ਹੋਏ ਫਲ ਜਾਂ ਸ਼ਿਕਾਰ 'ਤੇ ਹੀ ਨਿਰਭਰ ਜੀਵ ਸੀ, ਪਰ ਹੁਣ ਉਹ ਕੁਦਰਤ ਦੇ ਵਰਤਾਰਿਆਂ ਨੂੰ ਸਮਝਣ ਦਾ ਯਤਨ ਵੀ ਕਰਨ ਲੱਗਿਆ।

ਇਹ ਅਟੱਲ ਸੱਚਾਈ ਹੈ ਕਿ ਜਦੋਂ ਆਦਮੀ ਨੇ ਦੋ ਪੈਰਾਂ 'ਤੇ ਖੜ੍ਹੇ ਹੋਣਾ ਸਿੱਖ ਲਿਆ ਤਾਂ ਉਸਦੇ ਪੈਰ ਸਖ਼ਤ ਹੋ ਗਏ। ਹੱਥਾਂ ਵਿਚ ਚੀਜ਼ਾਂ ਫੜਨ ਅਤੇ ਉਨ੍ਹਾਂ ਦੀ ਵਰਤੋਂ ਕਰਨ ਨਾਲ ਉਂਗਲਾਂ ਲੰਮੀਆਂ ਹੋ ਗਈਆਂ ਜਦੋਂ ਕਿ ਮੁਕਾਬਲਤਨ ਪੈਰਾਂ ਦੀਆਂ ਉਂਗਲਾਂ ਬਿਲਕੁਲ ਹੀ ਛੋਟੀਆਂ ਰਹਿ ਗਈਆਂ। ਜੀਵ ਵਿਗਿਆਨ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜਿਸ ਅੰਗ ਦੀ ਆਦਮੀ ਵਰਤੋਂ ਕਰਦਾ ਰਿਹਾ, ਉਹ ਵਧਦਾ ਰਿਹਾ, ਜਿਸ ਅੰਗ ਦੀ ਵਰਤੋਂ ਕਰਨੀ ਆਦਮੀ ਨੇ ਛੱਡ ਦਿੱਤੀ, ਉਹ ਅੰਗ ਛੋਟਾ ਹੁੰਦਾ ਗਿਆ ਜਾਂ ਅਲੋਪ ਹੋ ਗਿਆ। ਗੱਲ ਸੰਖੇਪ ਵਿਚ ਕਰੀਏ ਤਾਂ ਆਪਾਂ ਕਹਿ ਸਕਦੇ ਹਾਂ ਕਿ ਜੋ ਜੀਵ ਹੁਣ ਤੱਕ ਸਿਰਫ਼ ਸ਼ੇਰ, ਚੀਤੇ ਵਾਂਗ ਸ਼ਿਕਾਰ 'ਤੇ ਝਪਟਦਾ ਰਿਹਾ ਸੀ ਹੁਣ ਪੱਥਰ ਜਾਂ ਲੱਕੜ ਦੇ ਹਥਿਆਰਾਂ



ਨਾਲ ਸ਼ਿਕਾਰ ਢੂੰਡਣ ਲੱਗ ਪਿਆ। ਇਹ ਉਸ ਜੀਵ ਦੀ ਬਹੁਤ ਵੱਡੀ ਪ੍ਰਾਪਤੀ ਸੀ। ਹੁਣ ਇਹ ਹੱਥ ਵਿਚ ਚੀਜ਼ਾਂ ਫੜਨ ਦੇ ਸਮਰੱਥ ਹੀ ਨਹੀਂ ਸੀ ਹੋ ਗਿਆ ਸਗੋਂ ਚੀਜ਼ਾਂ ਘੜਨ ਅਤੇ ਉਨ੍ਹਾਂ ਦੀ ਸੁਯੋਗ ਵਰਤੋਂ ਵੀ ਕਰਨ ਲੱਗ ਪਿਆ ਸੀ। ਪੱਥਰ ਦੇ ਸੰਦ ਬਣਾਉਣੇ ਉਸਦੇ ਪਹਿਲੇ ਸਾਇੰਸਦਾਨ ਹੋਣ ਦੀ ਸੂਚਨਾ ਦਿੰਦੇ ਹਨ। ਅਸੀਂ ਇਹ ਗੱਲ ਸੌਖਿਆਂ ਹੀ ਸਮਝ ਸਕਦੇ ਹਾਂ ਕਿ ਹੱਥਾਂ ਨੇ ਮਨੁੱਖੀ ਜੀਵਨ ਨੂੰ ਔਖੇਰੀਆਂ ਅਤੇ ਗੁੰਝਲਦਾਰ ਹਾਲਤਾਂ 'ਚੋਂ ਕੱਢਣ ਲਈ ਬਹੁਤ ਵੱਡੀ ਭੂਮਿਕਾ ਅਦਾ ਕੀਤੀ ਹੈ। ਜੇ ਇਉਂ ਕਹਿ ਲਿਆ ਜਾਵੇ ਕਿ ਉਸ ਤੋਂ ਅਗਲਾ ਸਮੁੱਚਾ ਵਿਕਾਸ, ਇੰਨੇ ਸੁੰਦਰ ਸੰਸਾਰ ਦੀ ਸਿਰਜਣਾ, ਇਸ ਸੰਸਾਰ ਦਾ ਦਿਸਦਾ ਇਹ ਸੁੰਦਰ ਸਰੂਪ, ਮਨੁੱਖ ਦੇ ਆਜ਼ਾਦ ਹੋਏ ਹੱਥਾਂ ਦੀ ਹੀ ਕਰਾਮਾਤ ਹੈ ਤੇ ਜੇ ਇਹ ਵੀ ਐਲਾਨ ਕਰ ਦਿੱਤਾ ਜਾਵੇ ਕਿ ਕੁਦਰਤੀ ਵਰਤਾਰਿਆਂ ਅਨੁਸਾਰ ਸਿਰਜੀ ਗਈ ਇਸ ਧਰਤ ਉੱਪਰ ਇਸ ਸੁੰਦਰ ਸੰਸਾਰ ਦਾ ਸਿਰਜਣਹਾਰਾ ਕੋਈ ਅਗੰਮੀ ਜਾਂ ਗੈਬੀ ਤਾਕਤ ਨਹੀਂ, ਸਗੋਂ ਮਨੁੱਖ ਆਪ ਹੈ, ਭਾਵ ਉਸਦੇ ਇਹ ਹੱਥ ਹਨ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਇਹ ਸਾਰੀ ਸਿਰਜਣਾ ਮਨੁੱਖ ਦੇ ਹੱਥਾਂ ਦੀ ਬਰਕਤ ਹੈ, ਜੋ ਵੀ ਅਸੀਂ ਸੱਭਿਆਚਾਰ ਜਾਂ ਸੱਭਿਅਤਾ ਦੇ ਰੂਪ ਵਿਚ ਵੇਖਦੇ ਹਾਂ।

ਸੱਭਿਆਤਾਵਾਂ ਅਤੇ ਸੱਭਿਆਚਾਰ ਦੇ ਇਤਿਹਾਸ ਤੋਂ ਪਹਿਲਾਂ ਦੇ ਅਥਵਾ ਮਾਨਵ ਦੇ ਪੂਰਵ ਇਤਿਹਾਸ ਦੇ ਇਸ ਦੌਰ ਦਾ ਮੈਂ ਸਿਰਫ਼ ਇੰਨਾ ਕੁ ਹੀ ਸਹਾਰਾ ਲੈਣਾ ਚਾਹਾਂਗਾ। ਇਸ ਤੋਂ ਅੱਗੇ ਮੇਰੇ ਅਧਿਐਨ ਦਾ ਅਗਲਾ ਪੜਾਅ ਮਨੁੱਖੀ ਇਤਿਹਾਸ ਦੇ ਉਸ ਵਿਕਾਸ ਪੜਾਅ ਦਾ ਹੈ, ਜਿਥੋਂ ਅੱਗੇ ਸੱਭਿਆਚਾਰ ਦੀ ਉਤਪਤੀ ਹੋਣ ਦਾ ਸਮਾਚਾਰ ਮਿਲਦਾ ਹੈ। ਸੱਭਿਆਚਾਰ ਕੀ ਹੈ? ਜੇ ਬਹੁਤ ਹੀ ਸੰਖੇਪ ਵਿਚ ਗੱਲ ਕਰਨੀ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਸੱਭਿਆਚਾਰ ਜੀਵਨ ਜਿਊਣ ਦਾ ਢੰਗ ਹੈ। ਜੋ ਆਦਮੀ ਨੇ ਸਦੀਆਂ ਦੇ ਲੰਮੇ ਸੰਘਰਸ਼ ਅਤੇ ਵੱਡੀ ਘਾਲਣਾ ਤੋਂ ਬਾਅਦ ਸਿੱਖਿਆ। ਅਸਲ ਵਿਚ ਸੱਭਿਆਚਾਰ ਉਨ੍ਹਾਂ ਢੰਗ ਤਰੀਕਿਆਂ ਦਾ ਨਾਂ ਹੈ, ਜਿਨ੍ਹਾਂ ਦੇ ਮੁਤਾਬਿਕ, ਉਸ ਨੇ ਖਾਣਾ-ਪੀਣਾ, ਰਹਿਣੀ-ਬਹਿਣੀ, ਬੈਠਣਾ-ਉੱਠਣਾ, ਬੋਲ-ਚਾਲ, ਵਰਤ-ਵਿਹਾਰ ਆਦਿ ਸਿੱਖਿਆ। ਸੱਭਿਆਚਾਰ ਇੱਕ ਪ੍ਰਕਾਰ ਦੀ ਮਨੁੱਖ ਦੇ ਆਚਾਰ ਦੀ ਹੀ ਵਿਆਖਿਆ ਹੈ ਭਾਵ ਸਲੀਕੇ ਨਾਲ ਪੇਸ਼ ਆਉਣਾ।

ਸਾਨੂੰ ਇੱਕ ਗੱਲ ਹੋਰ ਸਮਝ ਲੈਣੀ ਚਾਹੀਦੀ ਹੈ ਕਿ ਸਾਰੇ ਮੁਲਕਾਂ ਜਾਂ ਇਲਾਕਿਆਂ ਵਿਚ ਸੱਭਿਆਚਾਰ ਇਕੋ ਤਰੀਕੇ ਨਾਲ ਬਿਲਕੁਲ ਵੀ ਨਹੀਂ ਉਪਜਦਾ। ਇਸ ਦੇ ਪੈਦਾ ਹੋਣ ਅਤੇ ਵਿਕਸਿਤ ਹੋਣ ਪਿੱਛੇ ਕਿਸੇ ਦੇਸ਼, ਭੂ-ਖੰਡ ਜਾਂ ਸੂਬੇ ਦਾ ਵਾਤਾਵਰਨ, ਉਥੋਂ ਦੀਆਂ ਭੂਗੋਲਿਕ ਹਾਲਤਾਂ, ਜ਼ਮੀਨ ਦੀ ਕਿਸਮ ਆਦਿ ਅਨੇਕ ਗੱਲਾਂ ਇਸ ਲਈ ਜ਼ਿੰਮੇਵਾਰ ਹੁੰਦੀਆਂ ਹਨ। ਅਸੀਂ ਇਸ ਗੱਲ ਦਾ ਇਸ ਤੋਂ ਅੰਦਾਜ਼ਾ ਲਾ ਸਕਦੇ ਹਾਂ ਕਿ ਪੰਜਾਬ, ਹਰਿਆਣਾ, ਰਾਜਸਥਾਨ, ਯੂ.ਪੀ. ਆਦਿ ਦਾ ਜੀਵਨ ਢੰਗ ਬਹੁਤ ਗੱਲਾਂ ਵਿਚ ਵਖਰੇਵਾਂ ਰੱਖਦਾ ਹੈ। ਖਾਣ-ਪੀਣ ਪਹਿਨਣ ਆਦਿ ਦਾ ਹੀ ਵੱਡਾ ਫ਼ਰਕ ਸਾਨੂੰ ਦਿਸ ਜਾਂਦਾ ਹੈ। ਅਸਲ ਵਿਚ ਸੱਭਿਆਚਾਰ ਸਾਡੀ ਸ਼ਖ਼ਸੀਅਤ ਨੂੰ ਦ੍ਰਿਸ਼ਟੀਗੋਚਰ ਕਰਨ ਵਾਲਾ ਮਨੁੱਖ ਦਾ ਇੱਕ ਅੰਦਰੂਨੀ ਵਰਤਾਰਾ ਹੈ, ਭਾਵ ਕਿ ਸੱਭਿਆਚਾਰ ਇਹ ਦਰਸਾਉਂਦਾ ਹੈ ਕਿ ਮਨੁੱਖ ਕਿਹੋ ਜਿਹੀ ਵਿਵਹਾਰਕ ਬਣਤਰ ਵਾਲਾ ਪ੍ਰਾਣੀ ਹੈ।

ਸੱਭਿਆਚਾਰ ਅਤੇ ਸੱਭਿਅਤਾ ਵਿਚ ਫ਼ਰਕ ਦੀ ਜੇ ਨਿਸ਼ਾਨ ਦੇਹੀ ਕਰਨੀ ਹੋਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਜੋ ਮਾਨਵੀ ਵਿਉਹਾਰ ਹੈ, ਉਹ ਸੱਭਿਆਚਾਰ ਦੇ ਘੇਰੇ ਵਿਚ ਆਉਂਦਾ ਹੈ, ਜਦੋਂ ਕਿ ਇਕ ਵਿਸ਼ੇਸ਼ ਕਾਲ ਖੰਡ ਵਿਚ ਜੋ ਕੁਝ ਮਨੁੱਖ ਨੇ ਠੋਸ ਰੂਪ ਵਿਚ ਸਿਰਜਿਆ ਹੈ, ਸਭ ਤਰ੍ਹਾਂ ਦੇ ਪਦਾਰਥ, ਵਰਤੋਂ ਯੋਗ ਵਸਤੂ ਸੰਸਾਰ, ਨਗਰ, ਪਿੰਡ ਜੋ ਵੀ ਮਨੁੱਖੀ ਹੱਥਾਂ ਦੀ ਕਿਰਤ ਦੁਆਰਾ ਉਸਾਰਿਆ ਜਾਂ

ਸਿਰਜਿਆ ਗਿਆ, ਸੱਭਿਅਤਾ ਹੈ। ਜੋ ਕੁਝ ਵੀ ਸਮੂਰਤ ਰੂਪ ਵਿਚ ਮਨੁੱਖੀ ਹੱਥਾਂ ਦੀ ਕਾਰੀਗਰੀ ਸਾਡੇ ਸਾਹਮਣੇ ਹੈ, ਸੱਭਿਅਤਾ ਦੇ ਘੇਰੇ ਵਿਚ ਆਉਂਦੀ ਹੈ।

ਆਉ ਇਨ੍ਹਾਂ ਸੁਆਲਾਂ ਨੂੰ ਰਤਾ ਹੋਰ ਸੌਖੇ ਢੰਗ ਨਾਲ ਸਮਝਣ ਦਾ ਯਤਨ ਕਰੀਏ। ਸ਼ਿਕਾਰੀ ਮਨੁੱਖ ਆਪਣੇ ਆਰੰਭਲੇ ਸਮੇਂ ਦਾ ਸ਼ਿਕਾਰ ਮਾਰਨ ਵੇਲੇ ਨਹੁੰ ਅਤੇ ਦੰਦਾਂ ਦੀ ਵਰਤੋਂ ਹੀ ਕਰ ਸਕਦਾ ਸੀ। ਲੰਮੀ ਸੋਟੀ ਨੂੰ ਉਹ ਕਿਸੇ ਸਮੇਂ ਬਰਛੇ ਦੇ ਰੂਪ ਵਿਚ ਵਰਤਣ ਲੱਗਿਆ। ਪੱਥਰ ਯੁੱਗ ਵਿਚ ਪ੍ਰਵੇਸ਼ ਕਰਕੇ ਫਿਰ ਸਾਡੇ ਉਸ ਆਦਿ ਮਨੁੱਖ ਨੇ ਪੱਥਰ ਦੇ ਸੰਦ ਬਣਾਏ। ਇਨ੍ਹਾਂ ਪੱਥਰ ਦੇ ਸੰਦਾਂ ਨਾਲ ਉਸਨੇ ਹੋਰ ਕਈ ਪ੍ਰਕਾਰ ਦੀਆਂ ਚੀਜ਼ਾਂ ਬਣਾਉਣ ਦੀ ਜਾਂਚ ਸਿੱਖੀ। ਹੋਰ ਵੰਨ-ਸੁਵੰਨੀਆਂ ਚੀਜ਼ਾਂ ਬਣਾਉਣ ਲਈ ਹੋਰ ਤਰ੍ਹਾਂ ਦੇ ਸੰਦ। ਇਸ ਤਰ੍ਹਾਂ ਅੱਗੇ ਤੋਂ ਅੱਗੇ ਹੋਰ ਚੀਜ਼ਾਂ ਅਤੇ ਨਵੀਂ ਕਿਸਮ ਦੇ ਸੰਦ ਤੇ ਨਵੀਂ ਕਿਸਮ ਦੀਆਂ ਚੀਜ਼ਾਂ। ਇਸਨੂੰ ਅਸੀਂ ਮਨੁੱਖੀ ਕਿਰਤ ਕਹਿ ਕੇ ਵਡਿਆਵਾਂਗੇ। ਕਿਰਤ ਰਾਹੀਂ ਮਨੁੱਖ ਨੇ ਕੁਦਰਤ ਦੇ ਐਨ ਬਰਾਬਰ ਇਕ ਵੱਖਰਾ ਪ੍ਰਬੰਧ ਸਿਰਜ ਕੇ ਆਪਣੀ ਵੱਖਰੀ ਹੋਂਦ ਦਾ ਵੀ ਪ੍ਰਗਟਾਵਾ ਕਰ ਵਿਖਾਇਆ ਹੈ। ਇਹ ਸੁਤੇ ਸਿੱਧ ਵਰਤਾਰਾ ਹੈ ਜੋ ਕਿ ਵਿਰੋਧ ਵਿਕਾਸੀ ਨਿਯਮਾਂ ਅਨੁਸਾਰ ਗਤੀਸ਼ੀਲ ਵੀ ਰਹਿੰਦਾ ਹੈ ਤੇ ਪਰਿਵਰਤਨਸ਼ੀਲ ਵੀ। ਸਾਡਾ ਸੱਭਿਆਚਾਰ ਨਾ ਕਦੇ ਅੱਜ ਵਰਗਾ ਸੀ ਅਤੇ ਨਾ ਹੀ ਅੱਗੋਂ ਲਈ ਬਿਲਕੁਲ ਇਹੋ ਜਿਹਾ ਰਹੇਗਾ। ਇਸ ਵਿਚ ਤਬਦੀਲੀਆਂ ਆਉਂਦੀਆਂ ਹੀ ਰਹਿਣਗੀਆਂ।

ਸੱਭਿਆਚਾਰ ਨੂੰ ਪੱਕੀ ਠੱਕੀ ਵਿਰਾਸਤ ਜਾਂ ਜਮਾਂਦਰੂ ਗੁਣ ਕਰਕੇ ਗ੍ਰਹਿਣ ਨਹੀਂ ਕੀਤਾ ਜਾਂਦਾ ਸਗੋਂ ਇਸਦੀ ਬਕਾਇਦਾ ਸਿਖਲਾਈ ਦਿੱਤੀ ਜਾਂਦੀ ਹੈ, ਜੋ ਇੱਕ ਬੱਚਾ ਅਚੇਤ ਜਾਂ ਸੁਚੇਤ ਰੂਪ ਵਿਚ ਸਿੱਖਦਾ ਰਹਿੰਦਾ ਹੈ। ਇਸੇ ਸਿੱਖਣ ਪ੍ਰਕਿਰਿਆ ਅਧੀਨ ਹੀ ਮਨੁੱਖ ਦੇ ਅੰਦਰ ਚਿੰਤਨ ਅਤੇ ਚੇਤਨਾ ਪੈਦਾ ਹੁੰਦੀ ਰਹਿੰਦੀ ਹੈ, ਜਿਸ ਵਿਚੋਂ ਅੱਗੋਂ ਨਿਰੰਤਰ ਤਬਦੀਲੀ ਆਉਂਦੀ ਰਹਿੰਦੀ ਹੈ ਜੋ ਪੜਾਅ ਦਰ ਪੜਾਅ ਅੱਗੇ ਵਿਕਾਸ ਕਰਦੀ ਹੈ। ਇਸੇ ਵਰਤਾਰੇ ਅਧੀਨ ਮਨੁੱਖ ਦੀ ਸਾਮੂਹਿਕ ਮਾਨਸਿਕ ਅਤੇ ਸਰੀਰਕ ਬਣਤਰ ਨਿਰਧਾਰਤ ਹੁੰਦੀ ਹੈ, ਭਾਵ ਇਹ ਕਿਵੇਂ ਪਸ਼ੂ ਸ਼੍ਰੇਣੀ ਤੋਂ ਵੱਖ ਹੋ ਕੇ ਸੋਚਣ ਸਮਝਣ ਲੱਗਿਆ, ਕਿਵੇਂ ਚੀਜ਼ਾਂ ਹੱਥਾਂ ਵਿਚ ਫੜਕੇ ਉਨ੍ਹਾਂ ਦੀ ਵਰਤੋਂ ਕਰਨਾ ਸਿੱਖਿਆ ਅਤੇ ਉਨ੍ਹਾਂ ਵਸਤੂਆਂ ਰਾਹੀਂ ਹੋਰ ਵਸਤੂਆਂ ਘੜਨ ਬਣਾਉਣ ਲੱਗਿਆ ਆਦਿ।

ਕਿਉਂਕਿ ਰਾਜ ਦੀ ਨੀਂਹ ਜ਼ੋਰ-ਜਬਰ 'ਤੇ ਟਿਕੀ ਹੁੰਦੀ ਹੈ, ਜਿਸ ਕਰਕੇ ਇਸਨੇ ਕਿਰਤ ਦੇ ਇਸ ਮਹਾਨ ਸਿਧਾਂਤ ਨੂੰ ਪਿੱਛੇ ਧੱਕ ਕੇ ਨੀਵੇਂ ਪੱਧਰ 'ਤੇ ਨਫ਼ਰਤ ਕਰਨ ਯੋਗ ਚੀਜ਼ ਬਣਾ ਦਿੱਤਾ। ਗੁਲਾਮਦਾਰੀ ਅਤੇ ਸਾਮੰਤੀ ਯੁੱਗਾਂ ਅੰਦਰ ਕਿਰਤ ਕਰਨ ਵਾਲੇ ਨੂੰ ਕਾਮਾ, ਕੰਮੀ ਜਾਂ ਕਮੀਨ ਕਹਿ ਕੇ ਕਿਰਤ ਨੂੰ ਘਟੀਆ ਦਰਜੇ 'ਤੇ ਸੁੱਟ ਦਿੱਤਾ ਗਿਆ। ਮਾਲਕ ਜਾਂ ਸਾਮੰਤ ਦੀ ਚੌਧਰ ਅਤੇ ਧੌਂਸ ਨੂੰ ਇਹ ਵਾਰਾ ਖਾਂਦਾ ਸੀ ਕਿ ਉਹ ਕਿਰਤ ਨੂੰ ਛੁੱਟਿਆ ਕੇ ਪੇਸ਼ ਕਰੇ ਅਤੇ ਆਪਣੇ ਵਿਹਲੇ ਰਹਿਣ ਨੂੰ ਰੱਬ ਵਲੋਂ ਮਿਲੀ ਦਾਤ ਕਹਿ ਕੇ ਵਡਿਆਵੇ ਅਤੇ ਇਸ ਪਾੜੇ ਨੂੰ ਕੁਦਰਤ ਜਾਂ ਰੱਬ ਦੀ ਦੇਣ ਕਹਿ ਕੇ ਮਨੁੱਖੀ ਸਮਾਜ ਉੱਪਰ ਠੋਸੇ। ਪਰ ਸਾਨੂੰ ਇਹ ਗੱਲ ਦ੍ਰਿੜ੍ਹ ਕਰ ਲੈਣੀ ਚਾਹੀਦੀ ਹੈ ਕਿ ਜੇ ਮਨੁੱਖ ਕਿਰਤ ਕਰਨ ਦੀ ਜਾਂਚ ਨਾ ਸਿੱਖਿਆ ਹੁੰਦਾ ਤਾਂ ਇਸਨੇ ਵੀ ਪਸ਼ੂਆਂ ਦੀ ਤਰ੍ਹਾਂ ਹੀ ਜੀਵਨ ਬਤੀਤ ਕਰਦੇ ਰਹਿਣਾ ਸੀ। ਸਪੱਸ਼ਟ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਹਰ ਪ੍ਰਕਾਰ ਦੇ ਸੱਭਿਆਚਾਰ ਦਾ ਵਿਕਾਸ ਕੇਵਲ ਤੇ ਕੇਵਲ ਮਨੁੱਖੀ ਹੱਥਾਂ ਰਾਹੀਂ ਕੀਤੀ ਕਿਰਤ ਦੇ ਸਦਕਾ ਹੀ ਸੰਭਵ ਹੋ ਸਕਿਆ। ਜੇ ਇਹ ਦਾਅਵਾ ਕਰ ਦਿੱਤਾ ਜਾਵੇ ਕਿ ਕੇਵਲ ਤੇ ਕੇਵਲ ਦੋ ਤਰ੍ਹਾਂ ਦੇ ਵਿਅਕਤੀਆਂ ਨੇ ਹੀ ਇਸ ਸੱਭਿਆਚਾਰ ਦੀ ਸਿਰਜਣਾ ਕੀਤੀ ਹੈ ਤਾਂ ਇਸ ਸੱਚ ਨੂੰ ਝੁਠਲਾਉਣ ਵਾਲੀ ਕੋਈ ਤਾਕਤ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਮੌਜੂਦ ਨਹੀਂ ਹੈ। ਉਹ ਸੱਚ ਇਹ ਹੈ ਕਿ ਕੁਦਰਤ ਵਲੋਂ ਮਿਲੇ ਇਸ ਸੰਸਾਰ ਵਿਚ ਪੈਦਾ ਕੀਤੀ ਗਈ ਸਾਰੀ ਸੁੰਦਰਤਾ ਦਾ



ਸਿਹਰਾ ਕਿਰਤੀ ਕਾਰੀਗਰ ਅਤੇ ਕਿਸਾਨ ਦੇ ਸਿਰ ਬੱਝਦਾ ਹੈ। ਇਕ ਇਹ ਗੱਲ ਵੀ ਸਾਨੂੰ ਵਿਚਾਰ ਲੈਣੀ ਚਾਹੀਦੀ ਹੈ ਕਿ ਸੱਭਿਆਚਾਰ ਦੀ ਸਿਰਜਣਾ ਕੇਵਲ ਮਨੁੱਖੀ ਸਮਾਜ ਹੀ ਕਰ ਸਕਿਆ ਹੈ, ਉਹ ਵੀ ਕਿਸਾਨ ਅਤੇ ਕਾਰੀਗਰ ਦੇ ਸਿਰੋਂ। ਫਿਰ ਤਾਂ ਅਸੀਂ ਇਹ ਦਾਅਵਾ ਕਰਨ ਦੇ ਸਮਰੱਥ ਹਾਂ ਕਿ ਇਸ ਸੁਹਣੇ ਸੰਸਾਰ ਦਾ ਸਿਰਜਣਹਾਰਾ ਮਨੁੱਖ ਆਪ ਹੈ।

ਜੀਵਾਂ ਵਿਚੋਂ ਇੱਕ ਜੀਵ ਡਾਲਫ਼ਨ ਮੱਛੀ ਹੈ ਜੋ ਮਨੁੱਖ ਦੀ ਮਿੱਤਰ ਕਰਕੇ ਜਾਣੀ ਜਾਂਦੀ ਹੈ। ਉਹ ਬਹੁਤ ਤੇਜ਼ ਦਿਮਾਗ ਵਾਲਾ ਜੀਵ ਹੈ। ਡੁੱਬਦੇ ਮਨੁੱਖ ਜਾਂ ਬੇੜੀਆਂ ਨੂੰ ਹੇਠ ਵੜ ਕੇ ਸਹਾਰਾ ਦਿੰਦੀ ਹੋਈ ਕਿਨਾਰੇ ਲਾ ਦਿੰਦੀ ਹੈ, ਪਰ ਉਸਦਾ ਆਪਣਾ ਕੋਈ ਸੱਭਿਆਚਾਰ ਨਹੀਂ ਹੈ। ਕਿਉਂ? ਕਿਉਂਕਿ ਉਸਦੇ ਹੱਥ ਨਹੀਂ ਜਿਸ ਕਰਕੇ ਉਹ ਕਿਸੇ ਕਿਸਮ ਦੀ ਸਿਰਜਣਾ ਨਹੀਂ ਕਰ ਸਕਦੀ। ਕੋਈ ਮਨੁੱਖੀ ਸਮਾਜ ਜਿਹੋ ਜਿਹੇ ਸੱਭਿਆਚਾਰਕ ਵਰਤਾਰੇ 'ਚੋਂ ਲੰਘਦਾ ਹੈ, ਉਸਦੇ ਵਿਅਕਤੀਆਂ ਦੀ ਸ਼ਖ਼ਸੀਅਤ ਉਸ ਵਰਤਾਰੇ ਦੇ ਅਨੁਸਾਰ ਹੀ ਉਸਰਦੀ ਅਤੇ ਵਿਕਾਸ ਕਰਦੀ ਹੈ। ਕੋਈ ਜਨ ਸਮੂਹ ਪਸ਼ੂਆਂ ਵਾਲੇ ਅਧੂਰੇਪਣ 'ਚੋਂ ਨਿਕਲ ਕੇ ਸੰਪੂਰਨਤਾ ਵੱਲ ਵੱਧਦਾ ਹੈ ਤੇ ਪ੍ਰੇਮ ਪਿਆਰ ਮਿਲਵਰਤਣ, ਇਕ ਦੂਜੇ ਦੇ ਕੰਮ ਆਉਣ, ਚੰਗਿਆਈ ਬੁਰਿਆਈ ਦੀ ਪਛਾਣ ਕਰਨ, ਗਲਤ ਗੱਲਾਂ ਦੇ ਵਿਰੁੱਧ ਆਵਾਜ਼ ਉਠਾਉਣ, ਕਿਸੇ ਦੀ ਫੋਕੀ ਧੌਂਸ ਬਰਦਾਸ਼ਤ ਨਾ ਕਰਨ, ਹਮਦਰਦੀ, ਵਿਸ਼ਵਾਸ, ਮਿਹਨਤ, ਇਮਾਨਦਾਰੀ ਆਦਿ ਮਾਨਵੀ ਗੁਣਾਂ ਨੂੰ ਧਾਰਨ ਕਰਦਾ ਹੈ ਤਾਂ ਉਹ ਇਕ ਵਿਸ਼ੇਸ਼ ਕਿਸਮ ਦੀ ਸ਼ਖ਼ਸੀਅਤ ਦਾ ਮਾਲਕ ਬਣਦਾ ਹੈ।

ਸਾਡੇ ਕੋਲ ਕਲਪਨਾ ਕਰਨ ਲਈ ਬਹੁਤ ਵੱਡਾ ਆਧਾਰ ਹੈ। ਮਨੁੱਖ ਨੇ ਸ਼ਿਕਾਰ ਮਾਰਨ ਲਈ ਬਰਛਾ ਬਣਾਇਆ, ਦਰਖਤਾਂ ਤੋਂ ਫਲ ਲਾਹੁਣ ਲਈ ਢਾਂਗੀ ਬਣਾਈ। ਉਸਦੀ ਵਰਤੋਂ ਕਰਨੀ ਸਿੱਖੀ। ਹੁਣ ਉਸਨੂੰ ਸ਼ਿਕਾਰ ਮਾਰਨ ਲਈ ਜਾਨਵਰ ਉੱਪਰ ਸਿੱਧਾ ਹੀ ਨਹੀਂ ਸੀ ਝਪਟਣਾ ਪੈਂਦਾ, ਉਹ ਬਰਛੇ ਆਦਿ ਨਾਲ ਸ਼ਿਕਾਰ ਮਾਰਨ ਦੇ ਸਮਰੱਥ ਹੋ ਗਿਆ ਸੀ। ਸ਼ਿਕਾਰ ਦਾ ਆਪ ਸ਼ਿਕਾਰ ਬਣਨ ਦੇ ਡਰ ਤੋਂ ਸਮੂਹ ਦੇ ਰੂਪ ਵਿਚ ਹਮਲਾ ਕਰਨਾ ਉਸ ਦੀ ਮੁੱਢਲੀ ਲੋੜ ਸੀ। ਫਲ ਲਾਹੁਣ ਲਈ ਉਸਨੂੰ ਹੁਣ ਦਰੱਖਤ ਉੱਪਰ ਚੜ੍ਹਨ ਦੀ ਲੋੜ ਨਹੀਂ ਸੀ, ਉਹ ਢਾਂਗੀ ਨਾਲ ਹੀ ਟਾਹਣੇ ਹਲੂਣ ਸਕਦਾ ਸੀ। ਇਸ ਵਰਤਾਰੇ ਨੂੰ ਅਸੀਂ ਇਤਿਹਾਸ ਦੇ ਮੁੱਢ ਵਜੋਂ ਚੇਤੇ ਕਰਦੇ ਹਾਂ। ਇਸ ਸਮੇਂ ਤੱਕ ਮਨੁੱਖ ਝੁੰਡਾਂ ਵਿਚ ਘੁੰਮਦੇ ਫਿਰਨ ਵਾਲਾ ਇੱਕ ਪਸ਼ੂ ਹੀ ਸੀ। ਸ਼ਿਕਾਰ ਜਾਂ ਖੁਰਾਕ ਦੀ ਭਾਲ ਵਿਚ ਉਹ ਇਕ ਥਾਂ ਤੋਂ ਦੂਜੀ ਥਾਂ 'ਤੇ ਜਾਂਦਾ ਰਹਿੰਦਾ ਸੀ ਤੇ ਇਹ ਵੀ ਸੱਚ ਹੈ ਕਿ ਉਹਦਾ ਪ੍ਰਾਪਤ ਕੀਤਾ ਸਭ ਕੁਝ ਸਭ ਦਾ ਸਾਂਝਾ ਹੁੰਦਾ ਸੀ।

ਖੇਤੀ ਕਰਨ ਦੀ ਜਾਂਚ ਸਿੱਖਣ ਦੇ ਵਰਤਾਰੇ ਤੋਂ ਸਾਨੂੰ ਇਹ ਗਿਆਨ ਮਿਲਦਾ ਹੈ ਕਿ ਹੁਣ ਮਨੁੱਖ ਝੁੰਡਾਂ ਵਿਚ ਇਧਰ ਉਧਰ ਘੁੰਮਣ ਨਾਲੋਂ ਇਕ ਥਾਂ ਟਿਕ ਕੇ ਖੇਤੀ ਦੇ ਕਿੱਤੇ ਨਾਲ ਜੁੜ ਗਿਆ ਤੇ ਉਸਨੇ ਬਸਤੀਆਂ ਵਸਾਉਣੀਆਂ ਆਰੰਭ ਕਰ ਦਿੱਤੀਆਂ। ਉਸਨੂੰ ਇਹ ਵੀ ਗਿਆਨ ਹੋ ਗਿਆ ਕਿ ਪੈਦਾ ਕੀਤੇ ਅਨਾਜ ਨੂੰ ਉਹ ਆਪਣੀ ਖੁਰਾਕ ਦੇ ਤੌਰ 'ਤੇ ਵਰਤ ਸਕਦਾ ਹੈ। ਇਕੋ ਥਾਂ 'ਤੇ ਟਿਕ ਜਾਣ ਨੇ ਉਸਨੂੰ ਇਹ ਗਿਆਨ ਵੀ ਦਿੱਤਾ ਕਿ ਕੁਝ ਪਸ਼ੂਆਂ ਨੂੰ ਪਾਲਿਆ ਜਾ ਸਕਦਾ ਹੈ ਜੋ ਖ਼ਾਸ ਸਮਿਆਂ 'ਤੇ ਉਸਦੀ ਖਾਧ ਖੁਰਾਕ ਵੀ ਬਣ ਸਕਦੇ ਸਨ। ਕਈ ਪਸ਼ੂਆਂ ਨੂੰ ਉਹ ਖੇਤੀ ਦੇ ਕੰਮ ਵਿਚ ਵੀ ਵਰਤਣ ਲੱਗਿਆ। ਉਸਨੇ ਬਸਤੀਆਂ ਵਸਾਈਆਂ, ਅਨਾਜ, ਕਈ ਪ੍ਰਕਾਰ ਦੀਆਂ ਸਾਗ ਸਬਜ਼ੀਆਂ, ਜੜ੍ਹੀ-ਬੂਟੀਆਂ ਦੀ ਪੈਦਾਵਾਰ ਅਤੇ ਉਨ੍ਹਾਂ ਦੀ ਵਰਤੋਂ ਕਰਨ ਦੇ ਢੰਗ ਤਰੀਕੇ ਆਦਿ ਉਸਨੇ ਸਿੱਖ ਲਏ। ਹੁਣ ਅੱਗ ਦੀ ਸੁਯੋਗ ਵਰਤੋਂ ਕਰਨ ਅਤੇ ਅੱਗੋਂ-ਅੱਗ ਪੈਦਾ ਕਰਨ ਦੀ ਜਾਂਚ ਨੇ ਉਸਦੇ ਜੀਵਨ ਵਿਚ ਹੋਰ ਸੌਖ ਪੈਦਾ ਕਰ ਦਿੱਤੀ। ਸਮੇਂ ਨਾਲ ਉਸਨੂੰ ਬਾਂਸ ਦੇ ਪੋਰੇ ਦਾ ਪਤੀਲਾ ਬਣਾਉਣ ਦੀ ਜਾਂਚ ਵੀ ਆ ਗਈ

ਜਾਪਦੀ ਹੈ ਤੇ ਉਹ ਚੁੱਲ੍ਹੇ ਦੀ ਵਰਤੋਂ ਕਰਨੀ ਸਿੱਖ ਗਿਆ। ਕਾਠ ਦੀ ਇਸ ਹਾਂਡੀ ਤੋਂ ਲੈ ਕੇ ਮਿੱਟੀ ਦੇ ਪਤੀਲੇ ਤੱਕ ਦਾ ਸਫ਼ਰ ਸਦੀਆਂ ਦਾ ਸਫ਼ਰ ਹੈ। ਖੇਤੀ ਦਾ ਕਿੱਤਾ ਅਪਣਾਉਣ ਨਾਲ ਜਦੋਂ ਉਸ ਨੇ ਇਕ ਥਾਂ ਟਿਕ ਕੇ ਰਹਿਣਾ ਆਰੰਭ ਕਰ ਦਿੱਤਾ, ਉਸਨੇ ਨਵੀਂ ਤਰਜ਼ ਦੀ ਜ਼ਿੰਦਗੀ ਦਾ ਮੁੱਢ ਬੰਨ੍ਹ ਦਿੱਤਾ। ਇਥੇ ਆ ਕੇ ਅਸੀਂ ਵੇਖਦੇ ਹਾਂ ਕਿ ਉਸਨੇ ਭਾਂਤ-ਭਾਂਤ ਦਾ ਸੱਭਿਆਚਾਰ ਸਿਰਜਿਆ। ਮੋਟੇ ਤੌਰ 'ਤੇ ਮਨੁੱਖ ਨੇ ਤਿੰਨ ਤਰ੍ਹਾਂ ਦੇ ਸੱਭਿਆਚਾਰ ਦੀ ਸਿਰਜਣਾ ਕੀਤੀ।

(ੳ) ਸ਼ਿਲਪ ਸੱਭਿਆਚਾਰ (ਅ) ਸਮਾਜਿਕ ਸੱਭਿਆਚਾਰ (ੲ) ਮਾਨਸਿਕ ਸੱਭਿਆਚਾਰ

ਇਨ੍ਹਾਂ ਕਿਸਮਾਂ ਦੀ ਵਿਆਖਿਆ ਆਪਾਂ ਇਸ ਤਰ੍ਹਾਂ ਵੀ ਕਰ ਸਕਦੇ ਹਾਂ - ਸ਼ਿਲਪ ਸੱਭਿਆਚਾਰ ਜਾਂ ਚੀਜ਼ਾਂ ਦਾ ਸੱਭਿਆਚਾਰ - ਜਦੋਂ ਤੋਂ ਮਨੁੱਖ ਨੇ ਕਿਰਤ ਦਾ ਮੁੱਢ ਬੰਨ੍ਹਿਆ, ਉਸਨੇ ਭਾਂਤ-ਭਾਂਤ ਦੀਆਂ ਚੀਜ਼ਾਂ ਬਣਾਈਆਂ। ਇਸ ਵੰਨਗੀ ਦੇ ਸੱਭਿਆਚਾਰ ਨੂੰ ਅਸੀਂ ਹੁਨਰ ਜਾਂ ਕਲਾ ਦਾ ਸੱਭਿਆਚਾਰ ਵੀ ਕਹਿ ਸਕਦੇ ਹਾਂ। ਇੱਕ ਚੀਜ਼ ਜਾਂ ਇਕ ਸੰਦ ਬਣਾਉਣ ਲਈ ਇਕ ਹੋਰ ਚੀਜ਼ ਜਾਂ ਸੰਦ ਦੀ ਲੋੜ ਨੇ ਇਸ ਹੁਨਰ ਨੂੰ ਬਹੁਤ ਪ੍ਰਫੁੱਲਤ ਕੀਤਾ। ਭਾਈਚਾਰੇ ਵਿਚ ਕੰਮਾਂ ਦੀ ਵੰਡ ਕਰਕੇ ਸਾਂਝੇ ਰੂਪ ਵਿਚ ਪੈਦਾਵਾਰ ਕਰਨ ਦਾ ਰਿਵਾਜ ਪੈ ਗਿਆ। ਜੋ ਕੁਝ ਵੀ ਪੈਦਾ ਕੀਤਾ ਜਾਂਦਾ ਸੀ ਉਹ ਸਾਰੇ ਸਮਾਜ ਦਾ ਸਾਂਝਾ ਗਿਣਿਆ ਜਾਂਦਾ ਸੀ। ਔਰਤਾਂ ਜੜੀਆਂ-ਬੂਟੀਆਂ ਇਕੱਠੀਆਂ ਕਰਦੀਆਂ ਤਾਂ ਮਰਦ ਸ਼ਿਕਾਰ ਮਾਰ ਕੇ ਲਿਆਉਂਦੇ ਜਾਂ ਖੇਤੀ ਕਰਦੇ। ਜੋ ਵੀ ਇਸ ਆਰੰਭਕ ਸਮਾਜ ਦੀਆਂ ਲੋੜਾਂ ਹੁੰਦੀਆਂ ਉਹ ਸਾਂਝੇ ਤੌਰ 'ਤੇ ਹੀ ਪੂਰੀਆਂ ਕੀਤੀਆਂ ਜਾਂਦੀਆਂ। ਉਦਾਹਰਣ ਵਜੋਂ ਖੇਤੀ ਨਾਲ ਸੰਬੰਧਿਤ ਸੰਦ ਵਲੇਵਾਂ, ਘਰਾਂ ਵਿਚ ਵਰਤਣ ਵਾਲੀਆਂ ਚੀਜ਼ਾਂ, ਰਸੋਈ ਆਦਿ ਵਿਚ ਵਰਤਣ ਵਾਲੇ ਬਰਤਨ ਗੱਲ ਕੀ ਸਭ ਤਰ੍ਹਾਂ ਦਾ ਸਮਾਨ ਕਬੀਲਾ ਆਪ ਹੀ ਪੈਦਾ ਕਰਦਾ ਸੀ। ਸਮੇਂ ਨਾਲ ਇਹ ਕੁਝ ਘਰੇਲੂ ਉਦਯੋਗ ਜਾਂ ਘਰੇਲੂ ਦਸਤਕਾਰੀ ਵਜੋਂ ਜਾਣਿਆ ਜਾਣ ਲੱਗਿਆ। ਮਨੁੱਖ ਇਕ ਅਜਿਹੇ ਪੜਾਅ 'ਤੇ ਪਹੁੰਚ ਚੁੱਕਾ ਸੀ ਜਦੋਂ ਉਸਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਇਕ ਦੂਜੇ 'ਤੇ ਨਿਰਭਰ ਹੋਣਾ ਪਿਆ। ਜਿਵੇਂ ਜਿਵੇਂ ਉਸ ਦੀਆਂ ਲੋੜਾਂ ਵਧਦੀਆਂ ਗਈਆਂ, ਤਰ੍ਹਾਂ-ਤਰ੍ਹਾਂ ਦੇ ਕਿੱਤੇ ਉਸਨੂੰ ਅਪਨਾਉਣੇ ਪਏ। ਹੌਲੀ-ਹੌਲੀ ਇੱਕ ਕਿੱਤੇ ਵਿਚ ਬੰਦੇ ਮਾਹਿਰ ਹੁੰਦੇ ਗਏ ਤੇ ਅੱਗੋਂ ਉਹ ਆਪਣੀ ਅਗਲੀ ਪੀੜ੍ਹੀ ਨੂੰ ਉਸ ਕਿੱਤੇ ਦੇ ਮਾਹਿਰ ਬਣਾ ਦਿੰਦੇ ਰਹੇ।

ਕੁਦਰਤ ਮੂਹਰੇ ਲਾਚਾਰ ਮਨੁੱਖ ਆਪਣੀ ਹੋਣੀ ਨੂੰ ਤਬਦੀਲ ਕਰਦਾ ਹੌਲੀ-ਹੌਲੀ ਕੁਦਰਤ ਦੇ ਸਾਧਨਾਂ ਦੀ ਵਰਤੋਂ ਕਰਨ ਲੱਗਦਾ ਹੈ ਤਾਂ ਉਹ ਇਕ ਅਸਲੋਂ ਹੀ ਵੱਖਰੇ ਇਨਸਾਨੀ ਰੂਪ ਵਿਚ ਸਾਹਮਣੇ ਆਉਂਦਾ ਹੈ। ਕੁਦਰਤ ਦੇ ਅਨੰਤ ਪਸਾਰੇ ਨੂੰ ਸਮਝਣ ਦੀ ਪ੍ਰਕਿਰਿਆ ਸ਼ੁਰੂ ਹੋਈ। ਜਿਸ ਦਾ ਸਭ ਤੋਂ ਅਹਿਮ ਤੱਤ ਮਨੁੱਖ ਦੇ ਹੱਥਾਂ ਨਾਲ ਜੁੜਿਆ ਹੋਇਆ ਹੈ। ਜਦ ਤੱਕ ਮਨੁੱਖ ਨੂੰ ਹੱਥਾਂ ਦੀ ਬਰਕਤ ਦਾ ਗਿਆਨ ਨਹੀਂ ਸੀ ਤਦ ਤੱਕ ਉਹ ਕੁਦਰਤ ਮੂਹਰੇ ਲਾਚਾਰ ਸੀ। ਜਿਉਂ-ਜਿਉਂ ਉਹ ਇਸ ਸ਼ਕਤੀ ਦੀ ਵਰਤੋਂ ਕਰਨ ਦੇ ਹੋਰ ਵਧੇਰੇ ਸਮਰੱਥ ਹੋਇਆ ਤਾਂ ਉਸਨੇ 'ਕਰਾਮਾਤਾਂ' ਕਰ ਵਿਖਾਈਆਂ। ਪਾਣੀਆਂ ਨੂੰ ਕਾਬੂ ਕਰਨਾ, ਅੱਗ ਦੀ ਵਰਤੋਂ ਕਰਨ ਜਿਹੇ ਕਾਰਨਾਮੇ ਕਰ ਵਿਖਾਏ। ਇਸ ਨਾਲ ਉਸਦੇ ਦਿਮਾਗੀ ਵਿਕਾਸ ਵਿਚ ਵੀ ਤੇਜ਼ੀ ਆਉਂਦੀ ਹੈ। ਦਿਮਾਗ ਦੀ ਵਰਤੋਂ ਕਰਦਿਆਂ ਉਸਦੀਆਂ ਹੁਨਰ ਜਾਂ ਇਉਂ ਕਹਿ ਲਓ ਸ਼ਿਲਪਕਾਰੀ ਵਿਚ ਨਿਤ ਨਵੀਆਂ ਪ੍ਰਾਪਤੀਆਂ ਨੇ ਇੱਕ ਨਿਵੇਕਲੀ ਕਿਸਮ ਦੇ ਸੱਭਿਆਚਾਰ ਦੀ ਨੀਂਹ ਰੱਖ ਦਿੱਤੀ। ਜਿਵੇਂ-ਜਿਵੇਂ ਉਸਦਾ ਦਿਮਾਗੀ ਵਿਕਾਸ ਹੋਇਆ, ਤਿਵੇਂ ਤਿਵੇਂ ਉਸ ਦੀ ਕਿਰਤ ਕਰਨ ਦੇ ਢੰਗਾਂ ਵਿਚ ਤਬਦੀਲੀਆ ਵਾਪਰੀਆਂ ਤੇ ਹੋਰ-ਹੋਰ ਸੁਧਰੇ ਨਮੂਨੇ ਸਿਰਜਣ ਵਿਚ



ਮਾਨਵ ਸਮੂਹ ਨੇ ਇਸ ਵੰਨਗੀ ਦਾ ਵਿਕਾਸ ਕੀਤਾ। ਗੱਲ ਨੂੰ ਸੰਖੇਪ ਰੱਖਣ ਲਈ ਅਸੀਂ ਇਹ ਗੱਲ ਭਲੀ-ਭਾਂਤ ਸਮਝ ਸਕਦੇ ਹਾਂ ਕਿ ਅੱਜ ਤੱਕ ਦਾ ਚੀਜ਼ਾਂ ਸਿਰਜਣ ਦਾ ਇਤਿਹਾਸ ਕਿਥੋਂ ਤੱਕ ਪਹੁੰਚ ਗਿਆ ਹੈ। ਮਿੱਟੀ ਦੇ ਬਰਤਨਾਂ ਤੋਂ ਲੈ ਕੇ ਪਲਾਸਟਿਕ ਦੇ ਬਰਤਨਾਂ ਤੱਕ ਦਾ ਇਤਿਹਾਸ ਇਸਦੀ ਪ੍ਰਤੱਖ ਉਦਾਹਰਣ ਹੈ। ਨਿੱਕੀ ਤੋਂ ਨਿੱਕੀ ਸੂਈ ਤੋਂ ਲੈ ਕੇ ਵੱਡੇ ਤੋਂ ਵੱਡੇ ਜਹਾਜ਼ ਜਾਂ ਆਕਾਸ਼ ਵਿਚ ਘੁੰਮ ਰਹੇ ਉਪਗ੍ਰਹਿ ਤੱਕ ਸਭ ਕ੍ਰਿਸ਼ਮੇ ਇੱਕ ਤਰ੍ਹਾਂ ਨਾਲ ਚੀਜ਼ਾਂ ਦੇ ਸੱਭਿਆਚਾਰ ਦਾ ਹਿੱਸਾ ਹੀ ਹਨ। ਉਹ ਵੀ ਕਿਰਤ ਦੇ ਸੱਭਿਆਚਾਰ ਦਾ ਹਿੱਸਾ।

**ਸਮਾਜਿਕ ਸੱਭਿਆਚਾਰ** - ਖੇਤੀ ਦੇ ਵਿਕਾਸ ਦੇ ਨਾਲ ਝੁੰਡਾਂ ਵਿਚ ਚਰਵਾਹੇ ਜਾਂ ਸ਼ਿਕਾਰੀ ਦੇ ਰੂਪ ਵਿਚ ਘੁੰਮਦੇ ਮਨੁੱਖ ਨੇ ਇੱਕ ਥਾਂ ਬਸਤੀਆਂ ਵਸਾ ਕੇ ਰਹਿਣਾ ਆਰੰਭ ਕੀਤਾ ਤਾਂ ਇਸ ਸਮਾਜਿਕ ਸੱਭਿਆਚਾਰ ਦੀ ਸਿਰਜਣਾ ਹੋਈ ਹੈ। ਝੁੰਡਾਂ ਵਿਚ ਰਹਿਣਾ ਆਰੰਭ ਕਰਨਾ ਹੀ ਉਸਦਾ ਪਹਿਲਾ ਸਮਾਜ ਸੀ। ਸਭ ਮਨੁੱਖ ਆਪਸ ਵਿਚ ਮਿਲ ਕੇ ਰਹਿੰਦੇ ਸਨ। ਇਹ ਉਨ੍ਹਾਂ ਦੀ ਮਜਬੂਰੀ ਵੀ ਸੀ। ਜੰਗਲੀ ਜਾਨਵਰਾਂ ਤੇ ਕੁਦਰਤੀ ਆਫ਼ਤਾਂ ਦਾ ਰਲ ਕੇ ਟਾਕਰਾ ਕਰਨਾ ਸੌਖਾ ਸੀ। ਇਹੋ ਕਬੀਲਦਾਰੀ ਸਮਾਜ ਹੌਲੀ-ਹੌਲੀ ਇਕ ਇਕਾਈ ਯਾਨੀ ਟੱਬਰ ਦਾ ਰੂਪ ਧਾਰਨ ਕਰ ਗਿਆ ਜਦੋਂ ਉਸਨੂੰ ਆਪਣੀ ਕਿਰਤ ਉਪਰ ਮਾਲਕੀ ਦਾ ਅਹਿਸਾਸ ਹੋਇਆ। ਹੁਣ ਉਹ ਧਰਤੀ ਦੇ ਜਿਸ ਟੋਟੇ ਉੱਪਰ ਖੇਤੀ ਕਰਦਾ ਸੀ ਜਾਂ ਜਿਸ ਗੁਫ਼ਾ ਵਿਚ ਉਹ ਰਹਿੰਦਾ ਸੀ ਉਸ ਦੀ ਨਿੱਜੀ ਸੀ। ਉਸਨੇ ਕਬੀਲਾਦਾਰੀ ਦੇ ਨਾਲ ਇੱਕ ਟੱਬਰ ਦੀ ਇਕਾਈ ਦਾ ਵੀ ਰੂਪ ਅਖ਼ਤਿਆਰ ਕਰ ਲਿਆ। ਫਿਰ ਦੇਖੋ ਕਿਵੇ ਉਸਨੇ ਘੁਰਨਿਆਂ ਗੁਫ਼ਾਵਾਂ ਤੇ ਟੱਪਰੀਆਂ ਝੌਂਪੜੀਆਂ ਤੋਂ ਆਰੰਭ ਹੋ ਕੇ ਅੱਜ ਦੇ ਆਲੀਸ਼ਾਨ ਭਵਨਾ ਤੱਕ ਦੀ ਪ੍ਰਾਪਤੀ ਕਰ ਵਿਖਾਈ ਹੈ। ਇਹੋ ਹੀ ਤਾਂ ਸਮਾਜ ਸਿਰਜਣ ਦਾ ਨਿਰੰਤਰ ਇਤਿਹਾਸ ਹੈ।

ਕਬੀਲਾ ਸਮਾਜ ਤੋਂ ਅੱਗੇ ਮਨੁੱਖ ਸਮਾਜਿਕ ਜੀਵ ਬਣਨ ਵੱਲ ਵਧਦਾ ਹੈ। ਇੱਕ ਖ਼ਾਸ ਕਿਸਮ ਦਾ ਭਾਈਚਾਰਾ ਉਸਰਦਾ ਹੈ ਤੇ ਹੋਰ ਬਹੁਤ ਸਾਰੀਆਂ ਆਪਸਦਾਰੀਆਂ ਦਾ ਯੁੱਗ ਆਰੰਭ ਹੁੰਦਾ ਹੈ। ਸਾਮੂਹਿਕ ਅਮਲ 'ਚੋਂ ਉਸਦੀ ਖ਼ਾਸ ਕਿਸਮ ਦੀ ਸ਼ਖ਼ਸੀਅਤ ਦੀ ਸਿਰਜਣਾ ਹੁੰਦੀ ਹੈ। ਉਸਦਾ ਸੁਭਾਅ ਬਣਦਾ ਹੈ ਅਤੇ ਉਹ ਇਕ ਦੂਜੇ ਨਾਲ ਵਰਤ ਵਿਹਾਰ ਦੇ ਕੁਝ ਨੇਮ ਸਿਰਜਦਾ ਹੈ, ਜੋ ਉਸ ਸਮਾਜ ਦੀਆਂ ਕਦਰਾਂ ਕੀਮਤਾਂ ਵਜੋਂ ਪ੍ਰਵਾਨ ਕੀਤੇ ਜਾਂਦੇ ਹਨ। ਸਭ ਤਰ੍ਹਾਂ ਦੇ ਰਸਮ ਰਿਵਾਜ, ਤਿੱਥ ਤਿਉਹਾਰ, ਮੇਲੇ ਮੁਸਾਹਵੇ, ਖ਼ੁਸ਼ੀ ਗ਼ਮੀ ਸਾਂਝੀ ਕਰਨ ਦੇ ਢੰਗ ਤਰੀਕੇ ਆਦਿ ਅਨੇਕ ਪੱਖ ਹਨ ਜੋ ਸਮਾਜਿਕ ਸੱਭਿਆਚਾਰ ਦੀ ਵੰਨਗੀ ਵਿਚ ਰੱਖੇ ਜਾ ਸਕਦੇ ਹਨ।

ਇਨ੍ਹਾਂ ਦੋ ਤਰ੍ਹਾਂ ਦੇ ਵਿਕਾਸ ਦੇ ਨਾਲ ਮਨੁੱਖ ਨੇ ਦਿਮਾਗੀ ਤੌਰ 'ਤੇ ਵੀ ਵਿਕਾਸ ਕੀਤਾ। ਉਸਦੇ ਕੁਝ ਵਿਚਾਰ ਬਣੇ ਤੇ ਉਸਨੇ ਗਿਆਨ ਦੀ ਸਿਰਜਣਾ ਕੀਤੀ। ਪਦਾਰਥ ਦੇ ਵਿਕਾਸ ਦੇ ਨਾਲ-ਨਾਲ ਉਸਦੇ ਵਿਚਾਰਾਂ ਵਿਚ ਨਿਰੰਤਰ ਤਬਦੀਲੀ ਆਉਂਦੀ ਗਈ। ਆਦਰਸ਼ਵਾਦੀਆਂ ਦੇ ਮੱਤ ਅਨੁਸਾਰ ਵਿਚਾਰ ਪਹਿਲਾਂ ਆਉਂਦਾ ਹੈ ਫਿਰ ਪਦਾਰਥ ਦੀ ਸਿਰਜਣਾ ਕੀਤੀ ਜਾਂਦੀ ਹੈ। ਜਦੋਂ ਕਿ ਹਕੀਕਤ ਇਹ ਹੈ ਕਿ ਵਿਚਾਰ ਪੈਦਾ ਹੀ ਤਾਂ ਹੋਇਆ ਜੇ ਪਹਿਲਾਂ ਪਦਾਰਥ ਦੀ ਸਿਰਜਣਾ ਹੋਈ। ਵਿਚਾਰਾਂ ਦੇ ਇਸ ਸੰਸਾਰ ਨੂੰ ਅਸੀਂ ਮਾਨਸਿਕ ਸੱਭਿਆਚਾਰ ਦੇ ਨਾਂ ਦੇ ਸਕਦੇ ਹਾਂ। ਸਾਡੇ ਵਿਸ਼ਵਾਸ, ਖ਼ਿਆਲ, ਸੁਪਨੇ, ਭਾਵਨਾਵਾਂ, ਚਾਹਤਾਂ, ਗੁੱਸਾ, ਪਿਆਰ, ਨਫ਼ਰਤ ਆਦਿ ਮਾਨਸਿਕ ਸੱਭਿਆਚਾਰ ਦੀ ਕਿਸਮ ਆਖੀ ਜਾ ਸਕਦੀ ਹੈ।

**(ਗੁਰੂ ਕੀ ਨਗਰੀ, ਬਠਿੰਡਾ)**

# ਪੁਸ਼ਕਿਨ ਦੀ ਮੌਤ

- ਇੰਦਰ ਸਿੰਘ ਖਾਮੋਸ਼

ਪੁਸ਼ਕਿਨ ਦੀ ਚਿੱਠੀ ਹੀਕਰਨ ਨੂੰ ਉਦੋਂ ਮਿਲਦੀ ਹੈ ਜਦ ਉਹ ਕਾਉਂਟ ਸਤਰਾਨੋਵ ਦੇ ਘਰ ਡਿਨਰ ਲਈ ਜਾ ਰਿਹਾ ਸੀ। ਚਿੱਠੀ ਵਿਚ ਜੋ ਕੁਝ ਲਿਖਿਆ ਹੋਇਆ ਸੀ, ਉਸਨੂੰ ਨਜ਼ਰ-ਅੰਦਾਜ਼ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਇਕ ਰਾਜਦੂਤ ਵਜੋਂ ਉਹ ਡਿਊਲ ਦੀ ਵੰਗਾਰ ਸਵੀਕਾਰ ਨਹੀਂ ਕਰ ਸਕਦਾ, ਪਰ ਜੇ ਡੀ. ਐਂਥੀਜ਼ ਵੰਗਾਰ ਦਾ ਉੱਤਰ ਦਿੰਦਾ ਹੈ, ਉਸਦੀ ਜਾਨ ਨੂੰ ਖ਼ਤਰਾ ਹੈ। ਆਪਣੀ ਇਹ ਸਮੱਸਿਆ ਉਹ ਕਾਉਂਟ ਸਤਰਾਨੋਵ ਨਾਲ ਸਾਂਝੀ ਕਰਦਾ ਹੈ। ਕਾਉਂਟ ਉਸਨੂੰ ਸਲਾਹ ਦਿੰਦਾ ਹੈ ਕਿ ਡੀ. ਐਂਥੀਜ਼ ਨੂੰ ਚਿੱਠੀ ਦਾ ਉੱਤਰ ਦੇਣਾ ਚਾਹੀਦੈ।

ਡੀ. ਐਂਥੀਜ਼ ਪੁਸ਼ਕਿਨ ਨੂੰ ਉਸ ਵਰਗੀ ਭਾਸ਼ਾ ਵਿਚ ਹੀ ਚਿੱਠੀ ਦਾ ਉੱਤਰ ਲਿਖਦਾ ਹੈ-

ਡੀ. ਆਰਕੀਅਸ ਤੇਰੀ ਚਿੱਠੀ ਲੈ ਕੇ ਮੇਰੇ ਕੋਲ ਆਇਆ ਹੈ। ਚਿੱਠੀ ਵਿਚ ਜੋ ਕੁਝ ਲਿਖਿਆ ਹੋਇਆ ਹੈ ਇਸ ਬਕਵਾਸ ਦਾ ਉੱਤਰ ਵਿਸਥਾਰ ਨਾਲ ਦੇਣ ਦੀ ਲੋੜ ਨਹੀਂ। ਜਾਪਦਾ ਹੈ ਤੂੰ ਇਹ ਗੱਲ ਭੁੱਲ ਗਿਆ ਹੈ ਕਿ ਤੂੰ ਹੀ ਖ਼ੁਦ ਵੰਗਾਰ ਤੋਂ ਪਿੱਛੇ ਹੱਟ ਗਿਆ ਸੀ। ਹੁਣ ਕਹਿਣ ਵਾਲੀ ਗੱਲ ਸਿਰਫ ਇਹੀ ਹੈ ਕਿ ਡੀ. ਆਰਕੀਅਸ ਤੇਰੇ ਕੋਲ ਆ ਰਿਹਾ ਹੈ। ਇਸਨੂੰ ਫੈਸਲਾ ਕਰਕੇ ਦੱਸ ਕਿ ਬੈਰਨ ਹੀਕਰਨ ਨੂੰ ਤੂੰ ਕਿਸ ਜਗ੍ਹਾ ਮਿਲਣਾ ਹੈ। ਇਹ ਮੁਕਾਬਲਾ ਹੋਰ ਨਹੀਂ ਲਮਕਾਇਆ ਜਾਣਾ ਚਾਹੀਦਾ। ਉਸ ਪਿਛੋਂ ਮੈਂ ਤੈਨੂੰ ਸਿਖਾਵਾਂਗਾ ਕਿ ਉਸ ਗੌਰਵ ਦਾ ਸਤਿਕਾਰ ਕਿਵੇਂ ਕਰਨਾ ਹੈ ਜਿਸ ਗੌਰਵ ਨਾਲ ਮੈਂ ਰਹਿੰਦਾ ਹਾਂ, ਤਾਂ ਕਿ ਤੈਨੂੰ ਆਪਣੇ ਕਿਸੇ ਵਿਵਹਾਰ ਨਾਲ ਉਸ ਗੌਰਵ ਉਪਰ ਹਮਲਾ ਕਰਨ ਦੀ ਜੁਰਅਤ ਨਾ ਹੋਵੇ।

ਪੁਸ਼ਕਿਨ ਚਿੱਠੀ ਪੜ੍ਹੇ ਬਿਨਾਂ ਵੰਗਾਰ ਸਵੀਕਾਰ ਕਰ ਲੈਂਦਾ ਹੈ। ਉਸਦੀ ਫਿਲਹਾਲ ਇਕ ਹੀ ਸਮੱਸਿਆ ਹੈ ਕਿ ਆਪਣੇ ਦੋਸਤਾਂ ਨੂੰ ਦੱਸੇ ਬਿਨਾਂ ਆਪਣੇ ਲਈ ਸੈਕਿੰਡ ਕਿਵੇਂ ਲੱਭੇ। ਜੇਕਰ ਦੋਸਤਾਂ ਨੂੰ ਪਤਾ ਲੱਗੇਗਾ ਉਹ ਡਿਊਲ ਰੋਕਣ ਦੀ ਕੋਸ਼ਿਸ਼ ਜ਼ਰੂਰ ਕਰਨਗੇ। ਇਸ ਬਾਰੇ ਉਹ ਆਲੈਗਜ਼ੈਂਡਰਾ ਨਾਲ ਸਲਾਹ ਕਰਦਾ ਹੈ। ਉਹ ਵੀ ਘਰ ਵਿਚ ਇਸ ਬਾਰੇ ਹੋਰ ਕਿਸੇ ਨੂੰ ਨਹੀਂ ਦੱਸਦੀ। ਉਨੀਂ ਦਿਨੀਂ ਮੈਡਮ ਓਸੀਪੋਵਾ ਦੀ ਧੀ ਪ੍ਰਿੰਸੈਸ ਵੀਆਜ਼ੀਮਸਕਾਇਆ ਮਾਇਖਲੋਵਸਕੋਈ ਦੀਆਂ ਕੁਝ ਸਮੱਸਿਆਵਾਂ ਬਾਰੇ ਵਿਚਾਰ ਕਰਨ ਲਈ ਪੀਟਰਜ਼ਬਰਗ ਆਈ ਹੋਈ ਹੈ। ਆਪਣੀ ਪੁਰਾਣੀ ਮਹਿਬੂਬਾ ਨਾਲ ਆਪਣੀਆਂ ਚਿੰਤਾਵਾਂ ਸਾਂਝੀਆਂ ਕਰਦਾ ਹੋਇਆ ਉਹ ਉਸਨੂੰ ਡਿਊਲ ਵਾਲੀ ਗੱਲ ਵੀ ਦੱਸ ਦਿੰਦਾ ਹੈ ਅਤੇ ਆਖਦਾ ਹੈ ਕਿ ਉਸਨੂੰ ਆਪਣੀ ਪਤਨੀ ਅਤੇ ਬੱਚਿਆਂ ਦੀ ਕੋਈ ਚਿੰਤਾ ਨਹੀਂ ਕਿਉਂਕਿ ਬਾਦਸ਼ਾਹ ਨੇ ਉਸਨੂੰ ਵਿਸ਼ਵਾਸ ਦੁਆਇਆ ਹੈ ਕਿ ਉਸ ਪਿਛੋਂ ਉਹ ਉਸਦੀ ਪਤਨੀ ਅਤੇ ਬੱਚਿਆਂ ਦਾ ਖ਼ਿਆਲ ਰੱਖੇਗਾ।

ਜ਼ੀਜ਼ੀ (ਪ੍ਰਿੰਸੈਸ ਵੀਆਜ਼ੀਮਸਕਾਇਆ) ਵੀ ਉਸਦੇ ਵਿਸ਼ਵਾਸ ਦਾ ਪੂਰਾ ਸਤਿਕਾਰ ਕਰਦੀ ਹੈ ਅਤੇ ਸਾਰੀ ਗੱਲ ਆਪਣੇ ਤੱਕ ਹੀ ਰੱਖਦੀ ਹੈ। ਉਸਦੇ ਦੋਸਤਾਂ ਨੂੰ ਇਸ ਬਾਰੇ ਕੁਝ ਨਹੀਂ ਦੱਸਦੀ ਕਿਉਂਕਿ ਪੁਸ਼ਕਿਨ ਨੇ ਉਸਤੋਂ ਸਾਰੀ ਗੱਲ ਗੁਪਤ ਰੱਖਣ ਦਾ ਵਾਅਦਾ ਲਿਆ ਹੈ। ਜ਼ੀਜ਼ੀ ਦੇਖਦੀ ਹੈ ਕਿ ਪੁਸ਼ਕਿਨ ਆਪਣੀ ਮੌਤ ਦੀ ਸੰਭਾਵਨਾ ਬਾਰੇ ਸੋਚਕੇ ਬਹੁਤ ਖ਼ੁਸ਼ ਹੈ ਕਿਉਂਕਿ ਹੁਣ ਉਸਨੂੰ ਆਪਣੀਆਂ ਚਿੰਤਾਵਾਂ ਤੋਂ ਮੁਕਤ ਹੋਣ ਦਾ ਰਾਹ ਲੱਭ ਗਿਆ ਹੈ।

ਆਪਣਾ ਸੈਕਿੰਡ ਲੱਭਣ ਦੀ ਸਮੱਸਿਆ ਉਸ ਲਈ ਅਜੇ ਵੀ ਕਾਇਮ ਹੈ। 26 ਜਨਵਰੀ ਨੂੰ ਇਕ



ਨਾਚ ਦੌਰਾਨ ਉਹ ਇੰਗਲਿਸ਼ ਅੰਬੈਸੀ ਦੇ ਇਕ ਅਧਿਕਾਰੀ ਮੈਗਨਿਸ ਨੂੰ ਆਪਣਾ ਸੈਕਿੰਡ ਬਣਨ ਲਈ ਆਖਦਾ ਹੈ। ਪਰ ਅੰਗਰੇਜ਼ੀ ਅਧਿਕਾਰੀ ਸਸ਼ੋਪੰਜ ਵਿਚ ਪੈ ਜਾਂਦਾ ਹੈ ਕਿਉਂਕਿ ਡੀ. ਐਂਥੀਜ਼ ਦਾ ਸੈਕਿੰਡ ਡੀ. ਆਰਕੀਅਸ ਡਿਊਲ ਬਾਰੇ ਉਸ ਨਾਲ ਗੱਲ ਕਰਨ ਤੋਂ ਇਨਕਾਰ ਕਰ ਦਿੰਦਾ ਹੈ। ਇਸ ਹਾਲਤ ਵਿਚ ਮੈਗਨਿਸ ਸੋਚਦਾ ਹੈ ਕਿ ਪੁਸ਼ਕਿਨ ਦਾ ਸੈਕਿੰਡ ਬਣਕੇ ਉਸਨੂੰ ਸੁਲਹ-ਸਫਾਈ ਕਰਵਾਉਣੀ ਮੁਸ਼ਕਿਲ ਹੋ ਜਾਏਗੀ। ਉਹ ਸੈਕਿੰਡ ਬਣਨ ਦੀ ਆਪਣੀ ਮੁਸ਼ਕਿਲ ਬਾਰੇ ਇੱਕ ਚਿੱਠੀ ਰਾਹੀਂ ਪੁਸ਼ਕਿਨ ਨੂੰ ਸੂਚਿਤ ਕਰ ਦਿੰਦਾ ਹੈ।

27 ਜਨਵਰੀ ਨੂੰ ਪੁਸ਼ਕਿਨ ਅੱਠ ਵਜੇ ਉੱਠਦਾ ਹੈ। ਆਪਣੇ ਪੜ੍ਹਨ-ਕਮਰੇ ਵਿਚ ਬਹਿਕੇ ਕੁਝ ਲਿਖਦਾ ਹੈ ਅਤੇ ਫਿਰ ਬੜੇ ਉਤਸ਼ਾਹ ਨਾਲ ਇਕ ਗੀਤ ਗਾਉਣ ਲੱਗ ਜਾਂਦਾ ਹੈ। ਦਸ ਵਜੇ ਡੀ. ਆਰਕੀਅਸ ਵਲੋਂ ਇੱਕ ਚਿੱਠੀ ਆਉਂਦੀ ਹੈ ਜਿਸ ਵਿਚ ਉਸਨੇ ਉਸਤੋਂ ਉਸਦੇ ਸੈਕਿੰਡ ਦਾ ਨਾਂ ਪੁੱਛਿਆ ਹੈ। ਗੱਲ ਖਿੰਡ ਜਾਣ ਦੇ ਡਰੋਂ ਉਹ ਕਾਹਲੀ ਵਿਚ ਲਿਖ ਦਿੰਦਾ ਹੈ ਕਿ ਉਹ ਡੀ. ਐਂਥੀਜ਼ ਵਲੋਂ ਨਾਮਜ਼ਦ ਕੋਈ ਵੀ ਸੈਕਿੰਡ ਸਵੀਕਾਰ ਕਰ ਲਵੇਗਾ, ਉਹ ਭਾਵੇਂ ਡੀ. ਐਂਥੀਜ਼ ਦਾ ਆਪਣਾ ਨੌਕਰ ਹੀ ਕਿਉਂ ਨਾ ਹੋਵੇ ਅਤੇ ਉਹ ਕਿਸੇ ਵੀ ਥਾਂ ਆ ਜਾਏਗਾ ਜਿੱਥੇ ਡੀ. ਐਂਥੀਜ਼ ਉਸਨੂੰ ਆਉਣ ਲਈ ਕਹੇਗਾ। ਜਿੱਥੋਂ ਤੱਕ ਸਮੇਂ ਅਤੇ ਸਥਾਨ ਦਾ ਸਬੰਧ ਹੈ, ਇਸ ਬਾਰੇ ਜੋ ਵੀ ਫੈਸਲਾ ਡੀ. ਐਂਥੀਜ਼ ਕਰੇਗਾ, ਉਸਨੂੰ ਮਨਜ਼ੂਰ ਹੋਵੇਗਾ।

ਪੁਸ਼ਕਿਨ ਹੁਣ ਅਜਿਹੀ ਮਾਨਸਿਕ ਸਥਿਤੀ ਵਿਚੋਂ ਲੰਘ ਰਿਹਾ ਹੈ ਕਿ ਡਿਊਲ ਦੇ ਨਿਯਮਾਂ ਬਾਰੇ ਪੂਰੀ ਤਰ੍ਹਾਂ ਵਾਕਿਫ਼ ਹੋਣ ਦੇ ਬਾਵਜੂਦ ਉਸਦਾ ਦਿਮਾਗ ਨਿਯਮਾਂ ਦੀ ਪ੍ਰਵਾਹ ਨਹੀਂ ਕਰਦਾ। ਬਾਰਾਂ ਵਜੇ ਉਸਦੇ ਸਕੂਲ ਦਾ ਸਾਥੀ ਕਾਂਸਟੈਂਟੀਨ ਡੈਂਜ਼ਸ ਉਸਦੇ ਫਲੈਟ ਵਿਚ ਆਉਂਦਾ ਹੈ। ਉਹ ਇਸ ਸਮੇਂ ਲੈਫਟੀਨੈਂਟ ਕਰਨਲ ਹੈ। ਉਹ ਪੁਸ਼ਕਿਨ ਦੀ ਕਵਿਤਾ ਦਾ ਪ੍ਰਸ਼ੰਸਕ ਹੈ। ਜਦ ਪੁਸ਼ਕਿਨ ਸਾਰੀ ਸਥਿਤੀ ਵਿਸਥਾਰ ਨਾਲ ਬਿਆਨ ਕਰਦਾ ਹੈ, ਉਹ ਝੱਟ ਉਸਦਾ ਸੈਕਿੰਡ ਬਣਨ ਲਈ ਤਿਆਰ ਹੋ ਜਾਂਦਾ ਹੈ।

ਡਿਊਲ ਦੀਆਂ ਸ਼ਰਤਾਂ ਤਹਿ ਕੀਤੀਆਂ ਜਾਂਦੀਆਂ ਹਨ। ਦੋਵੇਂ ਵਿਰੋਧੀ ਇਕ-ਦੂਜੇ ਨਾਲੋਂ ਵੀਹ ਕਦਮਾਂ ਦੀ ਵਿੱਥ ਤੇ ਖੜ੍ਹਨਗੇ। ਦੋਹਾਂ ਕੋਲ ਪਿਸਤੌਲ ਹੋਣਗੇ। ਜਦ ਸਿਗਨਲ ਦਿੱਤਾ ਜਾਏਗਾ, ਉਹ ਇਕ-ਦੂਜੇ ਵੱਲ ਵੱਧਦੇ ਹੋਏ ਫਾਇਰ ਕਰਨਗੇ। ਪਰ ਉਹ ਇੱਕ ਖ਼ਾਸ ਹੱਦ ਪਾਰ ਨਹੀਂ ਕਰਨਗੇ। ਇਕ ਫਾਇਰ ਹੋਣ ਪਿਛੋਂ, ਦੋਹਾਂ ਵਿਚੋਂ ਕਿਸੇ ਨੂੰ ਵੀ ਹਿੱਲਣ ਦੀ ਆਗਿਆ ਨਹੀਂ ਹੋਵੇਗੀ ਤਾਂ ਕਿ ਪਹਿਲਾਂ ਫਾਇਰ ਕਰਨ ਵਾਲਾ ਉਤਨੇ ਹੀ ਫਾਸਲੇ ਤੋਂ ਆਪਣੇ ਵਿਰੋਧੀ ਦੇ ਫਾਇਰ ਦਾ ਸਾਹਮਣਾ ਕਰੇ। 27 ਜਨਵਰੀ ਨੂੰ ਢਾਈ ਵਜੇ ਦੋਵੇਂ ਸੈਕਿੰਡ ਡਿਊਲ ਦੀਆਂ ਸ਼ਰਤਾਂ ਉੱਪਰ ਦਸਤਖਤ ਕਰ ਦਿੰਦੇ ਹਨ।

ਪੁਸ਼ਕਿਨ ਲਈ ਇਸ ਸਮੇਂ ਸ਼ਰਤਾਂ ਦੀ ਕੋਈ ਅਹਿਮੀਅਤ ਨਹੀਂ ਹੈ। ਦੁਪਹਿਰ ਵੇਲੇ ਉਹ ਲੇਖਕਾ ਅਲੈਗਜ਼ੈਂਡਰਾ ਇਸ਼ੀਨੋਵਾ ਨੂੰ ਚਿੱਠੀ ਲਿਖਦਾ ਹੈ, ਜਿਸਨੂੰ ਉਹ ਆਪਣੇ ਮਨਪਸੰਦ ਅੰਗਰੇਜ਼ ਲੇਖਕ ਬੈਰੀ ਕਾਰਨਵਾਲ ਦੀਆਂ ਰਚਨਾਵਾਂ ਦੇ ਕੁਝ ਹਿੱਸੇ ਅਨੁਵਾਦ ਕਰਵਾਉਣ ਲਈ ਰਜ਼ਾਮੰਦ ਕਰਨਾ ਚਾਹੁੰਦਾ ਹੈ। ਆਪਣੀ ਚਿੱਠੀ ਉਹ ਇਸ ਵਾਕ ਨਾਲ ਸ਼ੁਰੂ ਕਰਦਾ ਹੈ-

"ਮੈਨੂੰ ਬਹੁਤ ਜ਼ਿਆਦਾ ਅਫ਼ਸੋਸ ਹੈ ਕਿ ਤੁਹਾਡਾ ਸੱਦਾ ਅੱਜ ਮੇਰੇ ਲਈ ਸਵੀਕਾਰ ਕਰਨਾ ਅਸੰਭਵ ਹੋਵੇਗਾ।" ਫਿਰ ਉਹ ਅੰਗਰੇਜ਼ੀ ਲੇਖਕ ਦੀ ਉਹ ਕਿਤਾਬ ਪੈਕ ਕਰਦਾ ਹੈ ਜਿਸ ਵਿਚ ਉਸਨੇ ਉਨ੍ਹਾਂ ਪੈਰ੍ਹਿਆਂ ਉੱਪਰ ਨਿਸ਼ਾਨ ਲਗਾ ਰੱਖੇ ਹਨ, ਜਿਨ੍ਹਾਂ ਦਾ ਅਨੁਵਾਦ ਉਹ ਕਰਵਾਉਣਾ ਚਾਹੁੰਦਾ ਹੈ। ਇਸ ਪਿੱਛੋਂ ਹੱਥ-ਮੂੰਹ ਧੋਂਦਾ ਹੈ, ਕੱਪੜੇ ਪਹਿਨਕੇ ਉੱਪਰ ਰਿੱਛ ਦੀ ਖੱਲ ਦਾ ਕੋਟ ਪਾ ਲੈਂਦਾ ਹੈ ਅਤੇ ਸਲੈਜ ਵਿਚ ਬਹਿਕੇ ਕੜਾਕੇ ਦੀ ਠੰਡ ਵਿਚ ਬਿਨਾਂ ਕਿਸੇ ਨੂੰ ਦੱਸੇ ਡਿਊਲ ਵਾਸਤੇ ਮਿੱਥੀ ਥਾਂ ਵੱਲ ਚੱਲ ਪੈਂਦਾ ਹੈ। ਆਪਣੇ ਸੈਕਿੰਡ ਡੈਂਜ਼ਾਸ ਨੂੰ ਨਾਲ ਲੈ ਕੇ ਉਹ ਫਰੈਂਚ ਅੰਬੈਸੀ ਵੱਲ ਜਾਂਦਾ ਹੈ ਜਿੱਥੇ ਡੀ.

ਆਰਕੀਅਸ ਰਹਿੰਦਾ ਹੈ। ਫਿਰ ਉਹ ਪ੍ਰਸਿੱਧ ਪੇਸਟਰੀ ਸ਼ਾਪ ਵੁਲਫਾਜ਼ ਵਿਚ ਬੈਠਕੇ ਡੈਂਜ਼ਾਸ ਦੀ ਉਡੀਕ ਕਰਦਾ ਹੈ ਜਿਸਨੂੰ ਉਸਨੇ ਉਸ ਵਾਸਤੇ ਪਿਸਤੌਲ ਲਿਆਉਣ ਲਈ ਖਾਸ ਥਾਂ ਭੇਜਿਆ ਹੈ।

ਡਿਊਲ ਦਾ ਸਮਾਂ ਪੰਜ ਵਜੇ ਦਾ ਨਿਸ਼ਚਿਤ ਹੋਇਆ ਹੈ। ਦੋਹਾਂ ਵਿਰੋਧੀਆਂ ਨੇ ਆਪਣੇ ਸੈਕਿੰਡਾਂ ਨਾਲ ਪੀਟਰਜ਼ਬਰਗ ਤੋਂ ਬਿਲਕੁਲ ਬਾਹਰ ਕਾਲੇ ਦਰਿਆ ਵਾਲੇ ਪਾਸੇ ਕਿਸੇ ਸੁੰਨਸਾਨ ਥਾਂ ਮਿਲਣਾ ਹੈ। ਪੁਸ਼ਕਿਨ ਅਤੇ ਡੈਂਜ਼ਾਸ ਸਲੈਂਜ ਵਿਚ ਬੈਠਕੇ ਨਿਸ਼ਚਿਤ ਥਾਂ ਵੱਲ ਚੱਲ ਪੈਂਦੇ ਹਨ। ਦਰਿਆ ਨੇਵਾ ਦੇ ਪੁਲ ਉਪਰੋਂ ਲੰਘਣ ਸਮੇਂ ਉਹ ਦੇਖਦੇ ਹਨ ਕਿ ਦਰਿਆ ਦਾ ਪਾਣੀ ਠੰਢ ਕਾਰਨ ਬਰਫ ਬਣ ਚੁੱਕਿਆ ਹੈ। ਬਰਫ ਵਰਗੀ ਠੰਢੀ ਤੇਜ਼ ਹਵਾ ਚੱਲ ਰਹੀ ਹੈ। ਬਰਫ ਦੇ ਚਾਨਣ ਬਿਨਾਂ ਹੋਰ ਕੋਈ ਚਾਨਣ ਨਹੀਂ। ਸਭ ਨਾਲੋਂ ਛੋਟਾ ਰਸਤਾ ਪੀਟਰ ਐਂਡ ਪਾਲ ਕਿਲੇ ਕੋਲੋਂ ਲੰਘਦਾ ਹੈ। ਪਰ ਇਹ ਰਸਤਾ ਆਮ ਨਹੀਂ, ਕਿਊਸੇ ਪੈਲੇਸ ਕੋਲ ਉਨ੍ਹਾਂ ਨੂੰ ਸਾਹਮਣਿਉਂ ਆ ਰਹੀ ਨਤਾਸ਼ਾ ਦੀ ਬੱਘੀ ਨਜ਼ਰ ਆਉਂਦੀ ਹੈ। ਪਰ ਨਤਾਸ਼ਾ ਉਨ੍ਹਾਂ ਨੂੰ ਨਹੀ ਦੇਖਦੀ ਅਤੇ ਨਾ ਹੀ ਉਹ ਪੁਸ਼ਕਿਨ ਨੂੰ ਪਛਾਣਦੀ ਹੈ ਕਿਉਂਕਿ ਉਸਦੀ ਦੂਰ ਦੀ ਨਜ਼ਰ ਕਮਜ਼ੋਰ ਹੈ ਅਤੇ ਰੌਸ਼ਨੀ ਵੀ ਬਹੁਤ ਘੱਟ ਹੈ। ਬਹੁਤੇ ਲੋਕ ਵਾਪਸ ਸ਼ਹਿਰ ਵੱਲ ਜਾ ਰਹੇ ਹਨ। ਰਾਹ ਵਿਚ ਉਨ੍ਹਾਂ ਨੂੰ ਕਈ ਦੋਸਤ ਮਿਲਦੇ ਹਨ ਪਰ ਕੋਈ ਵੀ ਉਨ੍ਹਾਂ ਨੂੰ ਨਹੀਂ ਪੁੱਛਦਾ ਕਿ ਇਸ ਵੇਲੇ ਉਹ ਸ਼ਹਿਰੋਂ ਬਾਹਰ ਕਿਉਂ ਜਾ ਰਹੇ ਸਨ।

ਦੋਵੇਂ ਸੈਕਿੰਡ ਡਿਊਲ ਵਾਸਤੇ ਅਜਿਹੀ ਲੁਕਵੀਂ ਥਾਂ ਚੁਣਦੇ ਹਨ ਜਿਥੇ ਸਲੈਂਜਾਂ ਦੇ ਕੋਚਵਾਨ ਉਨ੍ਹਾਂ ਨੂੰ ਨਾ ਦੇਖ ਸਕਣ। ਗੋਡੇ-ਗੋਡੇ ਬਰਫ ਪੈਰਾਂ ਨਾਲ ਲਤੜ ਕੇ ਥਾਂ ਪੱਧਰ ਕੀਤੀ ਜਾਂਦੀ ਹੈ। ਪੁਸ਼ਕਿਨ ਇਕ ਪਾਸੇ ਬਰਫ ਦੇ ਇਕ ਢੇਰ ਉੱਪਰ ਬੈਠਾ ਥਾਂ ਪੱਧਰੀ ਹੁੰਦੀ ਦੇਖ ਰਿਹਾ ਹੈ। ਅਖ਼ੀਰ ਦੋਵੇਂ ਵਿਰੋਧੀ ਇਕ-ਦੂਜੇ ਨਾਲੋਂ ਨਿਸ਼ਚਿਤ ਫਾਸਲੇ ਉੱਪਰ ਖੜ੍ਹ ਜਾਂਦੇ ਹਨ। ਦੋਹਾਂ ਦੇ ਹੱਥਾਂ ਵਿਚ ਭਰੇ ਹੋਏ ਪਿਸਤੌਲ ਹਨ। ਜਦ ਡੈਂਜ਼ੀਸ ਆਪਣੀ ਟੋਪੀ ਨਾਲ ਸਿਗਨਲ ਦਿੰਦਾ ਹੈ, ਪੁਸ਼ਕਿਨ ਦੋਹਾਂ ਵਿਰੋਧੀਆਂ ਲਈ ਨਿਸ਼ਚਿਤ ਕੀਤੀ ਬੈਰੀਅਰ ਲਾਈਨ ਵੱਲ ਵੱਧਦਾ ਹੈ ਤਾਂ ਕਿ ਆਪਣੇ ਵਿਰੋਧੀ ਉਪਰ ਫਾਇਰ ਕਰ ਸਕੇ।

ਇਸ ਸਮੇਂ ਪੁਸ਼ਕਿਨ ਨੂੰ ਉਸ ਜੋਤਸ਼ੀ ਦੀ ਕੀਤੀ ਭਵਿੱਖਬਾਣੀ ਯਾਦ ਨਹੀਂ ਆਉਂਦੀ ਜਿਸਨੇ ਉਸਨੂੰ ਦੱਸਿਆ ਸੀ ਕਿ ਉਸਦੀ ਮੌਤ ਇਕ ਖ਼ੂਬਸੂਰਤ ਵਿਦੇਸ਼ੀ ਨੌਜਵਾਨ ਹੱਥੋਂ ਹੋਵੇਗੀ। ਪਰ ਉਸਦੀ ਯਾਦਾਸ਼ਤ ਇੰਨੀ ਕਮਜ਼ੋਰ ਨਹੀਂ ਸੀ ਕਿ ਅਜਿਹੀ ਜ਼ਰੂਰੀ ਗੱਲ ਭੁੱਲ ਜਾਂਦਾ ਜਿਹੜੀ ਉਸਦੀ ਮੌਤ ਨਾਲ ਸਬੰਧਤ ਸੀ। ਜੇਕਰ ਉਸਨੂੰ ਇਹ ਗੱਲ ਯਾਦ ਸੀ ਤਾਂ ਅੱਜ ਉਹ ਜ਼ਰੂਰ ਇਥੇ ਮਰਨ ਲਈ ਤਿਆਰ ਹੋ ਕੇ ਆਇਆ ਸੀ। ਉਂਝ ਵੀ ਜਦ ਡਿਊਲ ਲੜੀ ਜਾਂਦੀ ਹੈ ਦੋਵਾਂ ਵਿਰੋਧੀਆਂ ਵਿਚੋਂ ਕਿਸੇ ਨੂੰ ਵੀ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਵਿਚੋਂ ਕਿਸਨੇ ਮਰਨਾ ਹੈ। ਦੋਵੇਂ ਮਰਨ-ਮਾਰਨ ਲਈ ਤਿਆਰ ਹੋ ਕੇ ਆਏ ਹੁੰਦੇ ਹਨ।

ਪਰ ਅੱਜ ਦੀ ਡਿਊਲ ਵਿਚ ਵਿਸ਼ੇਸ਼ ਗੱਲ ਇਹ ਹੈ ਕਿ ਅੱਜ ਦੋ ਸਾਂਢੂ ਇਕ-ਦੂਜੇ ਸਾਹਮਣੇ ਮਰਨ-ਮਾਰਨ ਲਈ ਤਿਆਰ ਖੜ੍ਹੇ ਹਨ। ਦੋ ਸਕੀਆਂ ਭੈਣਾਂ ਵਿਚੋਂ ਇੱਕ ਜ਼ਰੂਰ ਵਿਧਵਾ ਹੋਵੇਗੀ। ਕੌਣ ਹੋਵੇਗੀ ਨਤਾਸ਼ਾ ਜਾਂ ਈਕੈਟਰੀਨਾ? ਕੋਈ ਨਹੀਂ ਸੀ ਜਾਣਦਾ।

ਫੌਜੀ ਅਫਸਰ ਹੋਣ ਕਾਰਨ ਪੁਸ਼ਕਿਨ ਦੇ ਮੁਕਾਬਲੇ ਡੀ. ਐਂਥੀਜ਼ ਜ਼ਿਆਦਾ ਤਜ਼ਰਬੇਕਾਰ ਨਿਸ਼ਾਨਚੀ ਹੈ। ਅੱਜ ਜਿਥੇ ਉਸਨੇ ਆਪਣੀ ਨਿਸ਼ਾਨੇਬਾਜ਼ੀ ਦਾ ਸਬੂਤ ਦੇਣਾ ਹੈ, ਆਪਣੀ ਰਜਮੈਂਟ ਦੀ ਇੱਜ਼ਤ ਖ਼ਾਤਿਰ ਆਪਣੀ ਬਹਾਦਰੀ ਦਾ ਸਬੂਤ ਵੀ ਦੇਣਾ ਹੈ। ਪਰ ਉਹ ਇਹ ਵੀ ਜਾਣਦਾ ਹੈ ਕਿ ਪੁਸ਼ਕਿਨ ਦੀ ਮੌਤ ਉਸਦੇ ਫੌਜੀ ਭਵਿੱਖ ਲਈ ਘਾਤਕ ਸਿੱਧ ਹੋ ਸਕਦੀ ਹੈ। ਇਸ ਤੋਂ ਇਲਾਵਾ ਉਹ ਦੇਸ਼ ਦਾ ਪ੍ਰਸਿੱਧ ਕਵੀ ਹੈ, ਉਸਦੀ ਮੌਤ ਨਾਲ ਬੜੇ ਖ਼ਤਰਨਾਕ ਨਤੀਜੇ ਨਿਕਲਣਗੇ। ਇਸ ਲਈ ਉਸਦਾ



ਇਰਾਦਾ ਪੁਸ਼ਕਿਨ ਨੂੰ ਜਾਨੋਂ ਮਾਰਨ ਦਾ ਨਹੀਂ, ਉਸਦੀ ਲੱਤ ਜਾਂ ਪੱਟ ਵਿਚ ਗੋਲੀ ਮਾਰਕੇ ਸਿਰਫ ਉਸਨੂੰ ਜ਼ਖ਼ਮੀ ਕਰਨ ਦਾ ਹੈ।

ਪਰ ਉਸਦੇ ਉਲਟ ਪੁਸ਼ਕਿਨ ਉਸਨੂੰ ਜਾਨੋਂ ਮਾਰਨਾ ਚਾਹੁੰਦਾ ਹੈ। ਉਸਨੂੰ ਗੁੱਸਾ ਹੈ ਕਿ ਉਸ ਵਿਦੇਸ਼ੀ ਨੇ ਉਸਦੀ ਪਤਨੀ ਦਾ ਪਿੱਛਾ ਕਰਕੇ ਉਸਦੀ ਇੱਜ਼ਤ ਨੂੰ ਹੀ ਮਿੱਟੀ ਵਿਚ ਨਹੀਂ ਮਿਲਾਇਆ, ਉਸਦਾ ਵਸਦਾ-ਰਸਦਾ ਘਰ ਬਰਬਾਦ ਕੀਤਾ ਹੈ। ਉਹ ਜਾਣਦਾ ਹੈ ਕਿ ਉਸਦਾ ਈਕੈਟਰੀਨਾ ਨਾਲ ਸ਼ਾਦੀ ਕਰਵਾਉਣ ਦਾ ਅਸਲ ਉਦੇਸ਼ ਉਸਦੀ ਪਤਨੀ ਤੱਕ ਪਹੁੰਚਣਾ ਸੀ। ਉਸੇ ਕਾਰਨ ਉਹ ਲੋਕਾਂ ਦੀਆਂ ਨਜ਼ਰਾਂ ਵਿਚ 'ਦੱਲਾ' ਬਣਿਆ ਹੈ। ਪੁਸ਼ਕਿਨ ਉਸਦੇ ਖ਼ੂਨ ਦਾ ਪਿਆਸਾ ਹੈ ਅਤੇ ਉਹ ਬੈਰੀਅਰ ਵੱਲ ਭੱਜਦਾ ਹੈ ਤਾਂ ਕਿ ਨੇੜੇ ਜਾ ਕੇ ਉਹ ਠੀਕ ਨਿਸ਼ਾਨਾ ਲਗਾਕੇ ਆਪਣੇ ਮਨ ਦੀ ਇੱਛਾ ਪੂਰੀ ਕਰ ਸਕੇ। ਪੁਸ਼ਕਿਨ ਦੀ ਖ਼ੂੰਖਾਰੀ ਦੇਖਕੇ ਡੀ. ਐਂਥੀਜ਼ ਜਿਹੜਾ ਅਜੇ ਚਾਰ ਕਦਮ ਹੀ ਅੱਗੇ ਵਧਿਆ ਸੀ, ਮਜ਼ਬੂਰ ਹੋ ਜਾਂਦਾ ਹੈ ਕਿ ਉਹ ਆਪਣੀ ਜਾਨ ਬਚਾਉਣ ਖ਼ਾਤਿਰ ਤੇਜ਼ੀ ਨਾਲ ਫਾਇਰ ਕਰੇ। ਉਹ ਪੁਸ਼ਕਿਨ ਦੀ ਲੱਤ ਨੂੰ ਨਿਸ਼ਾਨਾ ਬਣਾ ਕੇ ਗੋਲੀ ਚਲਾਉਂਦਾ ਹੈ, ਪਰ ਗੋਲੀ ਲੱਤ ਵਿਚ ਵੱਜਣ ਦੀ ਬਜਾਇ ਉਸਦੇ ਢਿੱਡ ਵਿਚ ਵੱਜਦੀ ਹੈ।

ਹੁਣ ਪੁਸ਼ਕਿਨ ਡੀ. ਐਂਥੀਜ਼ ਦੇ ਰਹਿਮ ਉੱਪਰ ਹੈ, ਪਰ ਉਹ ਦੂਜੀ ਗੋਲੀ ਨਹੀਂ ਚਲਾਉਂਦਾ ਅਤੇ ਦੇਖਦੇ-ਦੇਖਦੇ ਪੁਸ਼ਕਿਨ ਡਿੱਗ ਪੈਂਦਾ ਹੈ। ਦੋਵੇਂ ਸੈਕਿੰਡ ਉਸ ਵੱਲ ਭੱਜਦੇ ਹਨ। ਉਹ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਚੁੱਕਿਆ ਹੈ, ਪਰ ਉਹ ਕੂਹਣੀ ਦਾ ਸਹਾਰਾ ਲੈ ਕੇ ਉਠਦਾ ਹੈ ਅਤੇ ਆਖਦਾ ਹੈ, "ਠਹਿਰੋ! ਮੇਰੇ ਵਿਚ ਦੂਜੀ ਗੋਲੀ ਚਲਾਉਣ ਦੀ ਤਾਕਤ ਹੈ।" ਇਹ ਉਸਦੀ ਦਲੇਰੀ ਹੈ। ਪਰ ਡੀ. ਐਂਥੀਜ਼ ਵੀ ਦਲੇਰੀ ਦਾ ਸਬੂਤ ਦਿੰਦਾ ਹੈ। ਉਹ ਉੱਥੇ ਹੀ ਖੜ੍ਹਾ ਰਹਿੰਦਾ ਹੈ ਜਿਥੋਂ ਉਸਨੇ ਗੋਲੀ ਚਲਾਈ ਸੀ। ਡਿਊਲ ਦੀਆਂ ਸ਼ਰਤਾਂ ਅਨੁਸਾਰ ਉਸ ਲਈ ਅਜਿਹਾ ਕਰਨਾ ਜ਼ਰੂਰੀ ਸੀ। ਪੁਸ਼ਕਿਨ ਦੀ ਗੋਲੀ ਦਾ ਸਾਹਮਣਾ ਕਰਨ ਲਈ ਉਹ ਆਪਣਾ ਪਿਸਤੌਲ ਵਾਲਾ ਹੱਥ ਸਿਰ ਨੂੰ ਬਚਾਉਣ ਲਈ ਉੱਪਰ ਕਰ ਲੈਂਦਾ ਹੈ ਅਤੇ ਦੂਜੀ ਬਾਂਹ ਛਾਤੀ ਦੇ ਬਚਾਅ ਲਈ ਛਾਤੀ ਅੱਗੇ ਕਰ ਲੈਂਦਾ ਹੈ। ਪੁਸ਼ਕਿਨ ਆਪਣੇ ਸੈਕਿੰਡ ਕੋਲੋਂ ਦੂਜਾ ਪਿਸਤੌਲ ਫੜਦਾ ਹੈ ਅਤੇ ਸੱਜੇ ਹੱਥ ਨਾਲ ਟਿਕਵਾਂ ਫਾਇਰ ਕਰਦਾ ਹੈ। ਉਹ ਵੀ ਆਪਣੇ ਆਪ ਨੂੰ ਤਜ਼ਰਬੇਕਾਰ ਨਿਸ਼ਾਨਚੀ ਸਮਝਦਾ ਹੈ। ਡੀ. ਐਂਥੀਜ਼ ਜ਼ਮੀਨ ਉੱਪਰ ਡਿੱਗ ਪੈਂਦਾ ਹੈ। ਇਹ ਸਮਝਕੇ ਕਿ ਉਸਦਾ ਵਿਰੋਧੀ ਮਰ ਗਿਆ ਹੈ ਪੁਸ਼ਕਿਨ ਜਿੱਤ ਦਾ ਨਾਅਰਾ ਮਾਰਦਾ ਹੈ ਅਤੇ ਆਪਣਾ ਪਿਸਤੌਲ ਇੱਕ ਪਾਸੇ ਸੁੱਟ ਦਿੰਦਾ ਹੈ। ਗੋਲੀ ਅਸਲ ਵਿਚ ਡੀ. ਐਂਥੀਜ਼ ਦੀ ਸੱਜੀ ਬਾਂਹ ਵਿਚ ਵੱਜੀ ਸੀ ਅਤੇ ਇਕ ਬਟਨ ਨਾਲ ਟਕਰਾ ਕੇ ਇਕ ਪਾਸੇ ਲੰਘ ਗਈ ਸੀ। ਉਸਦੀਆਂ ਪਸਲੀਆਂ ਵਿਚ ਜ਼ਖ਼ਮ ਹੋਇਆ ਸੀ। ਉਸਤੋਂ ਉਲਟ ਪੁਸ਼ਕਿਨ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਸੀ। ਗੋਲੀ ਉਸਦੇ ਪੇਟ ਵਿਚ ਡੂੰਘੀ ਧਸ ਗਈ ਸੀ।

ਪੁਸ਼ਕਿਨ ਉਸਨੂੰ ਉੱਠਦਾ ਦੇਖਕੇ ਹਉਂਕਾ ਲੈਂਦਾ ਹੈ, "ਬੜੀ ਅਜੀਬ ਗੱਲ ਹੈ - ਮੈਂ ਸੋਚਿਆ ਸੀ ਉਸਨੂੰ ਮਾਰਕੇ ਮੈਨੂੰ ਖ਼ੁਸ਼ੀ ਮਿਲੇਗੀ ਪਰ ਗੱਲ ਨਹੀਂ ਬਣੀ।"

ਜਦ ਡੀ. ਐਂਥੀਜ਼ ਦਾ ਸੈਕਿੰਡ ਗੁੱਸੇ-ਗਿਲੇ ਭੁਲਾਕੇ ਮੁੜ ਮਿੱਤਰਤਾ ਕਾਇਮ ਕਰਨ ਲਈ ਆਖਦਾ ਹੈ ਤਾਂ ਪੁਸ਼ਕਿਨ ਜਵਾਬ ਦਿੰਦਾ ਹੈ, "ਕੀ ਫ਼ਰਕ ਪੈਣੈ, ਮੇਰੇ ਲਈ ਹੁਣ ਦੋਸਤੀ-ਦੁਸ਼ਮਣੀ ਦੋਵੇਂ ਬਰਾਬਰ ਹਨ।"

ਪੁਸ਼ਕਿਨ ਦੇ ਅੰਦਰੋਂ ਖ਼ੂਨ ਵਗ ਰਿਹਾ ਹੈ। ਉਸਨੂੰ ਲਿਜਾਣ ਵਾਸਤੇ ਕੋਚਵਾਨ ਸਲੈਂਜ ਵਿਚ ਪਰਾਲੀ ਵਿਛਾਉਂਦਾ ਹੈ ਅਤੇ ਉਸਨੂੰ ਸਲੈਂਜ ਵਿਚ ਲਿਟਾਕੇ ਹੌਲੀ-ਹੌਲੀ ਪੀਟਰਜ਼ਬਰਗ ਵੱਲ ਚੱਲ ਪੈਂਦਾ ਹੈ। ਕਿਉਂਕਿ ਸਲੈਂਜ ਦੇ ਕਸ਼ਟਦਾਇਕ ਹਿਚਕੋਲੇ ਪੁਸ਼ਕਿਨ ਲਈ ਅਸਹਿ ਜਾਪਦੇ ਹਨ ਇਸ

ਲਈ ਪੁਸ਼ਕਿਨ ਦੀ ਸੌਖ ਲਈ ਦੋਵੇਂ ਸੈਕਿੰਡ ਪੈਦਲ ਤੁਰ ਪੈਂਦੇ ਹਨ। ਡੀ. ਐਂਥੀਜ਼ ਆਪਣੀ ਸਲੈਂਜ ਵਿਚ ਬਿਠਾ ਉਨ੍ਹਾਂ ਦੇ ਪਿੱਛੇ-ਪਿੱਛੇ ਆ ਰਿਹਾ ਹੈ। ਕੁਝ ਫਾਸਲਾ ਚੱਲਣ ਪਿੱਛੋਂ ਉਨ੍ਹਾਂ ਨੂੰ ਇੱਕ ਬੱਘੀ ਮਿਲਦੀ ਹੈ ਜਿਹੜੀ ਹੀਕਰਨ ਨੇ ਡੀ. ਐਂਥੀਜ਼ ਵਾਸਤੇ ਭੇਜੀ ਹੈ। ਪਰ ਉਸ ਵਿਚ ਖ਼ੁਦ ਬੈਠਣ ਦੀ ਬਜਾਇ ਡੀ. ਐਂਥੀਜ਼ ਅਤੇ ਉਸਦਾ ਸੈਕਿੰਡ ਪੁਸ਼ਕਿਨ ਨੂੰ ਉਸ ਵਿਚ ਬੈਠਣ ਦੀ ਪੇਸ਼ਕਸ਼ ਕਰਦੇ ਹਨ। ਪੁਸ਼ਕਿਨ ਵਲੋਂ ਉਸਦਾ ਸੈਕਿੰਡ ਡੈਂਜ਼ਾਸ ਉਨ੍ਹਾਂ ਦੀ ਪੇਸ਼ਕਸ਼ ਸਵੀਕਾਰ ਕਰ ਲੈਂਦਾ ਹੈ ਅਤੇ ਪੁਸ਼ਕਿਨ ਨੂੰ ਬੱਘੀ ਵਿਚ ਲਿਟਾ ਦਿੱਤਾ ਜਾਂਦਾ ਹੈ। ਡੈਂਜ਼ਸ ਵੀ ਉਸਦੇ ਕੋਲ ਬੈਠ ਜਾਂਦਾ ਹੈ ਅਤੇ ਬੱਘੀ ਪੀਟਰਜ਼ਬਰਗ ਵੱਲ ਚੱਲ ਪੈਂਦੀ ਹੈ। ਬਹੁਤ ਸਾਰਾ ਖ਼ੂਨ ਵਗਣ ਅਤੇ ਇੰਨੀ ਤਕਲੀਫ ਦੇ ਬਾਵਜੂਦ ਪੁਸ਼ਕਿਨ ਡੈਂਜ਼ੀਸ ਨੂੰ ਡਿਊਲ ਸੰਬੰਧੀ ਕਹਾਣੀਆਂ ਸੁਣਾਉਂਦਾ ਹੈ। ਆਪਣੇ ਪੇਟ ਵਿਚ ਲੱਗੀ ਗੋਲੀ ਕਾਰਨ ਉਸਨੂੰ ਆਪਣੇ ਇੱਕ ਅਜਿਹੇ ਮਿੱਤਰ ਦੀ ਯਾਦ ਆਉਂਦੀ ਹੈ ਜਿਹੜਾ ਪੇਟ ਵਿਚ ਲੱਗੀ ਗੋਲੀ ਕਾਰਨ ਮਰ ਗਿਆ ਸੀ। ਮਿੱਤਰ ਦੀ ਮੌਤ ਯਾਦ ਕਰਕੇ ਉਹ ਗੰਭੀਰ ਹੋ ਜਾਂਦਾ ਹੈ ਅਤੇ ਉਸਨੂੰ ਆਪਣੇ ਜ਼ਖਮ ਦੀ ਗੰਭੀਰਤਾ ਦਾ ਅਹਿਸਾਸ ਘੇਰ ਲੈਂਦਾ ਹੈ। ਫਿਰ ਉਹ ਡੈਂਜ਼ੀਸ ਨੂੰ ਹਦਾਇਤ ਦਿੰਦਾ ਹੈ ਕਿ ਉਸਨੇ ਆਪਣੇ ਜ਼ਖਮ ਬਾਰੇ ਆਪਣੇ ਪਤਨੀ ਨੂੰ ਕਿਵੇਂ ਦੱਸਣਾ ਹੈ।

ਬੱਘੀ ਪੁਸ਼ਕਿਨ ਦੇ ਘਰ ਅੱਗੇ ਰੋਕ ਕੇ ਡੈਂਜ਼ੀਸ ਘਰ ਦੇ ਅੰਦਰ ਜਾਂਦਾ ਹੈ। ਉਸ ਸਮੇਂ ਨਤਾਸ਼ਾ ਅਤੇ ਅਲੈਗਜ਼ੈਂਡਰਾ ਘਰ ਵਿਚ ਹਨ। ਡੈਂਜ਼ੀਸ ਨੂੰ ਦੇਖਕੇ ਨਤਾਸ਼ਾ ਡਰ ਜਾਂਦੀ ਹੈ ਕਿ ਕਿਸੇ ਅਜਨਬੀ ਆਦਮੀ ਦੇ ਅਚਾਨਕ ਇਸ ਤਰ੍ਹਾਂ ਆਉਣ ਦਾ ਕੀ ਮਤਲਬ ਹੈ? ਡੈਂਜ਼ੀਸ ਜਦ ਉਸਨੂੰ ਦੱਸਦਾ ਹੈ ਕਿ ਪੁਸ਼ਕਿਨ ਡਿਊਲ ਵਿਚ ਜ਼ਖਮੀ ਹੋ ਗਿਆ ਹੈ, ਪਰ ਘਬਰਾਉਣ ਦੀ ਲੋੜ ਨਹੀਂ ਕਿਉਂਕਿ ਜ਼ਖਮ ਇੰਨਾ ਖ਼ਤਰਨਾਕ ਨਹੀਂ। ਉਸਦੀ ਗੱਲ ਸੁਣਕੇ ਡਰੀ-ਘਬਰਾਈ ਨਤਾਸ਼ਾ ਭੱਜ ਕੇ ਆਪਣੇ ਪਤੀ ਨੂੰ ਮਿਲਣ ਲਈ ਬਾਹਰ ਜਾਂਦੀ ਹੈ ਅਤੇ ਪੁਸ਼ਕਿਨ ਦੀ ਹਾਲਤ ਦੇਖਕੇ ਬੇਹੋਸ਼ ਹੋ ਜਾਂਦੀ ਹੈ।

ਪੁਸ਼ਕਿਨ ਦਾ ਪੁਰਾਣਾ ਨੌਕਰ ਨਿਕੀਤਾ ਉਸਨੂੰ ਆਪਣੀਆਂ ਬਾਹਾਂ ਵਿਚ ਚੁੱਕ ਕੇ ਉਸਦੇ ਪੜ੍ਹਨ-ਕਮਰੇ ਵਿਚ ਲੈ ਜਾਂਦਾ ਹੈ। ਪੁਸ਼ਕਿਨ ਸਾਫ ਕੱਪੜਿਆਂ ਦੀ ਮੰਗ ਕਰਦਾ ਹੈ ਅਤੇ ਕੱਪੜੇ ਬਦਲਕੇ ਡਾਕਟਰ ਦੀ ਉਡੀਕ ਵਿਚ ਸੋਫੇ ਉੱਪਰ ਲੇਟ ਜਾਂਦਾ ਹੈ।

ਸਭ ਤੋਂ ਪਹਿਲਾਂ ਡਾ. ਸੋਲਤਸ ਆਉਂਦਾ ਹੈ। ਸੱਤ ਵਜੇ ਡਾ. ਜ਼ੈਡਲਰ ਆ ਜਾਂਦਾ ਹੈ। ਉਹ ਤਜ਼ਰਬੇਕਾਰ ਮਾਹਰ ਸਰਜਨ ਹੈ ਅਤੇ ਇਸ ਕਿਸਮ ਦੇ ਜ਼ਖਮਾਂ ਦਾ ਇਲਾਜ ਕਰਨ ਲਈ ਪ੍ਰਸਿੱਧ ਹੈ। ਪੁਸ਼ਕਿਨ ਦਾ ਪ੍ਰਕਾਸ਼ਕ ਪਲੀਟਨੇਵਾ ਵੀ ਉਸਦੇ ਜ਼ਖਮੀ ਹੋਣ ਦੀ ਖ਼ਬਰ ਸੁਣਕੇ ਉਸਦਾ ਪਤਾ ਲੈਣ ਆ ਜਾਂਦਾ ਹੈ।

ਡਾਕਟਰੀ ਜਾਂਚ ਸਮੇਂ ਪੁਸ਼ਕਿਨ ਬਾਕੀ ਸਾਰਿਆਂ ਨੂੰ ਬਾਹਰ ਜਾਣ ਦੀ ਬੇਨਤੀ ਕਰਦਾ ਹੈ ਤਾਂ ਕਿ ਡਾਕਟਰ ਤੋਂ ਆਪਣੇ ਜ਼ਖਮ ਦੀ ਗੰਭੀਰਤਾ ਬਾਰੇ ਸਹੀ ਜਾਣਕਾਰੀ ਲੈ ਸਕੇ। ਉਸਦੇ ਅੰਦਰੋਂ ਲਗਾਤਾਰ ਖ਼ੂਨ ਵਗ ਰਿਹਾ ਹੈ ਅਤੇ ਉਹ ਡਾਕਟਰ ਨੂੰ ਪੁੱਛਦਾ ਹੈ ਕਿ ਕੀ ਉਸਦਾ ਜ਼ਖਮ ਘਾਤਕ ਸਿੱਧ ਹੋ ਸਕਦਾ ਹੈ। ਜਦ ਡਾਕਟਰ ਦੱਸਦੇ ਹਨ ਕਿ ਉਸਦਾ ਜ਼ਖਮ ਘਾਤਕ ਹੈ, ਉਹ ਉਨ੍ਹਾਂ ਦਾ ਧੰਨਵਾਦ ਕਰਦਾ ਹੈ ਅਤੇ ਬੜੇ ਧੀਰਜ ਨਾਲ ਆਖਦਾ ਹੈ, "ਹੁਣ ਮੈਨੂੰ ਆਪਣੇ ਘਰ ਬਾਰੇ ਸੋਚਣਾ ਚਾਹੀਦੈ।"

ਉਸਦੀ ਹਾਲਤ ਇੰਨੀ ਖਰਾਬ ਹੈ ਕਿ ਹੁਣ ਡਾਕਟਰ ਵੀ ਬਹੁਤਾ ਕੁਝ ਨਹੀਂ ਕਰ ਸਕਦੇ ਪਰ ਫਿਰ ਵੀ ਡਾ. ਜ਼ੈਡਲਰ ਆਪਣੇ ਔਜ਼ਾਰ ਤਿਆਰ ਕਰਨ ਲੱਗ ਜਾਂਦਾ ਹੈ ਅਤੇ ਡਾ. ਸੋਲਤਸ ਉਸਦੇ ਜ਼ਖਮ ਉੱਪਰ ਨਵੀਂ ਪੱਟੀ ਬੰਨ੍ਹ ਦਿੰਦਾ ਹੈ ਤਾਂ ਉਹ ਆਪਣੇ ਕਮਰੇ ਵਿਚ ਪਈਆਂ ਕਿਤਾਬਾਂ ਦੇਖਕੇ ਆਖਦਾ ਹੈ, "ਅਲਵਿਦਾ ਦੋਸਤੋ!"

ਜਦ ਬਾਦਸ਼ਾਹ ਦਾ ਡਾਕਟਰ ਅਰੈਂਡਟ ਆ ਕੇ ਪੁਸ਼ਕਿਨ ਦੇ ਜ਼ਖਮ ਦੀ ਜਾਂਚ ਕਰਦਾ ਹੈ ਤਾਂ ਉਸਨੂੰ ਉਸਦੇ ਬਚਣ ਦੀ ਬਹੁਤ ਘੱਟ ਸੰਭਾਵਨਾ ਨਜ਼ਰ ਆਉਂਦੀ ਹੈ। ਉਸਦੇ ਜ਼ਖਮ ਉੱਪਰ ਬਰਫ



ਦੀਆਂ ਪੱਟੀਆਂ ਰੱਖਣ ਪਿੱਛੋਂ ਜਦ ਡਾ. ਅਰੈਂਡਟ ਉਸਦੀ ਹਾਲਤ ਬਾਰੇ ਬਾਦਸ਼ਾਹ ਨੂੰ ਦੱਸਣ ਜਾਣ ਲੱਗਦਾ ਹੈ ਤਾਂ ਉਹ ਡਾ. ਰਾਹੀਂ ਬਾਦਸ਼ਾਹ ਨੂੰ ਬੇਨਤੀ ਕਰਦਾ ਹੈ ਕਿ ਉਸਦੇ ਸੈਕਿੰਡ ਡੈਂਜ਼ੀਸ ਨੂੰ ਡਿਊਲ ਵਿਚ ਸ਼ਾਮਿਲ ਹੋਣ ਲਈ ਕੋਈ ਸਜ਼ਾ ਨਾ ਦਿੱਤੀ ਜਾਵੇ। ਜਦ ਪੁਸ਼ਕਿਨ ਦਾ ਫੈਮਿਲੀ ਡਾਕਟਰ ਉਸਦੀ ਹਾਲਤ ਦੇਖਣ ਆਉਂਦਾ ਹੈ ਤਾਂ ਉਹ ਡਾਕਟਰ ਨੂੰ ਆਖਦਾ ਹੈ ਕਿ ਉਹ ਉਸਦੀ ਪਤਨੀ ਨੂੰ ਝੂਠਾ ਧਰਵਾਸ ਨਾ ਦੇਵੇ ਕਿਉਂਕਿ ਉਹ ਛਲ-ਕਪਟ ਕਰਨ ਵਾਲੀ ਔਰਤ ਨਹੀਂ ਅਤੇ ਲਾਜਵਾਬ ਫਰਾਖ-ਦਿਲੀ ਨਾਲ ਆਖਦਾ ਹੈ, "ਉਹ ਵਿਚਾਰੀ ਆਪਣੀ ਮਾਸੂਮੀਅਤ ਅਤੇ ਭੋਲੇਪਣ ਕਾਰਨ ਦੁਖੀ ਹੋ ਰਹੀ ਹੈ ਅਤੇ ਹੋਰ ਲੋਕਾਂ ਦੀਆਂ ਰਾਵਾਂ ਸੁਣਕੇ ਹੋਰ ਦੁਖੀ ਹੋਵੇਗੀ।" ਜਦ ਨਤਾਸ਼ਾ ਉਸ ਕੋਲ ਆਉਂਦੀ ਹੈ ਤਾਂ ਉਸਦੇ ਪਹਿਲੇ ਸ਼ਬਦ, "ਚਿੰਤਾ ਨਾ ਕਰ, ਤੇਰਾ ਇਸ ਮਾਮਲੇ ਵਿਚ ਕਈ ਕਸੂਰ ਨਹੀਂ।"

ਡਾਕਟਰ ਉਸਦਾ ਇਲਾਜ ਕਰ ਰਹੇ ਹਨ। ਕਦੇ ਨਤਾਸ਼ਾ ਉਸਦੇ ਸਿਰਹਾਣੇ ਬੈਠੀ ਹੁੰਦੀ ਹੈ, ਕਦੇ ਅਲੈਗਜ਼ੈਂਡਰਾ। ਦੋਵੇਂ ਹੀ ਉਸਦੀ ਹਾਲਤ ਦੇਖਕੇ ਪ੍ਰੇਸ਼ਾਨ ਹਨ। ਇਹ ਵੀ ਅਫ਼ਵਾਹ ਹੈ ਕਿ ਅਲੈਗਜ਼ੈਂਡਰਾ ਨਾਲ ਉਸਦੇ ਸਰੀਰਕ ਸਬੰਧ ਸਨ। ਉਹ ਮੂਡੀ ਕਿਸਮ ਦੀ ਔਰਤ ਹੋਣ ਕਾਰਨ ਬਹੁਤਾ ਘਰ ਹੀ ਰਹਿੰਦੀ ਸੀ ਅਤੇ ਪੁਸ਼ਕਿਨ ਦਾ ਘਰ ਸੰਭਾਲਦੀ ਸੀ। ਉਸਨੂੰ ਸੁਸਾਇਟੀ ਵਿਚ ਜਾਣਾ ਚੰਗਾ ਨਹੀਂ ਸੀ ਲੱਗਦਾ। ਉਹ ਪੁਸ਼ਕਿਨ ਦੀ ਕਵਿਤਾ ਦੀ ਪ੍ਰਸ਼ੰਸਕ ਸੀ ਅਤੇ ਕਵਿਤਾ ਨੂੰ ਪਿਆਰ ਕਰਦੀ ਸੀ। ਜਦ ਕਦੀਂ ਪੁਸ਼ਕਿਨ ਨੂੰ ਪੈਸਿਆਂ ਦੀ ਲੋੜ ਹੁੰਦੀ ਉਹ ਉਸਨੂੰ ਆਪਣੇ ਭਰਾ ਵਲੋਂ ਮਿਲਣ ਵਾਲਾ ਅਲਾਉਂਸ ਦੇ ਦਿੰਦੀ। ਇਕ ਦਿਨ ਉਸਦੇ ਗਲੇ ਦੀ ਚੇਨ ਗੁਆਚ ਜਾਂਦੀ ਹੈ ਅਤੇ ਪੁਸ਼ਕਿਨ ਦੇ ਪੜ੍ਹਨ-ਕਮਰੇ ਵਿਚ ਰੱਖੇ ਕਾਊਚ ਵਿਚੋਂ ਮਿਲਦੀ ਹੈ। ਉਹ ਪੁਸ਼ਕਿਨ ਦੀ ਵਿਸ਼ਵਾਸਪਾਤਰ ਹੈ। ਡਿਊਲ ਵਾਲੀ ਗੱਲ ਉਹਨੂੰ ਸਿਰਫ਼ ਅਲੈਗਜ਼ੈਂਡਰਾ ਦੱਸਦਾ ਹੈ। ਉਸਨੂੰ ਡਿਊਲ ਵਾਸਤੇ ਪਿਸਤੌਲ ਖਰੀਦਣ ਲਈ ਪੈਸਿਆਂ ਦੀ ਲੋੜ ਪੈਂਦੀ ਹੈ। ਅਲੈਗਜ਼ੈਂਡਰਾ ਆਪਣੇ ਚਾਂਦੀ ਦੇ ਗਹਿਣੇ ਉਸਨੂੰ ਦੇ ਦਿੰਦੀ ਹੈ ਜਿਨ੍ਹਾਂ ਨੂੰ ਗਿਰਵੀ ਰੱਖਕੇ ਪਿਸਤੌਲ ਖਰੀਦਦਾ ਹੈ। ਪੁਸ਼ਕਿਨ ਹੁਣ ਮਰਨ-ਕਿਨਾਰੇ ਪਿਆ ਹੈ ਅਲੈਗਜ਼ੈਂਡਰਾ ਆਪਣੇ ਗਲ ਵਿਚੋਂ ਸਲੀਬ ਉਤਾਰ ਕੇ ਉਸਦੇ ਗਲ ਵਿਚ ਪਾ ਦਿੰਦੀ ਹੈ।

ਡਿਊਲ ਅਤੇ ਪੁਸ਼ਕਿਨ ਦੇ ਜ਼ਖਮੀ ਹੋਣ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਪੀਟਰਜ਼ਬਰਗ ਵਿਚ ਫੈਲ ਜਾਂਦੀ ਹੈ ਅਤੇ ਉਸਦੀ ਕਵਿਤਾ ਦੇ ਪਾਠਕ ਅਤੇ ਪ੍ਰਸ਼ੰਸਕ ਟੋਲੀਆਂ ਬਣਾਕੇ ਉਸਦੀ ਖ਼ਬਰ ਲੈਣ ਲਈ ਆਉਣ ਲੱਗ ਜਾਂਦੇ ਹਨ। ਉਹ ਜਾਣਨ ਲਈ ਉਤਸੁਕ ਹਨ ਕਿ ਉਨ੍ਹਾਂ ਦੇ ਮਹਿਬੂਬ ਲੇਖਕ ਦੀ ਹਾਲਤ ਕਿਹੋ ਜਿਹੀ ਹੈ। ਭੀੜ ਇੰਨੀ ਜ਼ਿਆਦਾ ਵੱਧ ਜਾਂਦੀ ਹੈ ਕਿ ਡੈਂਜ਼ੀਸ ਨੂੰ ਮਜਬੂਰ ਹੋ ਕੇ ਭੀੜ ਨੂੰ ਕਾਬੂ ਕਰਨ ਲਈ ਪੁਲਿਸ ਬੁਲਾਉਣੀ ਪੈਂਦੀ ਹੈ। ਪੁਸ਼ਕਿਨ ਨੂੰ ਪਿਆਰ ਕਰਨ ਵਾਲੇ ਬਾਹਰ ਖੜ੍ਹੇ ਲੋਕਾਂ ਦੀਆਂ ਅੱਖਾਂ ਵਿਚ ਹੰਝੂ ਸਨ ਅਤੇ ਉਹ ਵਾਰ-ਵਾਰ ਬੜੀ ਬਿਹਬਲਤਾ ਨਾਲ ਆਪਣੇ ਪਿਆਰੇ ਕਵੀ ਦੀ ਸਿਹਤ ਬਾਰੇ ਪੁੱਛ ਰਹੇ ਹਨ। ਉਸਦੇ ਘਰ ਦੇ ਨੇੜੇ ਦੁਕਾਨ ਚਲਾਉਣ ਵਾਲੀ ਇੱਕ ਬੁੱਢੀ ਔਰਤ ਇੰਨੀ ਭੀੜ ਦੇਖਕੇ ਹੈਰਾਨ ਹੋ ਰਹੀ ਹੈ ਅਤੇ ਆਖਦੀ ਹੈ, "ਇੰਨੀ ਭੀੜ ਦੇਖਕੇ ਮੈਂ ਸੋਚਿਆ ਕੋਈ ਫੀਲਡ ਮਾਰਸ਼ਲ ਮਰ ਗਿਆ ਹੋਣੈ।"

ਦੋਸਤਾਂ ਦਾ ਤਾਂਤਾ ਬੱਝ ਜਾਂਦਾ ਹੈ। ਜ਼ੂਕੋਵਸਕੀ ਪਰਿਵਾਰ ਆ ਰਿਹਾ ਹੈ, ਵੀਆਜ਼ੀਮਸਕੀ ਪਰਿਵਾਰ ਆ ਰਿਹਾ ਹੈ, ਮਾਸੀ ਜ਼ੁਗਰੀਆਜ਼ਸਕਾਇਆ ਦਾ ਪਰਿਵਾਰ ਆ ਰਿਹਾ ਹੈ। ਉਨ੍ਹਾਂ ਸਾਰਿਆਂ ਨੂੰ ਪੁਸ਼ਕਿਨ ਬੜੀ ਸ਼ਾਂਤੀ ਨਾਲ ਮਿਲਦਾ ਹੈ ਪਰ ਨਤਾਸ਼ਾ ਨੂੰ ਆਪਣੇ ਕਮਰੇ ਵਿਚ ਆਉਣ ਦੀ ਆਗਿਆ ਨਹੀਂ ਦਿੰਦਾ ਕਿਉਂਕਿ ਉਹ ਉਸਨੂੰ ਦੁਖੀ ਹਾਲਤ ਵਿਚ ਦੇਖਕੇ ਹੋਰ ਦੁਖੀ ਨਹੀਂ ਹੋਣਾ ਚਾਹੁੰਦਾ। ਜਦ ਉਸਦੇ ਦੋਸਤਾਂ ਤੋਂ ਪੁੱਛਿਆ ਜਾਂਦਾ ਹੈ ਕਿ ਅਜਿਹੀ ਕਿਹੜੀ ਗੱਲ ਸੀ ਜਿਸਨੇ ਪੁਸ਼ਕਿਨ ਦੇ ਇੰਨੇ ਪ੍ਰਸ਼ੰਸਕਾਂ ਦਾ ਦਿਲ ਪਿਘਲਾ ਦਿੱਤਾ ਹੈ ਤਾਂ ਜ਼ੂਕੋਵਸਕੀ ਆਖਦਾ ਹੈ, "ਉਸਨੇ ਲੋਕਾਂ ਦਾ ਦੁੱਖ-ਦਰਦ ਬਿਆਨ ਕਰਨ ਲਈ ਅਨੇਕਾਂ ਦੁਖਾਂਤ ਰਚਨਾਵਾਂ ਕੀਤੀਆਂ ਹਨ। ਸਮੁੱਚੇ ਤੌਰ ਤੇ ਉਹ

ਇਕ ਜੀਨੀਅਸ ਸੀ।"

ਡਾ. ਅਰੈਂਡਟ ਅੱਧੀ ਰਾਤ ਬਾਦਸ਼ਾਹ ਨਿਕੋਲਸ ਵਲੋਂ ਇੱਕ ਰੁੱਕਾ ਲੈ ਕੇ ਆਉਂਦਾ ਹੈ ਜਿਸ ਵਿਚ ਲਿਖਿਆ ਹੋਇਆ ਹੈ, "ਜੇਕਰ ਪ੍ਰਮਾਤਮਾ ਨੇ ਸਾਨੂੰ ਹੋਰ ਮਿਲਣ ਦੀ ਆਗਿਆ ਨਾ ਦਿੱਤੀ ਤਾਂ ਮੈਨੂੰ ਤੁਹਾਨੂੰ ਅਲਵਿਦਾ ਆਖਦਾ ਹਾਂ ਅਤੇ ਨਸੀਹਤ ਕਰਦਾ ਹਾਂ ਕਿ ਮੌਤ ਨੂੰ ਇੱਕ ਈਸਾਈ ਵਾਂਗ ਮਿਲੋ। ਆਪਣੀ ਪਤਨੀ ਅਤੇ ਬੱਚਿਆਂ ਦੀ ਚਿੰਤਾ ਨਾ ਕਰਨਾ। ਮੈਂ ਉਨ੍ਹਾਂ ਦਾ ਧਿਆਨ ਰੱਖਾਂਗਾ।"

ਪੈਨਸਿਲ ਨਾਲ ਲਿਖਿਆ ਬਾਦਸ਼ਾਹ ਦਾ ਰੁੱਕਾ ਪੁਸ਼ਕਿਨ ਆਪਣੇ ਕੋਲ ਰੱਖਣਾ ਚਾਹੁੰਦਾ ਹੈ ਪਰ ਅਰੈਂਡਟ ਨੂੰ ਹੁਕਮ ਸੀ ਕਿ ਰੁੱਕਾ ਵਾਪਿਸ ਬਾਦਸ਼ਾਹ ਨੂੰ ਲਿਆਕੇ ਦੇਣਾ ਹੈ।

ਅਗਲੇ ਦਿਨ ਪੁਸ਼ਕਿਨ ਦੀ ਹਾਲਤ ਵਿਚ ਭਾਵੇਂ ਥੋੜ੍ਹਾ ਸੁਧਾਰ ਹੋ ਜਾਂਦਾ ਹੈ ਪਰ ਜ਼ਖਮ ਵਿਚ ਪਲਮ ਦੌੜ ਜਾਣ ਕਾਰਨ ਉਸਦਾ ਦਰਦ ਵੱਧ ਜਾਂਦਾ ਹੈ। ਇਕ-ਇਕ ਕਰਕੇ ਉਹ ਆਪਣੇ ਦੋਸਤਾਂ ਨੂੰ ਅਲਵਿਦਾ ਆਖਦਾ ਹੈ ਅਤੇ ਇਸ ਗੱਲ ਦਾ ਅਫਸੋਸ ਜ਼ਾਹਰ ਕਰਦਾ ਹੈ ਕਿ ਉਹ ਆਪਣੇ ਜਿਗਰੀ ਯਾਰ ਈਵਾਨ ਪੁਸ਼ਚਿਨ ਨੂੰ ਅਲਵਿਦਾ ਆਖਣ ਤੋਂ ਅਸਮਰੱਥ ਹੈ।

ਤਕਰੀਬਨ ਦੋ ਵਜੇ ਉਹ ਨਤਾਸ਼ਾ ਨੂੰ ਬੁਲਾਉਂਦਾ ਹੈ ਅਤੇ ਉਸਨੂੰ ਪਹਾੜੀ ਬੇਰੀਆਂ ਦਾ ਰਸ ਲਿਆਉਣ ਲਈ ਆਖਦਾ ਹੈ। ਨਤਾਸ਼ਾ ਗੋਡਿਆਂ ਭਾਰ ਬੈਠਕੇ ਚਮਚਿਆਂ ਨਾਲ ਉਸਦੇ ਮੂੰਹ ਵਿਚ ਕਲਾਊਬੇਰੀਆਂ ਦਾ ਰਸ ਪਾਉਂਦੀ ਹੈ। ਜ਼ੂਕੋਵਸਕੀ ਉਸਦੇ ਸਿਰਹਾਣੇ ਖੜ੍ਹਾ ਹੈ ਅਤੇ ਉਸਦੇ ਨਾਲ ਹੀ ਤੁਰਗਨੇਵ ਖੜ੍ਹਾ ਹੈ। ਪੁਸ਼ਕਿਨ ਨੂੰ ਅਜੀਬ-ਅਜੀਬ ਸ਼ਕਲਾਂ ਨਜ਼ਰ ਆਉਂਦੀਆਂ ਹਨ। ਉਸਨੂੰ ਸੁਪਨਾ ਆਉਂਦਾ ਹੈ ਕਿ ਜਿਵੇਂ ਉਹ ਆਪਣੀਆਂ ਕਿਤਾਬਾਂ ਵਾਲੀਆਂ ਅਲਮਾਰੀਆਂ ਉਪਰ ਚੜ੍ਹਿਆ ਬੈਠਾ ਹੈ ਅਤੇ ਉਸਨੂੰ ਚੱਕਰ ਆ ਰਹੇ ਹਨ। ਅਚਾਨਕ ਜਿਵੇਂ ਉਹ ਗੂੜ੍ਹੀ ਨੀਂਦ ਵਿਚੋਂ ਜਾਗਿਆ ਹੋਵੇ ਪੂਰੀਆਂ ਅੱਖਾਂ ਖੋਲ੍ਹਕੇ ਆਖਦਾ ਹੈ, "ਜ਼ਿੰਦਗੀ ਖ਼ਤਮ ਹੋ ਰਹੀ ਹੈ..... ਸਾਹ ਲੈਣਾ ਔਖਾ ਹੋ ਰਿਹਾ ਹੈ ..... ਕੋਈ ਚੀਜ਼ ਮੈਨੂੰ ਹੇਠਾਂ ਹੀ ਹੇਠਾਂ ਲਿਜਾ ਰਹੀ ਹੈ....."

ਜਿਸ ਸਮੇਂ ਪੁਸ਼ਕਿਨ ਦੀ ਜਾਨ ਨਿਕਲਦੀ ਹੈ ਐਨ ਉਸ ਸਮੇਂ ਨਤਾਸ਼ਾ ਕਮਰੇ ਵਿਚ ਵਾਪਸ ਆਉਂਦੀ ਹੈ। ਹਿਟਕੋਰੇ ਭਰਦੀ ਹੋਈ ਉਸ ਉੱਪਰ ਡਿੱਗ ਪੈਂਦੀ ਹੈ ਅਤੇ ਦਿਲ-ਚੀਰਵੀਂ ਚੀਕ ਮਾਰਕੇ ਆਖਦੀ ਹੈ, "ਪੁਸ਼ਕਿਨ.... ਪੁਸ਼ਕਿਨ..... ਤੁਸੀਂ ਬੋਲਦੇ ਕਿਉਂ ਨਹੀਂ।"

ਇਸ ਸਮੇਂ ਪੌਣੇ ਤਿੰਨ ਵਜੇ ਹਨ। ਅਲੈਗਜ਼ੈਂਡਰਾ ਵੀ ਇਉਂ ਧਾਹਾਂ ਮਾਰਕੇ ਰੋ ਰਹੀ ਹੈ ਜਿਵੇਂ ਉਹ ਵੀ ਵਿਧਵਾ ਹੋ ਗਈ ਹੋਵੇ।

ਹਰ ਕਿਸੇ ਦੇ ਜਾਣ ਪਿਛੋਂ ਸਿਰਫ਼ ਜ਼ੂਕੋਵਸਕੀ ਹੀ ਉਥੇ ਰਹਿ ਜਾਂਦਾ ਹੈ। ਉਹ ਆਪਣੇ ਦੋਸਤ ਦੇ ਸ਼ਾਂਤ ਮੁਰਦਾ ਚਿਹਰੇ ਵੱਲ ਦੇਖ ਰਿਹਾ ਹੈ। ਉਸਨੂੰ ਯਾਦ ਕਰਦਾ ਹੋਇਆ ਉਹ ਬਾਅਦ ਵਿਚ ਲਿਖਦਾ ਹੈ -

> ਐਨ ਉਸ ਸਮੇਂ ਮੈਂ ਮੌਤ ਦੇ ਦਰਸ਼ਨ ਕਰ ਰਿਹਾ ਸੀ ਜਿਹੜੀ ਕਿਸੇ ਦੈਵੀ ਪਰਦੇ ਤੋਂ ਬਿਨਾਂ ਮੇਰੇ ਸਾਹਮਣੇ ਸੀ। ਕਿਹੋ ਜਿਹੀ ਅਜੀਬ ਮੁਹਰ ਉਸਨੇ ਉਸਦੇ ਚਿਹਰੇ ਉੱਪਰ ਲਗਾ ਦਿੱਤੀ ਸੀ। ਮੈਂ ਕਸਮ ਖਾ ਕੇ ਆਖਦਾ ਹਾਂ ਕਿ ਇਸ ਤੋਂ ਪਹਿਲਾਂ ਮੈਂ ਕਦੇ ਉਸਦੇ ਚਿਹਰੇ ਉੱਪਰ ਇੰਨੀ ਡੂੰਘੀ, ਗੰਭੀਰ ਗੌਰਵਤਾਮਈ ਜਿੱਤ ਦਾ ਪ੍ਰਭਾਵ ਨਹੀਂ ਦੇਖਿਆ। ਅਜਿਹੀ ਵਿਲੱਖਣ ਜਿੱਤ ਦਾ ਪ੍ਰਭਾਵ ਲੈ ਕੇ ਸਾਡਾ ਪਿਆਰਾ ਪੁਸ਼ਕਿਨ ਸਾਰੀ ਦੁਨੀਆਂ ਨੂੰ ਅਲਵਿਦਾ ਆਖ ਗਿਆ।

### ਮੌਤ ਤੋਂ ਪਿੱਛੋਂ

ਭਾਵੇਂ ਦਰਬਾਰੀ ਅਧਿਕਾਰੀ ਡਿਊਲ ਰੋਕਣ ਦੀ ਕੋਸ਼ਿਸ਼ ਨਹੀਂ ਕਰਦੇ ਪਰ ਜਦ ਪੁਸ਼ਕਿਨ ਦੀ ਮੌਤ ਹੋ ਜਾਂਦੀ ਹੈ ਤਾਂ ਲੋਕਾਂ ਵਲੋਂ ਕਵੀ ਲਈ ਦਿਖਾਏ ਪਿਆਰ ਨੂੰ ਦੇਖਕੇ ਉਹ ਬੁਰੀ ਤਰ੍ਹਾਂ ਡਰ ਜਾਂਦੇ ਹਨ। ਖੁਫੀਆ ਪੁਲਿਸ ਦਾ ਇਕ ਅਧਿਕਾਰੀ ਕਾਸੀਤਸੇਵ ਆਪਣੀ ਰਿਪੋਰਟ ਵਿਚ ਲਿਖਦਾ ਹੈ -



ਅਜਿਹਾ ਧਿਆਨ ਉਨ੍ਹਾਂ ਬੰਦਿਆਂ ਦੀ ਮੌਤ ਉੱਪਰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਬਹਾਦਰੀ ਦੇ ਬਹੁਤ ਵੱਡੇ ਕਾਰਨਾਮੇ ਕੀਤੇ ਹੁੰਦੇ ਹ ਜਾਂ ਸਮਾਜਿਕ ਖੇਤਰ ਵਿਚ ਕੋਈ ਮਾਅਰਕਾ ਮਾਰਿਆ ਹੁੰਦਾ ਹੈ। ਪਰ ਇਸ ਕਵੀ ਵਿਚ ਅਜਿਹੀ ਕੋਈ ਸਾਹਿਤਕ ਜਾਂ ਸਮਾਜਿਕ ਮਹੱਤਤਾ ਨਹੀਂ ਸੀ। ਉਸ ਲਈ ਲੋਕਾਂ ਵਲੋਂ ਜਿਹੋ-ਜਿਹਾ ਪਿਆਰ ਦਿਖਾਇਆ ਗਿਆ ਹੈ, ਉਹ ਅਜਿਹੇ ਪਿਆਰ ਦਾ ਹੱਕਦਾਰ ਨਹੀਂ ਸੀ। ਉਸਦੀਆਂ ਰਚਨਾਵਾਂ ਸਗੋਂ ਆਪਹੁਦਰੀਆਂ ਅਤੇ ਅਨੈਤਿਕ ਸਨ। ਉਹ ਲੋਕਾਂ ਵਿਚ ਅਨੁਸ਼ਾਸਨ ਪੈਦਾ ਕਰਨ ਦੀ ਬਜਾਇ ਉਨ੍ਹਾਂ ਅੰਦਰ ਬਾਗੀ ਭਾਵਨਾਵਾਂ ਭੜਕਾਉਂਦਾ ਸੀ।

ਜਦ ਸਿਮੋਨੋਵ ਉਸ ਪੁਲਿਸ ਅਧਿਕਾਰੀ ਨੂੰ ਬੇਨਤੀ ਕਰਦਾ ਹੈ ਕਿ ਉਸਨੂੰ ਪੁਸ਼ਕਿਨ ਦੀ ਯਾਦ ਵਿਚ ਸ਼ਰਧਾਂਜਲੀ ਸਮਾਰੋਹ ਕਰਨ ਦੀ ਆਗਿਆ ਦਿੱਤੀ ਜਾਵੇ ਤਾਂ ਕਾਸਤੀਸੇਵ ਸਪੱਸ਼ਟ ਇਨਕਾਰ ਕਰ ਦਿੰਦਾ ਹੈ। ਇਥੋਂ ਤੱਕ ਕਿ ਪ੍ਰੋਫੈਸਰ ਪੋਡੋਡੀਤ ਨੂੰ ਪੁਸ਼ਕਿਨ ਦੇ ਸਤਿਕਾਰ ਵਿਚ ਸ਼ਰਧਾਂਜਲੀ ਭਾਸ਼ਣ ਦੇਣ ਦੀ ਵੀ ਆਗਿਆ ਨਹੀਂ ਦਿੱਤੀ ਜਾਂਦੀ। ਸੈਂਸਰ ਦਾ ਉੱਤਰ ਸੀ - "ਕੀ ਪੁਸ਼ਕਿਨ ਕੋਈ ਕਮਾਂਡਰ, ਕੋਈ ਵਜ਼ੀਰ, ਕੋਈ ਸਿਆਸਤਦਾਨ ਸੀ?"

ਨਤਾਸ਼ਾ ਨੇ ਪੁਸ਼ਕਿਨ ਦੇ ਅੰਤਿਮ ਸੰਸਕਾਰ ਸਮਾਰੋਹ ਲਈ ਜਿਹੜੇ ਸੱਦਾ-ਪੱਤਰ ਭੇਜੇ ਸਨ, ਉਨ੍ਹਾਂ ਵਿਚ ਸਥਾਨ ਈਸਾਕ ਕੈਥਡਰਲ ਅਤੇ ਸਮਾਂ ਗਿਆਰਾਂ ਵਜੇ ਦਾ ਲਿਖਿਆ ਹੋਇਆ ਹੈ ਪਰ ਐਨ ਅਖ਼ੀਰ ਵਕਤ ਸਰਕਾਰ ਨੇ ਸਥਾਨ ਬਦਲਕੇ ਉਸਦੇ ਘਰ ਦੇ ਨੇੜੇ ਵਾਲਾ ਗਿਰਜਾ ਕਰ ਦਿੱਤਾ। ਇਸ ਤਬਦੀਲੀ ਦੇ ਬਾਵਜੂਦ ਅਫਸੋਸ ਕਰਨ ਵਾਲਿਆਂ ਦੀ ਲੰਬੀ ਕਤਾਰ ਉਸਨੂੰ ਅੰਤਿਮ ਵਿਦਾਇਗੀ ਦੇਣ ਲਈ ਉਸਦੇ ਤਾਬੂਤ ਕੋਲੋਂ ਮੱਥਾ ਟੇਕ ਕੇ ਲੰਘਦੀ ਹੈ, ਜਿਸ ਵਿਚ ਸ਼ਾਮਿਲ ਸੀ ਪ੍ਰਿੰਸ ਵੀਆਜ਼ੀਮਸਕੀ ਅਤੇ ਪ੍ਰਿੰਸ ਜ਼ੂਕੋਵਸਕੀ ਵਰਗੇ ਉਸਦੇ ਦੋਸਤ ਅਤੇ ਸਮਾਜ ਦੇ ਹਰ ਵਰਗ ਦੇ ਨਾਮਵਰ ਲੋਕ। ਕੁਝ ਲੋਕ ਰੋ ਰਹੇ ਸਨ, ਕੁਝ ਕੁ ਨੇ ਭੇਡ ਖੱਲ ਦੇ ਕੋਟ ਜਾਂ ਪਾਟੇ ਪੁਰਾਣੇ ਕੱਪੜੇ ਪਾ ਰੱਖੇ ਸਨ। ਅਜਿਹੇ ਲੋਕ ਕਿਸਾਨ ਅਤੇ ਕਿਰਤੀ ਸ਼੍ਰੇਣੀ ਨਾਲ ਸਬੰਧਤ ਸਨ। ਉਸਨੂੰ ਅੰਤਿਮ ਵਿਦਾਇਗੀ ਦੇਣ ਵਾਲਿਆਂ ਵਿਚ ਵਿਦਿਆਰਥੀ ਵੀ ਕਾਫੀ ਵੱਡੀ ਗਿਣਤੀ ਵਿਚ ਸ਼ਾਮਿਲ ਸਨ ਭਾਵੇਂ ਸਰਕਾਰ ਨੇ ਯੂਨੀਵਰਸਿਟੀਆਂ ਨੂੰ ਹੁਕਮ ਜਾਰੀ ਕਰ ਦਿੱਤਾ ਸੀ ਕਿ ਕਲਾਸਾਂ ਬੰਦ ਨਾ ਕੀਤੀਆਂ ਜਾਣ।

ਪੁਸ਼ਕਿਨ ਨੂੰ ਉਸਦੇ ਮਾਪਿਆਂ ਦੀ ਜਾਇਦਾਦ ਵਾਲੇ ਪਿੰਡ ਮਾਇਖਲੋਵਸਕੋਈ ਵਿਖੇ ਦਫਨਾਇਆ ਜਾਂਦਾ ਹੈ। ਬਾਦਸ਼ਾਹ ਨਾਲ ਮੁਲਾਕਾਤ ਕਰਨ ਪਿਛੋਂ ਪੁਲਿਸ ਮੁਖੀ ਬੈਂਕਨਡੋਰਫ ਪਸਕੋਵ ਦੇ ਗਵਰਨਰ ਨੂੰ ਹੁਕਮ ਦਿੰਦਾ ਹੈ ਕਿ ਦਫਨਾਉਣ ਵਾਲੀ ਥਾਂ ਕਿਸੇ ਕਿਸਮ ਦੀ ਸ਼ਰਧਾਂਜਲੀ ਰਸਮ ਕਰਨ ਦੀ ਆਗਿਆ ਨਾ ਦਿੱਤੀ ਜਾਵੇ। ਸਿਰਫ਼ ਉਹੀ ਰਸਮਾਂ ਕਰਨ ਦੀ ਆਗਿਆ ਦਿੱਤੀ ਜਾਵੇ ਜਿੰਨੀਆਂ ਕਿ ਉੱਚ ਵਰਗ ਦੇ ਪਰਿਵਾਰ ਲਈ ਜ਼ਰੂਰੀ ਹੁੰਦੀਆਂ ਹਨ। ਏ. ਆਈ. ਤੁਰਗਨੇਵ ਨੂੰ ਪੁਸ਼ਕਿਨ ਦੇ ਮ੍ਰਿਤਕ ਸਰੀਰ ਨੂੰ ਮਾਇਖਲੋਵਸਕੋਈ ਲਿਜਾਣ ਦੀ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ। ਉਥੇ ਪੁਸ਼ਕਿਨ ਦੇ ਅੰਤਿਮ ਸੰਸਕਾਰ ਵਿਚ ਜਿਹੜੇ ਲੋਕ ਸ਼ਾਮਿਲ ਹੁੰਦੇ ਹਨ ਉਨ੍ਹਾਂ ਵਿਚ ਸ਼ਾਮਿਲ ਸਨ ਮੈਡਮ ਓਸੀਪੋਵਾ ਦਾ ਪਰਿਵਾਰ ਅਤੇ ਪੁਸ਼ਕਿਨ ਦਾ ਪੁਰਾਣਾ ਨੌਕਰ ਨਿਕੀਤਾ ਕੋਜ਼ਲੋਵ। ਜ਼ੂਕੋਵਸਕੀ ਦੀਆਂ ਸਾਰੀਆਂ ਦਲੀਲਾਂ ਦੇ ਬਾਵਜੂਦ ਬਾਦਸ਼ਾਹ ਇਸ ਗੱਲ ਤੇ ਬਜ਼ਿੱਦ ਰਹਿੰਦਾ ਹੈ ਕਿ ਪੁਸ਼ਕਿਨ ਵਾਸਤੇ ਕੋਈ ਯਾਦਗਾਰੀ ਚਿੰਨ੍ਹ ਨਾ ਬਣਾਇਆ ਜਾਵੇ।

ਪੁਸ਼ਕਿਨ ਦੀ ਮੌਤ ਦੇ ਅਫਸੋਸ ਵਿਚ ਉਸਦੇ ਬਾਪ ਕੋਲ ਬਹੁਤ ਸਾਰੀਆਂ ਚਿੱਠੀਆਂ ਆਉਂਦੀਆਂ ਹਨ। ਉਨ੍ਹਾਂ ਵਿਚੋਂ ਸਭ ਨਾਲੋਂ ਮਹੱਤਵਪੂਰਨ ਚਿੱਠੀ ਪੁਸ਼ਕਿਨ ਦੇ ਸਮਕਾਲੀ ਪ੍ਰਸਿੱਧ ਕਵੀ ਈਵਗਨੀ ਬਰਾਤੀਵਸਕੀ ਦੀ ਹੈ। ਉਸਨੇ ਬੜੇ ਭਾਵੁਕ ਢੰਗ ਨਾਲ ਲਿਖਿਆ ਹੈ-

"ਮੇਰੇ ਕੋਲ ਕਰਨ ਵਾਲੀ ਗੱਲ ਸਿਰਫ਼ ਇਹੀ ਹੈ ਕਿ ਮੈਂ ਪ੍ਰਮਾਤਮਾ ਨੂੰ ਅਰਦਾਸ ਕਰਾਂ ਕਿ ਮੇਰੀ

ਯਾਦਸ਼ਾਤ ਇੰਨੀ ਕਮਜ਼ੋਰ ਨਾ ਹੋ ਜਾਵੇ ਕਿ ਮੈਂ ਪੁਸ਼ਕਿਨ ਨੂੰ ਭੁੱਲ ਜਾਵਾਂ।"

ਉਸਦਾ ਗੂੜ੍ਹਾ ਮਿੱਤਰ ਸਮਕਾਲੀ ਸਾਹਿਤਕਾਰ ਗੋਗੋਲ ਉਸਦੇ ਵਿਛੋੜੇ ਨੂੰ ਡੂੰਘੇ ਦਰਦ ਨਾਲ ਪ੍ਰਗਟ ਕਰਦਾ ਹੋਇਆ ਲਿਖਦਾ ਹੈ -

"ਉਹ ਸਾਰਾ ਕੁਝ ਜਿਸਨੇ ਮੇਰੀ ਜ਼ਿੰਦਗੀ ਵਿਚ ਖੁਸ਼ੀ ਲਿਆਂਦੀ, ਉਹ ਸਾਰਾ ਕੁਝ ਜਿਸ ਵਿਚੋਂ ਮੈਨੂੰ ਸਭ ਨਾਲੋਂ ਵੱਡੀ ਖੁਸ਼ੀ ਮਿਲਦੀ ਸੀ, ਉਸਦੇ ਨਾਲ ਹੀ ਅਲੋਪ ਹੋ ਗਿਆ ਹੈ। ਉਸਨੂੰ ਆਪਣੇ ਸਾਹਮਣੇ ਖੜ੍ਹਾ ਹੋਣ ਦੀ ਕਲਪਨਾ ਕੀਤੇ ਬਿਨਾਂ ਮੈਂ ਇਕ ਵੀ ਸਤਰ ਨਹੀਂ ਸੀ ਲਿਖ ਸਕਦਾ। ਸੋਚਦਾ ਹੁੰਦਾ ਸੀ ਕਿ ਜੋ ਕੁਝ ਮੈਂ ਲਿਖ ਰਿਹਾ ਹਾਂ ਇਸ ਬਾਰੇ ਉਹ ਕੀ ਆਖੇਗਾ? ਇਸ ਦਾ ਨੋਟਿਸ ਕਿਵੇਂ ਲਵੇਗਾ? ਮੇਰੀ ਕਿਹੜੀ ਗੱਲ ਉਸਨੂੰ ਹਸਾ ਸਕੇਗੀ?"

ਪੁਸ਼ਕਿਨ ਦੀ ਮੌਤ ਤੋਂ ਕੁਝ ਹੀ ਹਫ਼ਤਿਆਂ ਬਾਅਦ ਮਾਇਖਲ ਲਰਮਨਤੋਤ ਦੀ ਕਵਿਤਾ 'ਇਕ ਕਵੀ ਦੀ ਮੌਤ' ਦਾ ਹੱਥ-ਲਿਖਤ ਖਰੜਾ ਹਰ ਲੇਖਕ ਅਤੇ ਪੁਸ਼ਕਿਨ ਦੇ ਹਰ ਪਾਠਕ ਕੋਲ ਪਹੁੰਚ ਜਾਂਦਾ ਹੈ। ਲਰਮਨਤੋਤ ਪੁਸ਼ਕਿਨ ਤੋਂ ਅਗਲੀ ਪੀੜ੍ਹੀ ਦਾ ਪ੍ਰਤਿਭਾਵਨ ਕਵੀ ਹੈ। ਉਹ ਹਥਿਆਰਬੰਦ ਰਸਾਲੇ ਵਿਚ ਇਕ ਅਫਸਰ ਹੈ। ਆਪਣੀ ਕਵਿਤਾ ਵਿਚ ਉਸਨੇ ਇਕ ਵਿਦੇਸ਼ੀ ਆਦਮੀ ਨੂੰ ਹੀ ਪੁਸ਼ਕਿਨ ਦਾ ਕਾਤਲ ਨਹੀਂ ਆਖਿਆ ਸਗੋਂ ਬਾਦਸ਼ਾਹ ਦੇ ਦਰਬਾਰੀਆਂ ਨੂੰ ਅਜਿਹੇ ਮੁਜਰਮ ਆਖਿਆ ਹੈ ਜਿਨ੍ਹਾਂ ਨੇ ਪੁਸ਼ਕਿਨ ਦਾ ਕਤਲ ਰੋਕਣ ਲਈ ਕੁਝ ਨਹੀਂ ਕੀਤਾ। ਉਹ ਲਿਖਦਾ ਹੈ -

ਤਖਤ ਦੀ ਓਟ ਵਿਚ ਲੁਕੇ ਬੈਠੇ ਜ਼ਾਲਮ ਦਰਬਾਰੀਓ
ਆਜ਼ਾਦੀ, ਪ੍ਰਤਿਭਾ ਅਤੇ ਪ੍ਰਸਿੱਧੀ ਦੇ ਜੱਲਾਦੋ!
ਤੁਸੀਂ ਆਪਣੇ ਆਪ ਨੂੰ ਕਾਨੂੰਨ ਦੇ ਪਰਦੇ ਵਿਚ
ਛੁਪਾਉਂਦੇ ਹੋ
ਭਾਵੇਂ ਸੱਚ ਅਤੇ ਇਨਸਾਫ
ਤੁਹਾਨੂੰ ਸਾਹਮਣੇ ਖੜ੍ਹਾ ਨਜ਼ਰ ਆਉਂਦਾ ਹੈ।
ਜੁਰਮ ਦੇ ਭਾਈਵਾਲੋ!
ਰੱਬ ਦੀ ਕਚਹਿਰੀ ਵਿਚ
ਤੁਹਾਡੇ ਗੁਨਾਹਾਂ ਦਾ ਫੈਸਲਾ ਹੋਵੇਗਾ
ਉਹ ਤੁਹਾਡਾ ਇੰਤਜ਼ਾਰ ਕਰ ਰਿਹਾ ਹੈ।
ਸੋਨੇ ਦਾ ਲਾਲਚ ਉਸਨੂੰ ਭਰਮਾ ਨਹੀਂ ਸਕੇਗਾ
ਤੁਹਾਡੇ ਵਿਚਾਰਾਂ ਅਤੇ ਕਰਤੂਤਾਂ ਨੂੰ
ਉਹ ਪਹਿਲਾਂ ਹੀ ਜਾਣਦਾ ਹੈ।
ਤੁਹਾਡੇ ਵਲੋਂ ਘੜੇ ਇਲਜ਼ਾਮ ਅਤੇ ਤੁਹਮਤਾਂ
ਉਸਦੇ ਦਿਲ ਉੱਤੇ ਕੋਈ
ਅਸਰ ਨਹੀਂ ਕਰਨਗੇ।
ਨਾ ਹੀ ਲੁਕ ਲੁਕ ਕੀਤੀਆਂ
ਸਾਜਿਸ਼ਾਂ ਦਾ ਤੁਹਾਨੂੰ ਕੋਈ ਲਾਭ ਹੋਵੇਗਾ।
ਅੰਤਿਮ ਫੈਸਲੇ ਦਾ ਇਕ ਵੀ ਸ਼ਬਦ
ਨਹੀਂ ਬਦਲੇਗਾ
ਨਾ ਹੀ ਤੁਹਾਡੀ ਸ਼ਰਮਸਾਰੀ
ਤੁਹਾਡੇ ਹੱਥਾਂ ਉੱਤੋਂ



ਕਵੀ ਦਾ ਖ਼ੂਨ ਧੋ ਸਕੇਗੀ।

ਕਵਿਤਾ ਪੜ੍ਹਕੇ ਬਾਦਸ਼ਾਹ ਨਿਕੋਲਸ ਲੋਹਾ-ਲਾਖਾ ਹੋ ਜਾਂਦਾ ਹੈ ਕਿਉਂਕਿ ਕਵਿਤਾ ਵਿਚ ਸ਼ਾਹੀ ਦਰਬਾਰ ਨੂੰ ਪੁਸ਼ਕਿਨ ਦੇ ਕਾਤਲ ਦਾ ਸਪੱਸ਼ਟ ਭਾਈਵਾਲ ਆਖਿਆ ਗਿਆ ਹੈ। ਇਹ ਜਾਣਨ ਲਈ ਕਿ ਲਰਮਨਤੋਤ ਪਾਗਲ ਤਾਂ ਨਹੀਂ, ਉਸਦਾ ਡਾਕਟਰੀ ਮੁਆਇਨਾ ਕਰਵਾਇਆ ਜਾਂਦਾ ਹੈ ਅਤੇ ਕਵਿਤਾ ਲਿਖਣ ਦੀ ਸਜ਼ਾ ਵਜੋਂ ਉਸਨੂੰ ਕੋਹਕਾਫ ਦੇ ਪਹਾੜਾਂ ਵਿਚ ਤਾਇਨਾਤ ਰਜਮੈਂਟ ਵਿਚ ਜਲਾਵਤਨ ਕਰ ਦਿੱਤਾ ਜਾਂਦਾ ਹੈ।

ਕੁਲੀਨ ਵਰਗ ਨਾਲ ਸਬੰਧਤ ਬਹੁਤ ਘੱਟ ਲੋਕਾਂ ਨੂੰ ਪੁਸ਼ਕਿਨ ਦੀ ਮੌਤ ਦਾ ਦੁੱਖ ਹੈ ਪਰ ਇਸਦੇ ਉਲਟ ਉਨ੍ਹਾਂ ਨੂੰ ਡੀ. ਐਂਥੀਜ਼ ਦੇ ਭਵਿੱਖ ਦੀ ਚਿੰਤਾ ਹੈ। ਹੀਕਰਨ ਅਤੇ ਡੀ. ਐਂਥੀਜ਼ ਜਿਨ੍ਹਾਂ ਨੇ ਦਰਬਾਰ ਵਿਚ ਪੁਸ਼ਕਿਨ ਨੂੰ ਪ੍ਰਭਾਵਹੀਣ ਦੇਖਿਆ ਸੀ, ਲੋਕਾਂ ਅੰਦਰ ਉਸਦੀ ਮੌਤ ਕਾਰਨ ਭੜਕੇ ਗੁੱਸੇ ਨੂੰ ਦੇਖਕੇ ਹੈਰਾਨ ਰਹਿ ਜਾਂਦੇ ਹਨ। ਇਨ੍ਹਾਂ ਦੋਹਾਂ ਵਿਚੋਂ ਕਿਸੇ ਨੂੰ ਰੂਸੀ ਸਾਹਿਤ ਪੜ੍ਹਨ ਦਾ ਸ਼ੌਕ ਨਹੀਂ ਸੀ। ਉਹ ਬਿਲਕੁਲ ਨਹੀਂ ਸੀ ਜਾਣਦੇ ਕਿ ਪੁਸ਼ਕਿਨ ਕਿੰਨਾ ਵੱਡਾ ਕਵੀ ਸੀ ਅਤੇ ਲੋਕ ਉਸਨੂੰ ਕਿੰਨਾ ਪਿਆਰ ਕਰਦੇ ਸਨ। ਹੀਕਰਨ ਦੇ ਰਾਜਨੀਤਿਕ ਪ੍ਰਭਾਵ ਦੇ ਬਾਵਜੂਦ ਪੁਸ਼ਕਿਨ ਦੇ ਦੋਸਤਾਂ ਦਾ ਗੁੱਟ ਦੇਖਕੇ ਡੀ. ਐਂਥੀਜ਼ ਨੂੰ ਤੁਰੰਤ ਗ੍ਰਿਫਤਾਰ ਕਰ ਲਿਆ ਜਾਂਦਾ ਹੈ। ਉਸਦਾ ਕੋਰਟ ਮਾਰਸ਼ਲ ਹੁੰਦਾ ਹੈ ਅਤੇ ਉਸਨੂੰ ਮੌਤ ਦੀ ਸਜ਼ਾ ਸੁਣਾਈ ਜਾਂਦੀ ਹੈ। ਪਰ ਬਾਦਸ਼ਾਹ ਦੇ ਹੁਕਮ ਨਾਲ ਮੌਤ ਦੀ ਸਜ਼ਾ ਉਮਰ ਕੈਦ ਵਿਚ ਬਦਲ ਜਾਂਦੀ ਹੈ। ਪਰ ਅਖ਼ੀਰ ਉਸਨੂੰ ਦੇਸ਼ੋਂ ਕੱਢੇ ਜਾਣ ਦਾ ਹੁਕਮ ਹੋ ਜਾਂਦਾ ਹੈ ਅਤੇ ਹੀਕਰਨ ਨੂੰ ਵਾਪਸ ਹਾਲੈਂਡ ਭੇਜ ਦਿੱਤਾ ਜਾਂਦਾ ਹੈ।

ਡੀ. ਐਂਥੀਜ਼ ਦੀ ਪਤਨੀ ਬਣਕੇ ਈਕੈਟਰੀਨਾ ਕਈ ਬੱਚਿਆਂ ਨੂੰ ਜਨਮ ਦਿੰਦੀ ਹੈ ਅਤੇ ਛੇਤੀ ਹੀ ਮਰ ਜਾਂਦੀ ਹੈ ਪਰ ਡੀ. ਐਂਥੀਜ਼ ਉਸਦੀ ਮੌਤ ਪਿਛੋਂ ਵੀ 60 ਸਾਲ ਹੋਰ ਜਿਉਂਦਾ ਰਹਿੰਦਾ ਹੈ।

ਨਤਾਸ਼ਾ ਪੁਸ਼ਕਿਨ ਦੀਆਂ ਹਦਾਇਤਾਂ ਅਨੁਸਾਰ 2 ਸਾਲ ਤੱਕ ਪਿੰਡ ਰਹਿੰਦੀ ਹੈ ਪਰ ਬਾਦਸ਼ਾਹ ਦੀ ਖ਼ਾਸ ਬੇਨਤੀ ਉਪਰ ਉਹ ਪੀਟਰਜ਼ਬਰਗ ਆ ਜਾਂਦੀ ਹੈ। ਉਸਨੂੰ ਤੁਰੰਤ 10,000/-ਰੂਬਲ ਦਿੱਤੇ ਜਾਂਦੇ ਹਨ ਅਤੇ ਪੁਸ਼ਕਿਨ ਦੇ ਸਾਰੇ ਕਰਜ਼ੇ ਮੁਆਫ਼ ਕਰ ਦਿੱਤੇ ਜਾਂਦੇ ਹਨ। ਉਸਦੇ ਪੁੱਤਰਾਂ ਨੂੰ ਦਰਬਾਰੀ ਨੌਕਰਾਂ ਵਿਚ ਭਰਤੀ ਕਰ ਲਿਆ ਜਾਂਦਾ ਹੈ ਅਤੇ ਹਰ ਪੁੱਤਰ ਦਾ ਅਲਾਊਂਸ 1500/- ਰੂਬਲ ਮੁਕੱਰਰ ਕਰ ਦਿੱਤਾ ਜਾਂਦਾ ਹੈ ਤਾਂ ਕਿ ਉਹ ਆਪਣੀ ਪੜ੍ਹਾਈ ਕਰ ਸਕਣ।

ਦਰਬਾਰ ਵਿਚ ਵਾਪਸ ਆਉਣ ਨਾਲ ਨਤਾਸ਼ਾ ਦੀ ਸੁੰਦਰਤਾ ਵਿਚ ਨਵਾਂ ਨਿਖਾਰ ਆ ਜਾਂਦਾ ਹੈ। ਬਾਦਸ਼ਾਹ ਉਸਦੀ ਖ਼ੂਬਸੂਰਤੀ ਨੂੰ ਸਦੀਵੀਂ ਯਾਦਗਾਰ ਬਣਾਉਣ ਲਈ ਉਸਦਾ ਪੋਰਟਰੇਟ ਬਣਾਉਣ ਦਾ ਹੁਕਮ ਦਿੰਦਾ ਹੈ। ਪੋਰਟਰੇਟ ਵਿਚ ਉਸਨੇ ਉਹੀ ਪੁਸ਼ਾਕ ਪਹਿਨ ਲੱਖੀ ਹੈ ਜਿਹੜੀ ਉਸਨੇ ਦਰਬਾਰ ਵਿਚ ਵਾਪਸ ਆ ਕੇ ਪਹਿਲੇ ਨਾਚ ਸਮੇਂ ਪਾਈ ਹੋਈ ਸੀ।

ਪੁਸ਼ਕਿਨ ਦੀ ਮੌਤ ਤੋਂ ਸੱਤ ਸਾਲ ਬਾਅਦ ਉਹ ਲਾਈਫ ਗਾਰਡਜ਼ ਦੇ ਮੇਜਰ ਜਨਰਲ ਪੀ. ਪੀ. ਲੈਂਸਕਈ ਨਾਲ ਸ਼ਾਦੀ ਕਰਵਾ ਲੈਂਦੀ ਹੈ। ਨਿਕੋਲਸ ਇਸ ਦੰਪਤੀ ਦੀ ਬਹੁਤ ਪ੍ਰਸ਼ੰਸਾ ਕਰਦਾ ਹੈ। ਇਸ ਤਰ੍ਹਾਂ ਲੈਂਸਕੋਈ ਦੀ ਤਰੱਕੀ ਦਾ ਰਾਹ ਖੁੱਲ ਜਾਂਦਾ ਹੈ। ਬਾਦਸ਼ਾਹ ਅਕਸਰ ਉਨ੍ਹਾਂ ਦੇ ਘਰ ਆਉਂਦਾ ਰਹਿੰਦਾ ਹੈ। ਲੈਂਸਕੋਈ ਨਾਲ ਸ਼ਾਦੀ ਕਰਨ ਪਿੱਛੋਂ ਨਤਾਸ਼ਾ ਤਿੰਨ ਹੋਰ ਬੱਚਿਆਂ ਨੂੰ ਜਨਮ ਦਿੰਦੀ ਹੈ ਅਤੇ ਬਾਦਸ਼ਾਹ ਉਸਦੇ ਪਹਿਲੇ ਬੱਚੇ ਦਾ ਗਾਡ-ਫਾਦਰ ਬਣਦਾ ਹੈ।

ਪੁਸ਼ਕਿਨ ਦੀ ਮੌਤ ਲਈ ਜ਼ਿੰਮੇਵਾਰ ਲੋਕਾਂ ਨੂੰ ਕੋਈ ਸਜ਼ਾ ਨਹੀਂ ਮਿਲਦੀ ਅਤੇ ਨਾ ਹੀ ਉਨ੍ਹਾਂ ਦਾ ਕਿਸੇ ਕਿਸਮ ਦਾ ਕੋਈ ਹੋਰ ਨੁਕਸਾਨ ਹੁੰਦਾ ਹੈ।

**(ਪੁਸ਼ਕਿਨ ਦੀ ਜ਼ਿੰਦਗੀ ਦੇ ਆਧਾਰਿਤ ਲਿਖੇ ਗਏ ਨਾਵਲ 'ਹੁਸਨਪ੍ਰਸਤ' ਦੇ ਦੋ ਆਖਰੀ ਕਾਂਡ)**

**(60-ਬੀ, ਚਰਨ ਬਾਗ, ਪਟਿਆਲਾ)**

## ਹੋਕਾ

- ਬਾਬਾ ਨਜਮੀਂ

ਉੱਠ ਕਬਰ 'ਚੋਂ 'ਵਾਰਿਸ' 'ਬੁੱਲਿਆ'
ਮੀਆਂ ਮੁਹੰਮਦਾ, ਜਾਗ ਫਰੀਦਾ,
ਅੱਪੜ ਬਾਹੂ, ਬਹੁੜ- ਹੁਸੈਨਾ,
ਲਹਿਜਿਆਂ ਦੇ ਫੜ ਹੱਥੀਂ ਟੋਕੇ
ਥਾਓਂ ਥਾਈਂ ਉੱਠ ਖਲੋਤੇ
ਵੱਢਿਓ! ਖੇਡ ਵਿਗਾੜਨ ਲੱਗੇ
ਮੇਲਾ ਫੇਰ ਉਜਾੜਨ ਲੱਗੇ
ਸਦੀਆਂ ਦਾ ਪੰਜਾਬ ਤੁਹਾਡਾ
ਫਿਰ ਇੱਕ ਵਾਰੀ ਵੰਡਣਾ ਚਾਹੁੰਦੇ
ਆਪਣੇ ਘਰ ਨੂੰ ਵੰਡਣਾ ਚਾਹੁੰਦੇ।

ਰੱਖ ਬੰਦੂਕਾਂ ਤੁਹਾਡੇ ਮੋਢੇ
ਆਪਣਾ ਕੱਦ ਵਧਾਉਣਾ ਚਾਹੁੰਦੇ
ਕੱਢ ਤੁਹਾਨੂੰ ਵਿਚ ਸਮੁੰਦਰੋਂ
ਆਪਣਾ ਨਾਂ ਚਮਕਾਉਣਾ ਚਾਹੁੰਦੇ।

ਇਹ ਮੈਂ ਕਿੰਝ ਨਜ਼ਾਰਾ ਵੇਖਾਂ,
ਚੰਨ ਦੇ ਬਦਲੇ ਤਾਰਾ ਵੇਖਾਂ
ਸਾਡਾ ਵਿਰਸਾ ਮੁੱਖ ਤੁਸੀਂ,
ਸਾਡੇ ਸਿਰ ਦੇ ਰੁੱਖ ਤੁਸੀਂ।
ਨਵੇਂ ਮਦਾਰੀ ਆ ਕੇ ਤੱਕੋ
ਜਿਵੇਂ ਡੱਕੇ ਜਾਂਦੇ ਡੱਕੋ।
ਅਜੇ ਤਾਂ ਪਿਛਲੀ ਵੰਡ ਨਹੀਂ ਭੁੱਲੀ,
ਬੂਥੇ ਵੱਜੀ ਚੰਡ ਨਹੀਂ ਭੁੱਲੀ। •



## ਅਲਵਿਦਾ

- ਸਤਿੰਦਰ ਕੌਰ ਰੰਧਾਵਾ

ਮੱਘਰ ਦੀ ਕੋਸੀ-ਕੋਸੀ ਠੰਡ ਸੀ
ਧੁੰਦਲੀ ਧੁੰਦਲੀ ਧੂੜ ਸੀ
ਠਰੀ ਠਰੀ ਹਵਾ ਵਗਦੀ ਸੀ
ਧੁੱਪ ਦਾ ਨਾਮੋ-ਨਿਸ਼ਾਨ ਨਹੀਂ ਸੀ
ਮੇਰੇ ਅਵਚੇਤਨ ਵਿਚ
ਇਹ ਅੱਸੀ ਦੇ ਦਹਾਕੇ ਦਾ ਚਿੱਤਰ
ਉਸ ਵੇਲੇ ਦੀ ਯਾਦ
ਦਵਾਉਂਦਾ ਹੈ
ਜਦੋਂ ਅਸੀਂ ਪੀਲੀਆਂ ਤੇ ਖ਼ਾਕੀ
ਪੱਗਾਂ ਵਾਲਿਆਂ ਦੀ
ਦਹਿਸ਼ਤ ਤੋਂ ਬਚਣ ਲਈ
ਆਪਣੀ ਜਨਮ ਭੂਮੀ ਨੂੰ
ਸਭ ਠੀਕ ਠੀਕ ਹੋਣ 'ਤੇ
ਵਾਪਸ ਪਰਤਣ ਦੀ ਆਸ ਨਾਲ
ਅਲਵਿਦਾ
ਕਹਿ.ਆਏ ਸਾਂ।

## ਕਾਸ਼

ਕਾਸ਼!
ਇਨਸਾਨਾਂ ਨੂੰ ਵੀ
ਪੰਛੀਆਂ
ਵਾਂਗ ਦੇਸ਼ਾਂ, ਸਰਹੱਦਾਂ ਤੇ
ਵਿਦੇਸ਼ਾਂ 'ਚ ਬਿਨਾਂ
ਕਿਸੇ ਪਾਸਪੋਰਟ ਤੇ ਵੀਜ਼ੇ ਤੋਂ
ਉੱਡਣ ਦੀ ਆਜ਼ਾਦੀ ਹੁੰਦੀ। •

(ਪਿੰਡ ਤੇ ਡਾਕ. ਬੱਲ ਕਲਾਂ, ਵਾਇਆ ਮਜੀਠਾ,
ਜ਼ਿਲ੍ਹਾ ਅੰਮ੍ਰਿਤਸਰ -143001)



## ਗ਼ਜ਼ਲ

- ਹਰੀ ਸਿੰਘ 'ਮੋਹੀ'

ਕਦੀ ਤਾਂ ਮਿਲਣ ਦਾ ਅਹਿਸਾਸ ਦੀਵੇ ਬਾਲ ਦਿੰਦਾ ਹੈ।
ਕਦੀ ਦੂਰ ਦਾ ਡਰ ਦੁਮੇਲ ਨੂੰ ਗੰਧਾਲ ਦਿੰਦਾ ਹੈ।

ਕੋਈ ਘੂਰੀ ਕੋਈ ਤਿਊੜੀ ਸੁਕਾ ਦੇਵੇ ਲਹੂ ਮੇਰਾ,
ਕਦੀ ਕੋਈ ਛਣਕਦਾ ਹਾਸਾ ਲਹੂ ਨੂੰ ਚਾਲ ਦਿੰਦਾ ਹੈ।

ਕੋਈ ਤਾਂ ਭੂਤਨਾ ਆਖੇ ਤੇ ਆਖੇ ਕੋਈ ਬੇਤਾਲਾ,
ਕਿਸੇ ਦਾ ਕੁਝ ਵੀ ਕਹਿਣਾ ਮੇਰੇ ਸੁਰ ਨੂੰ ਤਾਲ ਦਿੰਦਾ ਹੈ।

ਹਰ ਇੱਕ ਸੰਸਾਰ ਜਿੱਤਣ ਲਈ ਸਿਕੰਦਰ ਬਣ ਘਰੋਂ ਤੁਰਦਾ,
ਖ਼ੁਦੀ ਦਾ ਮਾਣ ਚੰਗੇ ਚੰਗਿਆਂ ਨੂੰ ਗਾਲ ਦਿੰਦਾ ਹੈ।

ਇਕੱਲਾ ਢਿੱਡ ਲਾ ਕੇ ਹੀ ਨਹੀਂ ਉਹ ਤੋਰਦਾ ਸਭ ਨੂੰ,
ਹਰ ਇੱਕ ਨੂੰ ਤੁਰਨ ਲੱਗਿਆਂ ਹੱਥ ਵੀ ਉਹ ਨਾਲ ਦਿੰਦਾ ਹੈ।

ਕਿਸੇ ਨੂੰ ਮਖ਼ਮਲਾਂ ਅੰਦਰ ਲਪੇਟੀ ਪੀੜ ਦੇ ਦੇਵੇ,
ਕਿਸੇ ਨੂੰ ਰੱਖ ਗੋਦੜੀਆਂ 'ਚ ਮਹਿੰਗੇ ਲਾਲ ਦਿੰਦਾ ਹੈ।

"ਕਦੋਂ ਪ੍ਰਭਾਤ ਆਵੇਗੀ?" ਮੈਂ ਜੁਗਨੂੰ ਨੂੰ ਜਦੋਂ ਪੁੱਛਦਾ,
"ਤੂੰ ਜਿਗਰਾ ਰੱਖ" ਮੈਨੂੰ ਆਖ ਕੇ ਉਹ ਟਾਲ ਦਿੰਦਾ ਹੈ।

ਕਿਸੇ ਈਸਾ ਦੇ ਮੁੱਖ ਉੱਤੇ, ਜਦੋਂ ਮੁਸਕਾਣ ਤੱਕਦਾ ਹੈ,
ਜ਼ਮਾਨਾ ਮੇਚ ਦੀ ਸੂਲੀ ਉਸੇ ਪਲ ਭਾਲ ਦਿੰਦਾ ਹੈ।

ਜਦੋਂ 'ਮੋਹੀ' ਕੋਈ ਰਾਹਾਂ ਦੇ ਵਿਚ ਦਮ ਟੁੱਟ ਰਿਹਾ ਵੇਖੇ,
ਉਹ ਰਾਹੀ ਸਾਥੀਆਂ ਨੂੰ ਮੰਜ਼ਿਲਾਂ ਸੰਭਾਲ ਦਿੰਦਾ ਹੈ।

# ਦੋ ਗ਼ਜ਼ਲਾਂ

- ਤ੍ਰੈਲੋਚਨ ਲੋਚੀ

1.

ਦੱਸ ਕਿੰਝ ਲੁੱਟੀਏ ਬੁੱਲੇ ਸਾਈਆਂ।
ਠੰਡੇ ਪਏ ਨੇ ਚੁੱਲ੍ਹੇ ਸਾਈਆਂ।

ਕਿਹੜੀ ਮਿੱਟੀ ਨਾਲ ਬਣਾਏ,
ਲੋਕ ਨੇ ਤੈਨੂੰ ਭੁੱਲੇ ਸਾਈਆਂ।

ਜਦ ਜੀ ਚਾਹੇ, ਆ ਜਾ, ਬਹਿ ਜਾ,
ਦਿਲ-ਦਰਵਾਜ਼ੇ ਖੁੱਲ੍ਹੇ ਸਾਈਆਂ।

ਰੱਖ ਸ਼ਾਇਰਾਂ 'ਤੇ ਨਜ਼ਰ ਸਵੱਲੀ,
ਇਹ ਮੋਤੀ ਅਣਮੁੱਲੇ ਸਾਈਆਂ।

ਖੁੱਲੇ ਘਰਾਂ ਨੇ ਕੁਝ ਨਹੀਂ ਦੇਣਾ,
ਦਿਲ ਦੇਵੀਂ ਤੂੰ ਖੁੱਲ੍ਹੇ ਸਾਈਆਂ।

ਇਕ ਵੀ ਸਿਰ ਨਾ ਰਿਹਾ ਸਲਾਮਤ,
ਇਹ ਕੀ ਝੱਖੜ ਝੁੱਲੇ ਸਾਈਆਂ।

'ਲੋਚੀ' ਦੀ ਅਰਦਾਸ ਹੈ ਇੱਕੋ,
ਲਹੂ ਕਿਤੇ ਨਾ ਡੁੱਲ੍ਹੇ ਸਾਈਆਂ।

2.

ਫ਼ਰੇਬੀ ਮੌਸਮਾਂ ਦੀ ਚਾਲ ਦੇਖੋ।
ਕੋਈ ਵੀ ਨਾ ਕਿਸੇ ਦੇ ਨਾਲ ਦੇਖੋ।

ਇਹ ਧਰਤੀ ਰਹਿਣ ਦੇ ਕਾਬਲ ਨਾ ਰਹਿਣੀ,
ਮੁਹੱਬਤ ਜੇ ਰਹੀ ਨਾ ਨਾਲ ਦੇਖੋ।

ਇਹ ਦੁਨੀਆਂ ਕਿੱਦਾਂ ਨੱਚੀ ਜਾ ਰਹੀ ਹੈ,
ਨਾ ਕਿਧਰੇ ਲਚਕ, ਨਾ ਸੁਰ-ਤਾਲ ਦੇਖੋ।

ਹੈ ਬਣਿਆ ਕਾਲ ਇਹ ਅੰਨਦਾਤਿਆਂ ਲਈ,
ਜੋ ਬੁਣਿਆਂ ਕਰਜ਼ਿਆਂ ਦਾ ਜਾਲ ਦੇਖੋ।

ਹਨ੍ਹੇਰੀ ਰਾਤ 'ਲੋਚੀ' ਫਿਰ ਕੀ ਹੋਇਆ,
ਮਸ਼ਾਲਾਂ-ਦਰ-ਮਸ਼ਾਲਾਂ ਬਾਲ ਦੇਖੋ।

(20- ਐੱਸ. ਐੱਫ. ਐੱਚ. ਆਈ. ਜੀ.
ਰਾਜਗੁਰੂ ਨਗਰ, ਲੁਧਿਆਣਾ)





# ਜਿਨ੍ਹਾਂ ਦੇ ਨਾਂ ਨਾਲ ਲਾਹੌਰ, ਲਾਹੌਰ ਹੈ

- ਸੋਮ ਆਨੰਦ

ਮੈਂ ਅਨਾਰਕਲੀ ਵਿਚ ਦੀ ਲੰਘ ਰਿਹਾ ਸੀ ਅਤੇ ਖੁਸ਼ੀ ਵਿਚ ਮੇਰੇ ਪੈਰ ਧਰਤੀ ਤੇ ਨਹੀਂ ਲੱਗ ਰਹੇ ਸਨ। ਖੁਸ਼ੀ ਦੀ ਗੱਲ ਇਹ ਸੀ ਕਿਉਂਕਿ ਦਿੱਲੀ ਆਉਣ ਦੇ ਬਾਅਦ ਲਾਹੌਰ ਜਾਣ ਦਾ ਇਹ ਪਹਿਲਾ ਅਵਸਰ ਸੀ। ਪਰ ਭਾਵਾਂ ਦੇ ਇਸ ਤੂਫ਼ਾਨ ਨੂੰ ਖੁਸ਼ੀ ਦਾ ਨਾਂ ਵੀ ਨਹੀਂ ਦਿੱਤਾ ਜਾ ਸਕਦਾ। ਇਹ ਸਹੀ ਹੈ ਕਿ ਦਿਲ ਵਿਚ ਇਸ ਸਮੇਂ ਸੋਮੇ ਜਿਹੇ ਫੁੱਟ ਰਹੇ ਹਨ। ਪਰ ਮੈਂ ਕੁਝ ਉਦਾਸ ਵੀ ਹਾਂ। ਕੁਝ ਅਜਿਹੀ ਦਸ਼ਾ ਸੀ। ਜਿਸਨੂੰ ਸ਼ਬਦਾਂ ਵਿਚ ਨਹੀਂ ਦੱਸਿਆ ਜਾ ਸਕਦਾ। ਅਜਿਹੀ ਹਾਲਤ ਵਿਚੋਂ ਉਹੀ ਲੋਕ ਲੰਘੇ ਹਨ ਜੋ ਵੰਡ ਤੋਂ ਬਾਅਦ ਆਪਣੇ ਦੇਸ਼ ਵਾਪਸ ਗਏ। ਹਾਲਾਂਕਿ ਆਪਣੇ ਸ਼ਹਿਰ 'ਚੋਂ ਨਿਕਲੇ ਸਾਨੂੰ ਮੁਸ਼ਕਿਲ ਨਾਲ ਡੇਢ ਦੋ ਸਾਲ ਹੀ ਗੁਜ਼ਰੇ ਸਨ। ਪਰ ਇਉਂ ਅਨੁਭਵ ਹੁੰਦਾ ਸੀ ਜਿਵੇਂ ਮੈਂ ਇੱਕ ਲੰਬੀ ਮੁੱਦਤ ਦੇ ਬਾਅਦ ਇੱਥੇ ਆਇਆ ਹਾਂ। ਜਾਣੀਆਂ-ਪਛਾਣੀਆਂ ਇਮਾਰਤਾਂ, ਦੁਕਾਨਾਂ, ਦੋਸਤਾਂ ਦੇ ਘਰ ਅਤੇ ਦੂਸਰੇ ਸਥਾਨ ਦੇਖ ਕੇ ਇਉਂ ਲੱਗਦਾ ਸੀ ਜਿਵੇਂ ਮੈਂ ਕਿਸੇ ਪਿਛਲੇ ਜਨਮ ਵਿਚ ਇੱਥੇ ਰਿਹਾ ਕਰਦਾ ਸੀ। ਇਸਦੇ ਬਾਵਜੂਦ ਇੱਕ-ਇੱਕ ਥਾਂ ਦੇਖ ਕੇ ਇਸ ਬਾਰੇ ਸਾਰੀਆਂ ਪੁਰਾਣੀਆਂ ਗੱਲਾਂ ਯਾਦ ਆ ਰਹੀਆਂ ਸਨ। ਇਹ ਖੇਡ ਦਾ ਮੈਦਾਨ ਹੈ ਜਿੱਥੇ ਮੈਂ ਇੱਕ ਵਾਰ ਡਿੱਗ ਪਿਆ ਸਾਂ, ਇਹ ਸਾਡੀ ਜਮਾਤ ਦੇ ਕਮਰੇ ਦੀ ਖਿੜਕੀ ਹੈ ਜਿੱਥੇ ਮੈਂ ਹਾਈ ਸਕੂਲ ਵਿਚ ਦਾਖਲ ਹੋਣ ਤੋਂ ਬਾਅਦ ਬੈਠਿਆ ਕਰਦਾ ਸਾਂ, ਇਹ ਉਹ ਰੁੱਖ ਹੈ ਜਿਸ ਦੇ ਥੱਲੇ ਮੈਂ ਤੇ ਬੀਰਿੰਦਰ ਸਕੂਲੋਂ ਨਿਕਲਣ ਤੋਂ ਬਾਅਦ ਗੱਪ ਸ਼ੱਪ ਲਈ ਆਇਆ ਕਰਦੇ ਸਾਂ। ਗੱਲ ਕਾਹਦੀ ਕਿ ਦਿਮਾਗ ਵਿਚ ਇਕ ਫਿਲਮ ਚੱਲ ਰਹੀ ਸੀ ਅਤੇ ਇਕ ਦੇ ਬਾਅਦ ਇਕ ਦ੍ਰਿਸ਼ ਅੱਖਾਂ ਦੇ ਸਾਹਮਣੇ ਆ ਰਿਹਾ ਸੀ। ਜੇ ਕਿਸੇ ਸਥਾਨ ਤੇ ਕੁਝ ਖੁਸ਼ੀ ਦੇ ਪਲ ਲੰਘਾਏ ਸਨ ਤਾਂ ਉਥੇ ਪਹੁੰਚ ਕੇ ਇਕ ਖੁਸ਼ੀ ਮਹਿਸੂਸ ਹੋ ਰਹੀ ਸੀ ਅਤੇ ਜੇ ਕਿਸੇ ਥਾਂ ਨਾਲ ਤਲਖ ਯਾਦ ਜੁੜੀ ਹੋਈ ਸੀ ਤਾਂ ਉਥੋਂ ਤੇਜ਼-ਤੇਜ਼ ਕਦਮ ਚੁੱਕਦੇ ਹੋਏ ਲੰਘ ਜਾਂਦਾ ਸੀ। ਵੰਡ ਤੋਂ ਬਾਅਦ ਹਾਲਾਂਕਿ ਮੈਂ ਕਈ ਵਾਰ ਲਾਹੌਰ ਗਿਆ ਪਰ ਇਨ੍ਹਾਂ ਥਾਵਾਂ ਨੂੰ ਦੇਖ ਕੇ ਹਰ ਵਾਰ ਮੈਨੂੰ ਉਹ ਸਾਰੀਆਂ ਘਟਨਾਵਾਂ ਚੇਤੇ ਆ ਜਾਂਦੀਆਂ ਜੋ ਇਨ੍ਹਾਂ ਦੇ ਨਾਲ ਜੁੜੀਆਂ ਹੋਈਆਂ ਸਨ। ਇਸ ਦੇ ਨਾਲ ਹੀ ਮੈਨੂੰ ਇਸ ਗੱਲ ਤੇ ਅਚੰਭਾ ਹੁੰਦਾ ਕਿ ਮੈਂ ਫਿਰ ਇਥੇ ਕਿਵੇਂ ਪਹੁੰਚ ਗਿਆ। ਪਰ ਮੇਰਾ ਲਾਹੌਰ ਜਾਣਾ ਕੋਈ ਅਣਹੋਣੀ ਗੱਲ ਨਹੀਂ ਸੀ। ਬਹੁਤ ਸਾਰੇ ਲੋਕ ਵੰਡ ਤੋਂ ਬਾਅਦ ਆਪਣਾ ਵਤਨ ਦੇਖਣ ਗਏ। ਮੇਰੇ ਜਾਣ ਵਿਚ ਇਕ ਵਿਸ਼ੇਸ਼ ਗੱਲ ਸੀ ਕਿ ਮੈਂ ਕਈ ਵਾਰ ਗਿਆ ਅਤੇ ਕਈ-ਕਈ ਮਹੀਨੇ ਉੱਥੇ ਰਿਹਾ। ਮੈਨੂੰ ਇਹ ਅਵਸਰ ਇਸ ਲਈ ਮਿਲਦਾ ਰਿਹਾ ਕਿਉਂਕਿ ਪਿਤਾ ਜੀ ਫਿਰ ਲਾਹੌਰ ਚਲੇ ਗਏ ਸਨ। ਦਿੱਲੀ ਆਉਣ ਦੇ ਕੁਝ ਅਰਸੇ ਬਾਅਦ ਜਦ ਦੰਗਿਆਂ ਦੀ ਅੱਗ ਪੂਰਨ ਤੌਰ ਤੇ ਠੰਢੀ ਹੋ ਗਈ ਅਤੇ ਅਜਿਹਾ ਮਾਲੂਮ ਹੁੰਦਾ ਸੀ ਕਿ ਹਾਲਾਤ ਚੰਗੀ ਤਰ੍ਹਾਂ ਆਮ ਦੀ ਤਰ੍ਹਾਂ ਹੋ ਗਏ ਹਨ ਤਾਂ ਉਹ ਬੈਂਕ ਦੇ ਮਾਮਲੇ ਸੁਲਝਾਉਣ ਲਈ ਦੋ-ਚਾਰ ਵਾਰ ਲਾਹੌਰ ਗਏ। ਫਿਰ ਹਫੀਜ਼ ਸਾਹਿਬ ਨੇ ਜਿਨ੍ਹਾਂ ਨੂੰ ਉਹ ਸਭ ਕੁਝ ਸੌਂਪ ਆਏ ਸਨ, ਇਹ ਮਸ਼ਵਰਾ ਦਿੱਤਾ ਕਿ ਜਦ ਤੱਕ ਕੰਮ ਖ਼ਤਮ ਨਹੀਂ ਹੋ ਜਾਂਦਾ ਆਪ ਇਥੇ ਹੀ ਰਹੋ, ਬਾਰ-ਬਾਰ ਆਉਣ ਜਾਣ ਦਾ ਕੀ ਲਾਭ? ਇਹ ਰਾਏ ਉਹਨਾਂ ਨੂੰ ਪਸੰਦ ਆਈ। ਇਸਦਾ ਇੱਕ ਕਾਰਨ ਇਹ ਵੀ ਸੀ ਕਿ ਅਜੀਜ਼ ਬਖਸ਼ ਦੇ ਪਰਿਵਾਰ ਦੇ ਕਾਰਨ ਉਹ ਆਪਣੀ ਕੋਠੀ ਵਿਚ ਉਸੇ ਤਰ੍ਹਾਂ ਰਹਿ ਸਕਦੇ ਸਨ ਜਿਵੇਂ ਪਹਿਲਾਂ ਰਿਹਾ ਕਰਦੇ ਸਨ ਅਤੇ ਉਹ ਕੋਠੀ ਕਿਸੇ ਦੂਜੇ ਪਨਾਹਗੀਰ ਨੂੰ ਅਲਾਟ ਨਹੀਂ ਕੀਤੀ ਗਈ ਸੀ। ਉਨ੍ਹਾਂ ਦਿਨਾਂ ਵਿਚ ਬਹੁਤ ਸਾਰੇ ਹਿੰਦੁਸਤਾਨੀ ਬੈਂਕਾਂ ਦੇ ਗ਼ੈਰ ਮੁਸਲਿਮ ਕਰਮਚਾਰੀਆਂ ਦੇ ਇਕ-ਇਕ ਦੋ-ਦੋ ਲੋਕ ਲਾਹੌਰ ਵਿਚ ਰਹਿੰਦੇ ਸਨ। ਪਰ ਇਕ ਦੋ ਸਾਲ ਬਾਅਦ ਜਦ ਪਿਤਾ ਜੀ ਦਾ ਕੰਮ ਸਮਾਪਤ ਹੋ ਗਿਆ ਤਾਂ ਉਹ ਫਿਰ ਲਾਹੌਰ

ਤੋਂ ਨਹੀਂ ਆਏ। ਹੁਣ ਉਹ ਉਮਰ ਦੇ ਉਸ ਹਿੱਸੇ ਵਿਚ ਪਹੁੰਚ ਗਏ ਸਨ ਜਿੱਥੇ ਇਕ ਥਾਂ ਤੋਂ ਉੱਖੜ ਕੇ ਦੂਸਰੀ ਥਾਂ ਵੱਸਣਾ ਬਹੁਤ ਕਠਿਨ ਹੁੰਦਾ ਹੈ ਅਤੇ ਤਕਲੀਫ ਦਾ ਕਾਰਨ ਬਣਦਾ ਹੈ। ਇਹ ਸਹੀ ਹੈ ਕਿ ਲਾਹੌਰ ਹੁਣ ਉਹ ਲਾਹੌਰ ਨਹੀਂ ਰਿਹਾ ਸੀ ਅਤੇ ਉਹ ਵਾਤਾਵਰਨ ਨਹੀਂ ਰਿਹਾ ਸੀ ਅਤੇ ਆਪਣੇਪਨ ਦਾ ਉਹ ਅਹਿਸਾਸ ਵੀ ਨਹੀਂ ਸੀ ਜਿਸਦੇ ਅਸੀਂ ਆਦੀ ਸਾਂ। ਪਰ ਇਹ ਚੀਜ਼ਾਂ ਤਾਂ ਕਿਤੇ ਵੀ ਨਹੀਂ ਸਨ। ਇਥੋਂ ਤੱਕ ਕਿ ਦਿੱਲੀ ਵਿਚ ਵੀ ਓਪਰੇਪਨ ਦਾ ਅਹਿਸਾਸ ਹੁੰਦਾ ਸੀ ਜਿੱਥੇ ਬਹੁਤ ਸਾਰੇ ਜਾਣੇ-ਪਛਾਣੇ ਚਿਹਰੇ ਮਿਲ ਜਾਂਦੇ ਸਨ। ਅਸਲ ਵਿਚ ਜ਼ਿੰਦਗੀ ਖੇਰੂੰ-ਖੇਰੂੰ ਹੋ ਚੁੱਕੀ ਸੀ ਅਤੇ ਹਰ ਥਾਂ ਇੱਕ ਵਿਸ਼ਵਾਸ ਰਹਿਤ ਜਿਹੀ ਹਾਲਤ ਸੀ। ਇਸ ਲਈ ਉਹ ਜਦ ਵੀ ਆਉਂਦੇ ਅਤੇ ਮਕਾਨ ਪ੍ਰਾਪਤ ਕਰਨ ਦੇ ਮਸਲੇ ਅਤੇ ਦੂਸਰੀਆਂ ਕਠਿਨਾਈਆਂ ਨੂੰ ਦੇਖਦੇ ਤਾਂ ਘਰ ਵਾਲਿਆਂ ਨੂੰ ਕਹਿੰਦੇ, "ਭਾਈ, ਮੈਨੂੰ ਉਸੇ ਹੀ ਆਰਾਮ ਨਾਲ ਬੈਠੇ ਰਹਿਣ ਦਿਓ।" ਉਹ ਅੰਤਲੇ ਸਮੇਂ ਤੱਕ ਉਥੇ ਹੀ ਜਮੇ ਰਹੇ ਅਤੇ ਉਸੇ ਥਾਂ ਉਨ੍ਹਾਂ ਨੇ ਮਿੱਤਰਾਂ ਪਿਆਰਿਆਂ ਦਾ ਇਕ ਨਵਾਂ ਹਲਕਾ ਵੀ ਬਣਾ ਲਿਆ। ਪਿਤਾ ਜੀ ਨੂੰ ਮਿਲਣ ਮੈਂ ਹਰ ਸਾਲ ਗਰਮੀਆਂ ਦੀਆਂ ਛੁੱਟੀਆਂ ਵਿਚ ਲਾਹੌਰ ਜਾਂਦਾ ਤੇ ਇੰਜ਼ ਉਸ ਸ਼ਹਿਰ ਨਾਲ ਮੇਰਾ ਵੀ ਸੰਬੰਧ ਬਣਿਆ ਰਿਹਾ।

ਵੰਡ ਦੇ ਬਾਅਦ ਤਿੰਨ-ਚਾਰ ਸਾਲ ਤੱਕ ਲਾਹੌਰ ਵਿਚ ਹਰ ਪਾਸੇ ਉਦਾਸੀ ਦਾ ਵਾਤਾਵਰਨ ਸੀ ਪਰ ਇਹ ਉਦਾਸੀ ਪੱਛਮੀ ਅਤੇ ਪੂਰਬੀ ਪੰਜਾਬ ਦੇ ਲਗਭਗ ਸਾਰੇ ਸ਼ਹਿਰਾਂ ਵਿਚ ਸੀ। ਲਾਹੌਰ ਵਿਚ ਇੱਕ ਵਿਸ਼ੇਸ਼ ਗੱਲ ਇਹ ਸੀ ਕਿ ਉਥੋਂ ਦੇ ਖਾਂਦੇ-ਪੀਂਦੇ ਗੁਜ਼ਾਰੇ ਵਾਲੇ ਲੋਕਾਂ ਦੀ ਇਕ ਸ਼੍ਰੇਣੀ ਚਲੀ ਗਈ ਸੀ ਅਤੇ ਉਸਦੀ ਥਾਂ ਜੋ ਖਸਤਾ ਹਾਲਤ ਦੇ ਲੋਕ ਆਏ ਸਨ, ਉਨ੍ਹਾਂ ਨਾਲ ਇਹ ਘਾਟ ਪੂਰੀ ਨਹੀਂ ਹੋਈ ਸੀ। ਉਨੀਂ ਦਿਨੀਂ ਮਾਲ ਰੋਡ ਤੇ ਸ਼ਾਮ ਤੋਂ ਹੀ ਉਜਾੜ ਦਿਖਾਈ ਦਿੰਦੀ ਸੀ। ਵੱਡੇ-ਵੱਡੇ ਕਲੱਬ ਅਤੇ ਰੈਸਟੋਰੈਂਟ ਵੀ ਖਾਲੀ ਖਾਲੀ ਨਜ਼ਰ ਆਉਂਦੇ ਸਨ। ਇਸ ਵਾਤਾਵਰਨ ਵਿਚ ਬਹੁਤ ਸਾਰੇ ਅਜਿਹੇ ਲੋਕ ਵੀ ਜੋ ਚਾਹੁੰਦੇ ਸਨ ਕਿ ਹਿੰਦੂ ਅਤੇ ਸਿੱਖ ਇਥੋਂ ਚਲੇ ਜਾਣ ਤੇ ਮਹਿਸੂਸ ਕਰਨ ਲੱਗ ਪਏ ਸਨ ਕਿ ਸ਼ਹਿਰ ਦੀ ਜ਼ਿੰਦਗੀ ਵਿਚ ਇਕ ਖ਼ਲਾਅ ਪੈਦਾ ਹੋ ਗਿਆ ਹੈ। ਸਾਡੇ ਇਕ ਗਵਾਂਢੀ ਰਾਜਾ ਫਾਰੂਕ ਅਲੀ ਖਾਂ ਉਨੀਂ ਦਿਨੀਂ ਅਕਸਰ ਕਿਹਾ ਕਰਦੇ ਸਨ ਕਿ ਪਹਿਲਾਂ ਲਾਹੌਰ ਵਿਚ ਸਭ ਕੁਝ ਨਜ਼ਰ ਆਉਂਦਾ ਸੀ, ਕਿਸਮ-ਕਿਸਮ ਦੀਆਂ ਪੱਗਾਂ, ਤਰ੍ਹਾਂ-ਤਰ੍ਹਾਂ ਦੀਆਂ ਦਾੜ੍ਹੀਆਂ, ਟੋਪੀਆਂ, ਸਾੜ੍ਹੀਆਂ, ਧੋਤੀਆਂ, ਹੁਣ ਸਿਰਫ਼ ਬੁਰਕੇ ਤੇ ਜਿਨਾਹ ਕੈਪ ਹੀ ਦਿਖਾਈ ਦਿੰਦੇ ਹਨ। ਸਭ ਤੋਂ ਵਧੇਰੇ ਦਿਲਚਸਪ ਪ੍ਰਤੀਕਰਮ ਸਾਡੇ ਮੌਲਵੀ ਸਾਹਿਬ ਦੀ ਬੇਗਮ ਦਾ ਸੀ। ਇਕ ਵਾਰ ਮੈਂ ਲਾਹੌਰ ਗਏ ਨੇ ਉਨ੍ਹਾਂ ਨੂੰ ਪੁੱਛਿਆ, "ਸੁਣਾਓ ਕੀ ਹਾਲ ਹੈ?" ਜਵਾਬ ਸੀ, "ਸਵਾਹ ਹਾਲ ਹੈ। ਜਿੱਧਰ ਨਿਕਲ ਜਾਓ ਅਜੀਬ ਜਿਹੇ ਲੋਕ ਦਿਖਾਈ ਦਿੰਦੇ ਹਨ। ਉਨ੍ਹਾਂ ਦੀਆਂ ਬੋਲੀਆਂ ਵੀ ਸਮਝ ਨਹੀਂ ਆਉਂਦੀਆਂ। ਪਹਿਲਾਂ ਬੱਸ ਵਿਚ ਪਤਵੰਤੇ ਲੋਕ ਬੈਠਿਆ ਕਰਦੇ ਸਨ ਅਤੇ ਚਾਹੇ ਕਿੰਨੀ ਭੀੜ ਹੋਵੇ ਪਰ ਇਸਤਰੀ ਨੂੰ ਦੇਖਕੇ ਹਰ ਕੋਈ ਸੀਟ ਖ਼ਾਲੀ ਕਰ ਦਿੰਦਾ ਸੀ ਪਰ ਹੁਣ ਸੀਟ ਛੱਡਣੀ ਤਾਂ ਕਿਤੇ, ਆਰਾਮ ਨਾਲ ਬੈਠਣ ਵੀ ਨਹੀਂ ਦਿੰਦੇ।" ਉਨ੍ਹਾਂ ਦੀਆਂ ਗੱਲਾਂ ਤੋਂ ਸਾਫ ਸਮਝ ਵਿਚ ਆਉਂਦਾ ਸੀ ਕਿ ਜੇ ਉਨ੍ਹਾਂ ਨੂੰ ਪਾਕਿਸਤਾਨ ਨਾਲ ਮੁਹੱਬਤ ਸੀ ਤਾਂ ਮਿਡਲ ਕਲਾਸ ਕਲਚਰ ਵੀ ਘੱਟ ਪਿਆਰਾ ਨਹੀਂ ਸੀ।

ਇਸ ਸਿਲਸਿਲੇ ਵਿਚ ਇਕ ਦਿਲਚਸਪ ਪ੍ਰਭਾਵ ਸਾਡੇ ਸਬਜ਼ੀ ਵਾਲੇ ਦਾ ਸੀ। ਇਹ ਸਬਜ਼ੀ ਵਾਲਾ ਸਵੇਰੇ ਸਵੇਰੇ ਆਪਣੀ ਗੱਡੀ ਲੈ ਕੇ ਮਾਡਲ ਟਾਊਨ ਆ ਜਾਂਦਾ ਅਤੇ ਸੂਰਜ ਨਿਕਲਣ ਤੇ ਹਰ ਮੁਹੱਲੇ ਉਸਦੀ ਆਵਾਜ਼ ਗੂੰਜਿਆ ਕਰਦੀ। ਵੰਡ ਤੋਂ ਬਾਅਦ ਜਦ ਮੈਂ ਪਹਿਲੀ ਵਾਰ ਉਸਦੀ ਆਵਾਜ਼ ਸੁਣੀ ਤਾਂ ਮਹਿਸੂਸ ਹੋਇਆ ਕਿ ਸਬਜ਼ੀਆਂ ਦੇ ਭਾਅ ਦੱਸਣ ਦੇ ਨਾਲ-ਨਾਲ ਇਹ ਕੁਝ ਹੋਰ ਵੀ ਕਹਿ ਰਿਹਾ ਹੈ। ਮੈਂ ਨੌਕਰ ਤੋਂ ਪੁੱਛਿਆ, ਇਹ ਕੀ ਕਹਿ ਰਿਹਾ ਹੈ। ਉਹ ਮੁਸਕਰਾ ਕੇ ਬੋਲਿਆ, "ਜੀ ਇਹ



ਬੜਾ ਹਰਾਮੀ ਹੈ, ਕਹਿ ਰਿਹਾ ਹੈ, ਚਲੇ ਗਏ ਹੀਰੇ, ਆ ਗਏ ਖੀਰੇ।" ਗੱਲ ਇਹ ਸੀ ਕਿ ਮਾਡਲ ਟਾਊਨ ਦੇ ਪੁਰਾਣੇ ਰਹਿਣ ਵਾਲੇ ਚਲੇ ਗਏ ਤੇ ਉਸਦੀ ਸਬਜ਼ੀ ਦੀ ਵਿੱਕਰੀ ਵੀ ਘੱਟ ਹੋ ਗਈ। ਇੱਕ ਤਾਂ ਉਹ ਪਨਾਹਗੀਰ ਜੋ ਉਥੇ ਆ ਵੱਸੇ ਸਨ, ਉਨ੍ਹਾਂ ਦੀ ਹਾਲਤ ਵੈਸੇ ਹੀ ਖ਼ਰਾਬ ਸੀ। ਦੂਸਰੇ ਹਿੰਦੂ ਦੇ ਮੁਕਾਬਲੇ ਤੇ ਮੁਸਲਮਾਨ ਸਬਜ਼ੀ ਅਤੇ ਫਲ ਦਾ ਇਨਾ ਸ਼ੌਕੀਨ ਨਹੀਂ ਹੁੰਦਾ। ਜਦ ਗਾਹਕ ਹੀ ਨਾ ਰਹੇ ਤਾਂ ਸਬਜ਼ੀ ਵਾਲਾ ਹੀਰੇ ਅਤੇ ਖੀਰੇ ਦਾ ਕਾਫੀਆ ਮਿਲਾਕੇ ਉਸ ਸੂਰਤ ਹਾਲ ਤੇ ਟਿੱਪਣੀ ਪੇਸ਼ ਕਰਨ ਲੱਗਾ। ਹਾਲਾਂਕਿ ਇਹ ਗੱਲ ਉਹ ਮਜ਼ਾਕ ਵਿਚ ਕਿਹਾ ਕਰਦਾ, ਪਰ ਇਸ ਵਿਚ ਉਸਦਾ ਆਪਣਾ ਦੁੱਖ ਵੀ ਛੁਪਿਆ ਹੁੰਦਾ। ਕੁਝ ਲੋਕ ਇਸ ਸਬਜ਼ੀ ਵਾਲੇ ਤੋਂ ਵਧੇਰੇ ਹਿੰਮਤ ਰੱਖਦੇ ਸਨ। ਲਾਹੌਰ ਦੇ ਪ੍ਰਸਿੱਧ ਪੱਤਰਕਾਰ ਅਤੇ ਲੇਖਕ ਅਬਦੁੱਲਾ ਮਲਿਕ ਨੇ ਉਨੀਂ ਦਿਨੀਂ ਦੈਨਿਕ 'ਇਮਰੋਜ਼' ਵਿਚ ਇਕ ਲੇਖ ਲਿਖਿਆ ਜਿਸਦਾ ਸਿਰਲੇਖ ਸੀ "ਸੱਸੀਏ ਤੇਰੇ ਸ਼ਹਿਰ ਵਿਚ ਉਤਰੇ ਵਿਉਪਾਰੀ।"

ਇਸ ਵਿਚ ਵੀ ਲਾਹੌਰ ਦੀ ਰੰਗਾ ਰੰਗੀ ਅਤੇ ਇਸਦੇ ਖ਼ੂਬਸੂਰਤ ਅਤੇ ਦਿਲ ਨੂੰ ਮੋਹ ਲੈਣ ਵਾਲੇ ਬੀਤੇ ਦਾ ਮਾਤਮ ਕੀਤਾ ਗਿਆ ਹੈ। ਇਸ ਵਿਚ ਗ਼ਾਲਬਨ ਇਕ ਸਖ਼ਤ ਜਿਹੀ ਪੜਚੋਲ ਨਵੇਂ ਪ੍ਰਬੰਧਾਂ ਅਤੇ ਨਵੇਂ ਸਿਸਟਮ 'ਤੇ ਵੀ ਕੀਤੀ ਗਈ ਹੈ। ਸਰਕਾਰੀ ਹਲਕਿਆਂ ਵਿਚ ਅਜਿਹੀ ਲਿਖਤ ਨੂੰ ਚੰਗੀਆਂ ਨਜ਼ਰਾਂ ਨਾਲ ਨਹੀਂ ਦੇਖਿਆ ਜਾ ਸਕਦਾ ਸੀ। ਉਨ੍ਹਾਂ ਲਈ ਤਾਂ ਇਸ ਦੇ ਅਰਥ ਪਾਕਿਸਤਾਨ ਦੀ ਵਿਰੋਧਤਾ ਦੇ ਸਨ। ਇਸ ਲਈ 'ਇਮਰੋਜ਼' ਅਖ਼ਬਾਰ ਨੂੰ ਹਕੂਮਤ ਵਲੋਂ ਵਾਰਨਿੰਗ ਦਿੱਤੀ ਗਈ ਕਿ ਅੱਗੇ ਤੋਂ ਜੇ ਅਜਿਹੀ ਚੀਜ਼ ਪ੍ਰਕਾਸ਼ਿਤ ਕੀਤੀ ਜਾਏਗੀ ਤਾਂ ਅਖ਼ਬਾਰ ਦੇ ਵਿਰੁੱਧ ਸਖ਼ਤ ਕਦਮ ਚੁੱਕਿਆ ਜਾਵੇਗਾ। ਇਹ ਹਾਲਤ ਤਾਂ ਲਾਹੌਰ ਦੇ ਰਹਿਣ ਵਾਲਿਆਂ ਦੀ ਸੀ। ਦੂਸਰੇ ਪਾਸੇ ਜੋ ਲੋਕ ਉਥੇ ਆ ਕੇ ਵੱਸੇ ਸਨ, ਉਨ੍ਹਾਂ ਦੀ ਹਾਲਤ ਇਸ ਤੋਂ ਵੀ ਵਧੇਰੇ ਤਰਸਯੋਗ ਸੀ। ਮਕਾਨ ਅਤੇ ਰੋਜ਼ਗਾਰ ਦੀ ਭਾਲ ਵਿਚ ਇਹ ਵਿਚਾਰੇ ਸ਼ਹਿਰ ਵਿਚ ਮਾਰੇ ਮਾਰੇ ਫਿਰਦੇ। ਹਾਲਾਂਕਿ ਪਨਾਹਗੀਰਾਂ ਨਾਲ ਸਭ ਨੂੰ ਹਮਦਰਦੀ ਸੀ। ਪਰ ਇਕੱਲੀ ਹਮਦਰਦੀ ਨਾਲ ਤਾਂ ਕਿਸੇ ਦਾ ਢਿੱਡ ਨਹੀਂ ਭਰ ਸਕਦਾ। ਇਨ੍ਹਾਂ ਹਾਲਾਤ ਨੇ ਉਨ੍ਹਾਂ ਦੇ ਦਿਲਾਂ ਵਿਚ ਤਲਖੀ ਭਰ ਦਿੱਤੀ ਅਤੇ ਬਹੁਤੇ ਪਨਾਹਗੀਰ ਇਹ ਸਮਝਣ ਲੱਗੇ ਕਿ ਉਨ੍ਹਾਂ ਦੀ ਹਾਲਤ ਮੁਲਕ ਦੀ ਵੰਡ ਦੇ ਕਾਰਨ ਹੀ ਖਰਾਬ ਹੋਈ ਹੈ। ਇਨ੍ਹਾਂ ਦੀ ਦਿਨਾਂ ਵਿਚ ਮੇਰੇ ਇੱਕ ਦੋਸਤ ਨੇ ਇਨ੍ਹਾਂ ਝੁਕਾਵਾਂ ਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਅੱਜ ਕੱਲ ਤਾਂ ਜੇ ਕਿਸੇ ਨੂੰ ਰਾਹ ਚੱਲਦੇ ਹੋਏ ਸੜਕ ਤੇ ਠੋਕਰ ਵੀ ਲੱਗ ਜਾਵੇ ਤਾਂ ਉਹ ਸੜ ਭੁੱਜ ਕੇ ਇਹੀ ਕਹਿੰਦਾ ਹੈ ਇਹ ਹੈ ਪਾਕਿਸਤਾਨ ਬਣਾਉਣ ਦਾ ਨਤੀਜਾ। ਇਸ ਸੂਰਤ ਹਾਲ ਦਾ ਦਿਲਚਸਪ ਪੱਖ ਇਹ ਵੀ ਹੈ ਕਿ ਲਾਹੌਰ ਦੇ ਵੱਸਣ ਵਾਲੇ ਤਾਂ ਜਾਣ ਵਾਲਿਆਂ ਨੂੰ ਯਾਦ ਕਰਦੇ ਸਨ ਅਤੇ ਜੋ ਇਸ ਸ਼ਹਿਰ ਵਿਚ ਆ ਕੇ ਵੱਸੇ ਸਨ ਉਨ੍ਹਾਂ ਨੂੰ ਗ਼ੈਰ ਮੁਸਲਿਮਾਂ ਦੀ ਯਾਦ ਆਉਂਦੀ, ਜਿਨ੍ਹਾਂ ਨੂੰ ਉਹ ਆਪਣੇ ਪਿੱਛੇ ਆਪਣੇ ਵਤਨ ਛੱਡ ਕੇ ਆਏ ਸਨ। ਅਸਲ ਵਿਚ ਸਿਆਸਤਦਾਨਾਂ ਨੇ ਦਿਲਾਂ ਵਿਚ ਜੋ ਘ੍ਰਿਣਾ ਦਾ ਜਜ਼ਬਾ ਉਤਪੰਨ ਕੀਤਾ ਸੀ, ਉਹ ਬਿਲਕੁਲ ਆਰਜ਼ੀ ਅਤੇ ਉਤੋਂ ਉਤੋਂ ਹੀ ਸੀ। ਉਸਦਾ ਤਜ਼ਰਬਾ ਉਸ ਜ਼ਮਾਨੇ ਵਿਚ ਪਿਤਾ ਜੀ ਨੂੰ ਵੀ ਹੋਇਆ। ਇਕ ਵਾਰ ਰਾਸ਼ਨ ਦੀ ਦੁਕਾਨ ਵਾਲੇ ਨੇ ਰਾਸ਼ਨ ਦੇਣ ਤੋਂ ਨਾਂਹ ਕਰ ਦਿੱਤੀ। ਨੌਕਰ ਨੂੰ ਦਿਨ ਵਿਚ ਤਿੰਨ ਵਾਰ ਉਸਦੇ ਕੋਲ ਭੇਜਿਆ ਅਤੇ ਤਿੰਨੇ ਹੀ ਵਾਰ ਉਸਨੇ ਕਿਸੇ ਨਾ ਕਿਸੇ ਬਹਾਨੇ ਨਾਲ ਉਸਨੂੰ ਖਾਲੀ ਹੱਥ ਵਾਪਸ ਮੋੜ ਦਿੱਤਾ। ਆਖ਼ਰੀ ਵਾਰ ਉਸਨੇ ਮਿਹਣਾ ਵੀ ਦਿੱਤਾ ਕਿ "ਸ਼ਰਮ ਕਰੋ ਕਾਫ਼ਰ ਦਾ ਰਾਸ਼ਨ ਲੈਣ ਆਉਂਦੇ ਹੋ।" ਉਸ ਜ਼ਮਾਨੇ ਵਿਚ ਹਰ ਦੁਕਾਨ ਤੋਂ ਖੰਡ ਤੇ ਕਣਕ ਨਹੀਂ ਮਿਲ ਸਕਦੀ ਸੀ, ਇਸ ਲਈ ਮਜਬੂਰ ਹੋ ਕੇ ਪਿਤਾ ਜੀ ਨੂੰ ਰਾਸ਼ਨਿੰਗ ਅਫ਼ਸਰ ਕੋਲ ਸ਼ਿਕਾਇਤ ਲੈ ਕੇ ਗਏ, ਪਰ ਆਸ ਘੱਟ ਹੀ ਸੀ ਕਿ ਉਹ ਕੋਈ ਸਹਾਇਤਾ ਕਰੇਗਾ। ਉਨ੍ਹਾਂ ਨੇ ਉਸ ਕੋਲ ਜਾ ਕੇ ਬਿਲਕੁਲ ਸਿੱਧੇ ਤੇ ਸਾਫ਼ ਸ਼ਬਦਾਂ ਵਿਚ ਕਿਹਾ ਕਿ "ਦੇਖੋ ਮੈ ਇਕ ਹਿੰਦੂ ਹਾਂ, ਮਾਡਲ ਟਾਊਨ ਵਿਚ ਰਹਿੰਦਾ ਹਾਂ ਅਤੇ ਦੁਕਾਨਦਾਰ ਸਾਨੂੰ

ਰਾਸ਼ਨ ਦੇਣ ਤੋਂ ਨਾਂਹ ਕਰਦਾ ਹੈ।" ਰਾਸ਼ਨਿੰਗ ਅਫਸਰ ਪਿਤਾ ਜੀ ਦੀ ਗੱਲ ਸੁਣ ਕੇ ਉੱਛਲ ਪਿਆ ਅਤੇ ਬੋਲਿਆ, "ਤੁਸੀਂ ਹਿੰਦੂ ਹੋ? ਇੰਨੇ ਦਿਨ ਕਿੱਥੇ ਸੀ. ਅਰੇ ਸਾਹਿਬ ਤੁਸੀਂ ਲੋਕ ਤਾਂ ਸਾਨੂੰ ਛੱਡ ਕੇ ਹੀ ਚਲੇ ਗਏ। ਅਸੀਂ ਤਾਂ ਕਿਸੇ ਹਿੰਦੂ ਸਿੱਖ ਦਾ ਮੂੰਹ ਦੇਖਣ ਨੂੰ ਹੀ ਤਰਸਦੇ ਹਾਂ। ਚਲੋ ਮੈਂ ਉਸ ਦੁਕਾਨਦਾਰ ਨੂੰ ਪੁੱਛਦਾ ਹਾਂ।" ਇਹ ਕਹਿਣ ਦੀ ਲੋੜ ਨਹੀਂ ਕਿ ਉਸ ਤੋਂ ਬਾਅਦ ਰਾਸ਼ਨ ਲੈਣ ਵਿਚ ਕੋਈ ਕਠਿਨਾਈ ਨਹੀਂ ਆਈ।

ਉਸ ਜ਼ਮਾਨੇ ਵਿਚ ਲਾਹੌਰ ਦੀਆਂ ਸੜਕਾਂ ਤੇ ਘੁੰਮਦੇ ਸਮੇਂ ਜੇ ਕਿਤੇ ਮੇਰੀ ਮੁਲਾਕਾਤ ਕਿਸੇ ਦੋਸਤ ਜਾਂ ਜਾਣ ਪਛਾਣ ਵਾਲੇ ਨਾਲ ਹੋ ਜਾਂਦੀ ਤਾਂ ਉਹ ਇੰਨੀ ਹੈਰਾਨੀ ਦਾ ਪ੍ਰਗਟਾਵਾ ਕਰਦਾ ਕਿ ਜਿਵੇਂ ਮੈਂ ਅਸਮਾਨ ਤੋਂ ਉਤਰ ਕੇ ਆਇਆ ਹੋਵਾਂ। ਹਰ ਇਕ ਦੀ ਜ਼ੁਬਾਨ ਤੇ ਇਹ ਹੀ ਸਵਾਲ ਹੁੰਦਾ, "ਅਰੇ ਤੂੰ ਇਥੇ ਕਿਵੇਂ?" ਉਹ ਦਿਨ ਹੀ ਅਜਿਹੇ ਸਨ ਕਿ ਕਿਸੇ ਹਿੰਦੂ ਦਾ ਉਥੇ ਹੋਣਾ ਅਤੇ ਫਿਰ ਆਜ਼ਾਦੀ ਨਾਲ ਘੁੰਮਣਾ-ਫਿਰਨਾ ਇਕ ਅਜੀਬ ਗੱਲ ਲੱਗਦੀ ਸੀ। ਇਨ੍ਹਾਂ ਮੁਲਾਕਾਤਾਂ ਵਿਚ ਮੈਨੂੰ ਮਨੁੱਖੀ ਮਨੋਵਿਗਿਆਨ ਦੇ ਕੁਝ ਨਵੇਂ ਪੱਖ ਦੇਖਣ ਦਾ ਵੀ ਅਵਸਰ ਮਿਲਿਆ। ਘਟਨਾ ਇਹ ਹੈ ਕਿ ਮੈਨੂੰ ਦੇਖ ਕੇ ਪੁਰਾਣੇ ਮਿਲਣ ਵਾਲੇ ਕੁਝ ਅਣ-ਕਿਆਸੇ ਭਾਵਾਂ ਦਾ ਪ੍ਰਗਟਾਵਾ ਕਰਦੇ। ਕਈ ਵਾਰ ਅਜਿਹਾ ਹੋਇਆ ਕਿ ਜੋ ਲੋਕ ਦਿਮਾਗੀ ਤੌਰ ਤੇ ਮੇਰੇ ਬਹੁਤ ਨਿਕਟ ਸਨ, ਉਹ ਗੱਲਬਾਤ ਦੌਰਾਨ ਕੁਝ ਰੁਕੇ ਰਹਿੰਦੇ ਜਿਵੇਂ ਦਿਲ ਦੀ ਗੱਲ ਜ਼ੁਬਾਨ ਤੇ ਨਾ ਲਿਆਉਣਾ ਚਾਹੁੰਦੇ ਹੋਣ। ਮੈਨੂੰ ਰਹਿ-ਰਹਿ ਕੇ ਅਹਿਸਾਸ ਹੁੰਦਾ ਕਿ ਹੁਣ ਉਹ ਪਹਿਲ ਵਾਲੀ ਗੱਲ ਨਹੀਂ ਰਹੀ। ਇਸ ਦੇ ਵਿਪਰੀਤ ਜਿਨ੍ਹਾਂ ਦੇ ਨਾਲ ਵਿਚਾਰਾਂ ਅਤੇ ਭਾਵਾਂ ਦੀ ਕੋਈ ਸਾਂਝ ਨਹੀਂ ਸੀ। ਉਨ੍ਹਾਂ ਦੀ ਗਰਮਜੋਸ਼ੀ ਦੇਖ ਕੇ ਮੈਨੂੰ ਅਚੰਭਾ ਹੁੰਦਾ। ਕਾਰਨ ਇਸਦਾ ਇਹ ਸੀ ਕਿ ਵੰਡ ਅਤੇ ਦੰਗਿਆਂ ਨੇ ਲੋਕਾਂ ਦੇ ਦਿਲ ਅਤੇ ਦਿਮਾਗ ਨੂੰ ਜੋ ਝਟਕੇ ਦਿੱਤੇ ਸਨ। ਉਸਦਾ ਅਸਰ ਹਰ ਇਕ ਨੇ ਆਪਣੇ-ਆਪਣੇ ਸੁਭਾਅ ਦੇ ਮੁਤਾਬਿਕ ਕਬੂਲ ਕੀਤਾ। ਅਜਿਹੇ ਇਨਕਲਾਬਾਂ ਵਿਚ ਆਮ ਤੌਰ ਤੇ ਆਦਮੀ ਦੇ ਦਿਲ ਦੇ ਛੁਪੇ ਹੋਏ ਜਜ਼ਬੇ ਜਿਨ੍ਹਾਂ ਤੋਂ ਉਹ ਅਕਸਰ ਆਪ ਵੀ ਅਣਜਾਣ ਹੁੰਦਾ ਹੈ, ਬਾਹਰ ਆ ਜਾਂਦੇ ਹਨ। ਉਦਾਹਰਣ ਦੇ ਤੌਰ ਤੇ ਲਾਹੌਰ ਵਿਚ ਇੱਕ ਜਾਣੂੰ ਪਛਾਣੂੰ ਸੱਜਣ ਸਨ। ਉਹ ਵੰਡ ਤੋਂ ਪਹਿਲਾਂ ਹਮੇਸ਼ਾ ਹਿੰਦੂਆਂ ਦੇ ਜਬਰ ਜ਼ੁਲਮ ਬਾਰੇ ਸ਼ਿਕਾਇਤਾਂ ਕਰਦੇ ਰਹਿੰਦੇ ਸਨ। ਪਰ ਜਦ ਸ਼ਹਿਰ ਵਿਚੋਂ ਹਿੰਦੂ ਚਲੇ ਗਏ ਤਾਂ ਉਨ੍ਹਾਂ ਨੂੰ ਇਹ ਗ਼ਮ ਸਤਾਉਣ ਲੱਗਾ ਕਿ ਹਾਏ ਇਨ੍ਹਾਂ ਮੰਦਿਰਾਂ ਵਿਚ ਹੁਣ ਕੋਈ ਘੰਟੀ ਨਹੀਂ ਵਜਾਉਂਦਾ। ਹਾਏ ਇਹ ਬੁੱਤਾਂ ਦੇ ਪੁਜਾਰੀ, ਕਿਵੇਂ ਹੀ ਰੌਣਕ ਅਤੇ ਰੰਗਾ-ਰੰਗੀ ਸੀ ਲਾਹੌਰ ਵਿਚ ਉਨ੍ਹਾਂ ਦੀ ਹੋਂਦ ਨਾਲ।"

ਕੁਝ ਅਜਿਹੇ ਹੀ ਸਨ ਮੇਰੇ ਸਹਿਪਾਠੀ ਹਬੀਬਉਲ-ਰਹਿਮਾਨ। ਜਦ ਉਹ ਮੇਰੇ ਨਾਲ ਪੜ੍ਹਦੇ ਸਨ ਤਾਂ ਸਾਡੇ ਵਿਚ ਕਦੀਂ ਕਿਸੇ ਗੱਲ ਤੇ ਸਹਿਮਤੀ ਨਹੀਂ ਸੀ ਹੋਈ। ਵਿਚਾਰ-ਵਟਾਂਦਰੇ ਵਿਚ ਕਈ ਵਾਰ ਤਾਂ ਤੂੰ-ਤੂੰ, ਮੈਂ-ਮੈਂ ਦੀ ਨੌਬਤ ਵੀ ਆਈ। ਪਾਕਿਸਤਾਨ ਬਣਨ ਤੋਂ ਬਾਅਦ ਜਦ ਮੈਂ ਇਕ ਵਾਰ ਲਾਹੌਰ ਗਿਆ ਤੇ ਇਕ ਦਿਨ ਉਨ੍ਹਾਂ ਨੂੰ ਬੱਸ ਸਟੈਂਡ ਤੇ ਦੇਖਿਆ ਤਾਂ ਦਿਲ ਵਿਚ ਸੋਚਿਆ ਕਿ ਹੁਣ ਉਹ ਮੈਨੂੰ ਦੇਖ ਕੇ ਜ਼ਰੂਰ ਮੂੰਹ ਫੇਰ ਲੈਣਗੇ। ਪਰ ਹਬੀਬਉਲ-ਰਹਿਮਾਨ ਸਾਹਿਬ ਦੇਖਦੇ ਹੀ ਲਪਕ ਕੇ ਮੇਰੇ ਕੋਲ ਆਏ। ਉਨ੍ਹਾਂ ਦਾ ਉਤਸ਼ਾਹ ਦੇਖਕੇ ਆਪ ਮੈਨੂੰ ਆਪਣੇ ਆਪ ਤੋਂ ਸ਼ਰਮ ਆਉਣ ਲੱਗੀ। ਗੱਲਾਂ ਦੇ ਦੌਰਾਨ ਉਨ੍ਹਾਂ ਦੇ ਇੱਕ-ਇਕ ਸ਼ਬਦ ਤੋਂ ਖੁਸ਼ੀ ਫੁੱਟ-ਫੁੱਟ ਪੈਂਦੀ ਸੀ ਅਤੇ ਇਹ ਜਜ਼ਬਾ ਆਰਜ਼ੀ ਨਹੀਂ ਸੀ। ਸੋਲ੍ਹਾਂ ਸਤਾਰਾਂ ਸਾਲ ਦੇ ਅਰਸੇ ਵਿਚ ਜਦ ਵੀ ਮੈਂ ਉਨ੍ਹਾਂ ਨੂੰ ਮਿਲਿਆ ਉਨ੍ਹਾਂ ਨੂੰ ਓਦਾਂ ਦਾ ਹੀ ਪਾਇਆ। ਇਸ ਲਈ ਹਬੀਬ ਸਾਹਿਬ ਦੀ ਗਿਣਤੀ ਉਨ੍ਹਾਂ ਦੋਸਤਾਂ ਵਿਚ ਹੋਣ ਲੱਗੀ ਜਿਨ੍ਹਾਂ ਦੇ ਨਾਮ ਤੇ ਲਾਹੌਰ, ਲਾਹੌਰ ਹੈ।

**1-322, ਨਰਾਇਣਾ ਵਿਹਾਰ, ਨਵੀਂ ਦਿੱਲੀ 110028**



ਪੁਸਤਕ ਪੜਚੋਲ

# ਕਰਕ ਕਲੇਜੇ ਮਾਹਿ

**(ਤਲਵਿੰਦਰ ਕੌਰ)**

ਤਲਵਿੰਦਰ ਕੌਰ ਖੱਬੇ ਪੱਖੀ ਸੋਚ ਦੀ ਧਾਰਨੀ ਕਵਿੱਤਰੀ ਹੈ। 'ਕਰਕ ਕਲੇਜੇ ਮਾਹਿ' ਦੀ ਕਵਿਤਾ ਤੇ ਗੀਤਕਾਰੀ ਉਸਦੀ ਜੁਝਾਰੂ ਵਿਦਰੋਹੀ ਸੋਚ ਤੇ ਭਾਵਨਾ ਨੂੰ ਪ੍ਰਗਟਾਉਂਦਾ, ਉਸਦਾ ਪਲੇਠਾ ਸੰਗ੍ਰਿਹ ਹੈ। ਨਾਅਰੇ ਤੇ ਪ੍ਰਚਾਰਵਾਦੀ ਦੀ ਸੁਰ ਤੋਂ ਬਹੁਤ ਹੱਦ ਤੱਕ ਅਲੋਪ ਇਹ ਸ਼ਾਇਰੀ/ਗੀਤਕਾਰੀ ਕਵਿੱਤਰੀ ਦੇ ਹਿਰਦੇ 'ਚੋਂ ਪਹਾੜੀ ਝਰਨੇ ਵਾਂਗ ਉਗਮੀ ਮਹਿਸੂਸ ਹੁੰਦੀ ਹੈ।

ਕਵਿੱਤਰੀ ਨੂੰ ਸਭ ਤੋਂ ਵੱਧ ਚਿੰਤਾ ਵਰਤਮਾਨ ਸਮਾਜਿਕ ਰਾਜਨੀਤਿਕ ਵਿਵਸਥਾ ਵਿਚ ਕਿਰਤੀ ਦੀ ਵਰਤਮਾਨ ਹੀਣੀ ਦਸ਼ਾ ਤੇ ਉਸਦੀ ਅਨਿਸ਼ਚਿਤ ਤੇ ਡਾਵਾਂਡੋਲ ਹੋਣੀ ਸੰਬੰਧੀ ਹੈ। ਉਸਨੂੰ ਭਲੀ-ਭਾਂਤ ਪਤਾ ਹੈ ਕਿ ਵਰਤਮਾਨ ਤਥਾਕਥਿਤ ਲੋਕਤੰਤਰੀ ਪ੍ਰਬੰਧ ਲੋਕ-ਵਿਰੋਧੀ ਪ੍ਰਬੰਧ ਹੈ ਤੇ ਇਸ ਵਿਚ ਸਭ ਤੋਂ ਵੱਧ ਨਿੱਗਰ ਹਿੱਸਾ ਪਾਉਣ ਵਾਲਾ ਕਿਰਤੀ ਵਰਗ ਹੈ ਪਰੰਤੂ ਦੁਖਦਾਇਕ ਹਕੀਕਤ ਹੈ ਕਿ ਉਸ ਦੀਆਂ ਜੀਵਨ ਦੀਆਂ ਮੂਲ ਜ਼ਰੂਰਤਾਂ ਵੀ ਪੂਰੀਆਂ ਨਹੀਂ ਹੁੰਦੀਆਂ। ਉਸ ਦਾ ਜੀਵਨ ਥੁੜ੍ਹਾਂ ਨਾਲ ਅੱਟਿਆ ਪਿਆ ਹੈ। ਥੁੜ੍ਹਾਂ ਨੇ ਉਸਦੇ ਸੁਭਾਅ 'ਚ ਤਲਖੀ ਲੈ ਆਂਦੀ ਹੈ। ਉਹ 'ਅਣਕੀਤੇ ਗੁਨਾਹਾਂ ਦਾ ਸਹਿਮ ਹੰਢਾਉਂਦਾ ਹੈ। (ਅਣਹੋਈ ਜੂਨ), ਲੱਤਾਂ ਧੂਹਦੇ ਕੰਮ ਤੋਂ ਆਉਂਦਾ ਹੈ।

ਕਵਿੱਤਰੀ 'ਕਰਕ ਕਲੇਜੇ ਮਾਹਿ' ਦੀ ਸ਼ਾਇਰੀ/ਗੀਤਕਾਰੀ 'ਚ ਕੁਝ ਨਿਜਮਤ ਵੇਰਵੇ, ਲੋਕ ਸੰਘਰਸ਼ਾਂ ਨੂੰ ਸਮਰਪਿਤ ਆਪਣੇ ਪਤੀ ਸੰਬੰਧੀ ਕਲਾਤਮਕ ਪ੍ਰਗਟਾਵਿਆਂ ਸਹਿਤ ਸਾਡੇ ਦ੍ਰਿਸ਼ਟੀਗੋਚਰ ਕਰਦੀ ਹੈ। ਇਸ ਸੰਬੰਧ ਵਿਚ ਉਸਨੇ ਬਿਨਾਂ ਝਿਜਕ ਲੋਕ-ਸੰਘਰਸ਼ਾਂ ਨੂੰ ਸਮਰਪਿਤ ਪਤੀ ਦੀ ਘਰ ਤੋਂ ਗੈਰਹਾਜ਼ਰੀ ਦੇ ਪ੍ਰਥਾਏ ਆਪਣੀ ਤਨਹਾਈ ਨੂੰ ਵੀ ਕਾਫੀ ਭਰਪੂਰ ਕਲਾਤਮਿਕ ਪ੍ਰਗਟਾਵਾ ਦਿੱਤਾ ਹੈ ਪਰ ਇਸ ਸਮੇਂ ਉਹ ਸੰਘਰਸ਼ਾਂ ਦੇ ਜੀਵਨ ਉੱਪਰ ਹੀ ਸਹੀ ਦਾ ਨਿਸ਼ਾਨ ਲਗਾਉਂਦੀ ਹੈ.

ਤੇਰੇ ਲਾਸਾਨੀ ਦਿਲ ਨੂੰ
ਤੇਰੀ ਹਿੰਮਤ, ਤੇਰੀ ਨਿਡਰਤਾ ਨੂੰ
ਤੇਰੀ ਲਗਨ, ਤੇਰੀ ਦ੍ਰਿੜਤਾ ਨੂੰ
ਜ਼ਾਲਮ ਸਾਹਵੇਂ ਤਣੀ
ਚੱਟਾਨੀ ਜੁਰੱਅਤ ਨੂੰ
ਸੱਚ ਦੀ ਪੈੜ ਲੱਭਦੀ
ਘੋਖਵੀਂ ਨਜ਼ਰ ਨੂੰ
ਹਾਕਮਾਂ ਦੇ ਦੰਭ ਨੂੰ, ਲੀਰੋ ਲੀਰ ਕਰਦੀ
ਗਰਜਦੀ ਵੰਗਾਰ ਨੂੰ
ਲੋਕ ਸ਼ਕਤੀ ਵਿਚ ਤੇਰੇ, ਅਸੀਮ ਵਿਸ਼ਵਾਸ ਨੂੰ।

(ਜੀਵਨ ਸਾਥੀ, ਪੰਨਾ 20)

'ਕਰਕ ਕਲੇਜੇ ਮਾਹਿ' ਦੀ ਕਵਿੱਤਰੀ ਰੌਸ਼ਨੀਆਂ ਦੀ ਭਾਲ ਵਿਚ ਹਨੇਰ ਨਗਰੀ ਦਾ ਪਰਦਾ ਉਤਾਰਦੀ ਹੈ। 'ਮਾਂ ਬੋਲੀ ਪੰਜਾਬੀ' ਨੂੰ ਪਿਆਰਦੀ ਹੈ, ਮਾਂ-ਬੋਲੀ ਦਾ ਲੋਕ ਸੱਭਿਆਚਾਰਕ ਅਮੀਰ ਵਿਰਸਾ ਨਿਹਾਰਦੀ ਹੈ। ਕਵਿੱਤਰੀ ਨੂੰ ਧਰਤੀ ਦੀ ਕੁੱਖ ਦੇ ਮੌਲਣ ਤੇ ਇਸ ਉੱਪਰ ਕੋਮਲ ਅੰਗੀ ਫੁੱਲ ਖਿੜਨ ਦੀ ਆਸ ਹੈ ਭਾਵੇਂ ਉਹ ਮੌਜੂਦਾ ਕਰਮਕਾਂਡਵਾਦ ਦੇ ਚੱਕਰਾਂ ਤੋਂ ਬੇਹੱਦ ਉਦਾਸ ਹੈ। ਉਹ ਧਰਤੀ ਦੀ ਰੀਝ ਪ੍ਰਗਟਾਉਂਦੀ ਹੈ ਜਦੋਂ 'ਸੁਬ੍ਹਾ ਹੋਵੇਗੀ, ਸ਼ਬਨਮ ਮੇਰਾ ਮੁੱਖ ਧੋਵੇਗੀ'। ਉਸ ਨੂੰ ਹਾਲੇ ਵੀ ਧੀ-ਜਨਮ ਨੂੰ 'ਪੱਥਰ' ਮੰਨਣ ਵਾਲਿਆਂ 'ਤੇ ਅਫਸੋਸ ਹੈ ਤੇ ਤਿੱਖਾ ਰੋਸ ਹੈ। ਕਵਿੱਤਰੀ ਦੀ 'ਜਿੰਦ' ਜਾਂ ਰੂਹ

ਲੋਕਾਂ ਦੇ ਹਿੱਸੇ ਦਾ ਸੂਰਜ ਚੁਰਾ ਲੈਣ ਵਾਲਿਆਂ ਦੀ ਨਿਸ਼ਾਨਦੇਹੀ ਕਰਦੀ ਹੋਈ (ਨੀ ਜ਼ਿੰਦੇ ਪੰਨੇ 44-45) 'ਜ਼ਿੰਦਗੀ ਦੀ ਖ਼ੈਰ ਸੁੱਖ (ਪੰਨੇ 46-47) ਮੰਗਦੀ ਹੈ। ਉਹ 'ਸੁਪਨਿਆਂ ਦੀ ਮਹਿਕ' ਦੀ ਤਲਾਸ਼ ਵਿਚ ਹੈ ਤੇ ਰੁੱਤ ਪੁੰਗਾਰ ਦੀ ਆਸ ਕਦਾਚਿਤ ਨਹੀਂ ਛੱਡਦੀ। ਉਹ ਸਪੱਸ਼ਟ ਐਲਾਨ ਕਰਦੀ ਹੈ ਕਿ 'ਮੈਂ ਰੁੜੀ ਨਹੀਂ' ਉਸ ਨੂੰ ਮੌਜੂਦਾ ਅਫ਼ਸਰਸ਼ਾਹੀ ਦੀ ਲੋਕ ਵਿਰੋਧੀ ਪਹੁੰਚ ਦ੍ਰਿਸ਼ਟੀ ਦਾ ਝੋਰਾ ਹੈ। (ਧਰਤੀ ਦੇ ਭਗਵਾਨ) ਉਹ ਆਲਸ ਤੇ ਨਫ਼ਰਤ ਨੂੰ ਮਿਟਾ ਕੇ, ਕਾਣੀ ਵੰਡ ਤੇ ਕੁਹਜ ਦੂਰ ਕਰਕੇ ਇਸੇ ਧਰਤੀ 'ਤੇ ਸਵਰਗ ਸਿਰਜਣਾ ਚਾਹੁੰਦੀ ਹੈ। ਕੁੱਲ ਮਿਲਾਕੇ 'ਕਰਕ ਕਲੇਜੇ ਮਾਹਿ' ਤਲਵਿੰਦਰ ਕੌਰ ਦੇ ਸੁਹਿਰਦ ਲੋਕ-ਦਰਦ ਦੀ ਸੰਵੇਦਨਾ ਭਰਪੂਰ ਸਹਿਜ ਕਲਾਤਮਿਕ ਪ੍ਰਗਵਾਟਾ ਹੈ।

- ਸੁਰਿੰਦਰ ਸਿੰਘ ਨਿਮਾਣਾ

## ਚਮਤਕਾਰੀ ਕੈਨੇਡਾ

**(ਖੋਜੀ ਕਾਫਰ)**

ਖੋਜੀ ਕਾਫਰ ਪ੍ਰਵਾਸੀ ਰਚਨਾ ਸੰਸਾਰ ਦਾ ਉੱਘਾ ਨਾਮ ਹੈ। ਉਹ ਨਾਟਕਕਾਰ ਵੀ ਹੈ ਤੇ ਨਾਵਲਕਾਰ ਵੀ। ਉਸਦੀਆਂ ਲਿਖਤਾਂ ਵਿਚ ਵੰਨ-ਸੁਵੰਨਤਾ ਹੈ। ਖੋਜੀ ਕਾਫਰ ਵੀ ਹੈ ਖੋਜੀ ਵੀ। ਹਰ ਨਵੀਂ ਲਿਖਤ ਵਿਚ ਉਹ ਨਵਾਂ ਅਨੁਭਵ ਲੈ ਕੇ ਆਉਂਦਾ ਹੈ। ਉਸਨੂੰ ਕੈਨੇਡਾ ਅਤੇ ਯੂ. ਕੇ. ਦੇ ਪ੍ਰਵਾਸੀ ਜੀਵਨ ਦਾ ਡੂੰਘਾ ਤੇ ਵਿਸ਼ਾਲ ਅਨੁਭਵ ਹੈ। ਹੱਥਲੀ ਰਚਨਾ ਇੱਕ ਵੱਖਰੀ ਭਾਂਤ ਦੀ ਸਾਹਿਤਕ ਕਿਰਤ ਹੈ।

ਆਮ ਲੇਖਕਾਂ ਵਾਂਗ ਉਸਨੇ ਪ੍ਰਵਾਸੀ ਜੀਵਨ ਬਾਰੇ ਸਫ਼ਰਨਾਮਾ ਨਹੀਂ ਲਿਖਿਆ। ਉਥੋਂ ਦੇ ਜੀਵਨ ਬਾਰੇ ਓਪਰਾ-ਓਪਰਾ ਤੇ ਤਰਦਾ-ਤਰਦਾ ਬਿਆਨ ਕਰਨਾ ਉਸਨੂੰ ਪਸੰਦ ਨਹੀਂ। ਉਹ ਪੱਛਮੀ ਜੀਵਨ ਬਾਰੇ ਪੂਰੇ ਭਰੋਸੇ ਨਾਲ ਗੱਲ ਕਰਦਾ ਹੈ ਤੇ ਕੁਝ ਵੀ ਅਣਕਿਹਾ ਨਹੀਂ ਰਹਿਣ ਦਿੰਦਾ। ਜੀਵਨ ਦੇ ਹਰ ਪੱਖ ਨੂੰ ਡੂੰਘੀ ਤਰ੍ਹਾਂ ਘੋਖ ਕੇ ਉਹ ਉਸ ਨੂੰ ਕਲਾਤਮਿਕ ਰੂਪ ਦੇ ਕੇ ਵੱਖਰੇ ਹੀ ਅੰਦਾਜ਼ ਵਿਚ ਪੇਸ਼ ਕਰਦਾ ਹੈ। ਨਾਲ ਦਾ ਨਾਲ ਉਹ ਉਥੋਂ ਦੀ ਜੀਵਨ ਸ਼ੈਲੀ ਦਾ ਟਾਕਰਾ ਪੰਜਾਬ ਦੇ ਅਜੋਕੇ ਜੀਵਨ ਢੰਗ ਨਾਲ ਕਰਦਾ ਹੈ। ਜਿੱਥੇ ਸੰਭਵ ਹੋਵੇ ਉਸ ਨੇ ਪੰਜਾਬੀ ਜੀਵਨ ਦੀਆਂ ਅਖ਼ਬਾਰੀ ਤਸਵੀਰਾਂ ਵੀ ਦਿੱਤੀਆਂ ਹਨ। ਇੰਝ ਪੂਰਬੀ ਤੇ ਪੱਛਮੀ ਜੀਵਨ ਦਾ ਤੁਲਨਾਤਮਿਕ ਅਧਿਐਨ ਬੜੇ ਖ਼ੂਬਸੂਰਤ ਅੰਦਾਜ਼ ਵਿਚ ਪੇਸ਼ ਹੋਇਆ ਹੈ। ਉਸਦੀ ਵਾਰਤਕ-ਸ਼ੈਲੀ ਵਿਚ ਚੰਗੀ ਵਾਰਤਕ ਵਾਲੀਆਂ ਸਾਰੀਆਂ ਹੀ ਵਿਸ਼ੇਸ਼ਤਾਈਆਂ ਹਨ।

"ਚਮਤਕਾਰੀ ਕੈਨੇਡਾ" ਲਿਖ ਕੇ ਖੋਜੀ ਨੇ ਸੱਚਮੁੱਚ ਹੀ ਚਮਤਕਾਰ ਕਰ ਦਿੱਤਾ ਹੈ। ਇਹ ਪੁਸਤਕ ਦੇਰ ਤੀਕ ਪਾਠਕਾਂ ਦੀ ਸੋਝੀ ਦਾ ਅੰਗ ਬਣੇ ਰਹਿਣ ਦੇ ਕਾਬਿਲ ਹੈ। ਖੋਜੀ ਨੇ ਆਪਣੇ ਸਮੁੱਚੇ ਜੀਵਨ ਵਿਚੋਂ ਪ੍ਰਾਪਤ ਕੀਤੇ ਪ੍ਰਵਾਸੀ ਅਨੁਭਵ ਨੂੰ ਇੱਕ ਵੱਖਰੀ ਤੇ ਨਰੋਈ, ਸਾਹਿਤਕ-ਸ਼ੈਲੀ ਵਿਚ ਪੇਸ਼ ਕਰਕੇ ਇੱਕ ਸਾਹਿਤਕ ਦਸਤਾਵੇਜ਼ ਦਾ ਰੂਪ ਦੇ ਦਿੱਤਾ ਹੈ।

ਮੈਂ ਪਾਠਕਾਂ ਨੂੰ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜੇ ਉਹਨਾਂ ਨੇ ਕੈਨੇਡਾ ਦੇ ਜੀਵਨ ਬਾਰੇ ਪ੍ਰਮਾਣਿਕ ਜਾਣਕਾਰੀ ਪ੍ਰਾਪਤ ਕਰਨੀ ਹੈ ਤਾਂ ਉਹ "ਚਮਤਕਾਰੀ ਕੈਨੇਡਾ" ਅਵੱਸ਼ ਪੜ੍ਹਨ। ਉਹਨਾਂ ਦੇ ਸਾਰੇ ਹੀ ਸਵਾਲਾਂ ਤੇ ਕਿੰਤੂਆਂ ਦੇ ਉੱਤਰ ਮਿਲ ਜਾਣਗੇ। ਖੋਜੀ ਪੂਰੀ ਦਾਆਵੇ ਨਾਲ ਗੱਲ ਕਰਦਾ ਹੈ ਤੇ ਬੜੀ ਠੋਕ ਵਜਾ ਕੇ ਕਰਦਾ ਹੈ। ਅਜਿਹਾ ਆਤਮ-ਵਿਸ਼ਵਾਸ ਹਰ ਕਿਸੇ ਨੂੰ ਐਵੇਂ ਹੀ ਪ੍ਰਾਪਤ ਨਹੀਂ ਹੋ ਜਾਂਦਾ। ਉਮਰਾਂ ਲੱਗਦੀਆਂ ਹਨ ਕਿਸੇ ਸ਼ਾਹਕਾਰ ਦੀ ਸਿਰਜਣਾ ਵਿਚ। ਖੋਜੀ ਵਧਾਈ ਦਾ ਹੱਕਦਾਰ ਹੈ। ਪੁਸਤਕ ਤਸਵੀਰਾਂ ਸਮੇਤ ਛਾਪੀ ਹੈ ਤੇ ਬੜੀ ਸੋਹਣੀ ਛਪੀ ਹੈ। ਸਿੰਘ ਬ੍ਰਦਰਜ਼ ਵੀ ਸ਼ਾਬਾਸ਼ ਦੇ ਹੱਕਦਾਰ ਹਨ।

(ਹ. ਸ.)



## ਹਾਏ ਉਏ ਦੁੱਲਿਆ

**- ਭੋਲਾ ਸਿੰਘ ਸੰਘੇੜਾ**

'ਹਾਏ ਉਏ ਦੁੱਲਿਆ' ਚੌਥੀ ਪੀੜ੍ਹੀ ਦੇ ਪ੍ਰਸਿੱਧ ਕਹਾਣੀਕਾਰ ਭੋਲਾ ਸਿੰਘ ਸੰਘੇੜਾ ਦਾ ਤੀਸਰਾ ਮੌਲਿਕ ਕਹਾਣੀ ਸੰਗ੍ਰਹਿ ਹੈ। ਲੇਖਕ ਪੇਂਡੂ ਸਮਾਜ ਤੇ ਇਸਦੇ ਅਰਥਚਾਰੇ ਬਾਰੇ ਗਹਿਰ ਗੰਭੀਰ ਅਨੁਭਵ ਰੱਖਦਾ ਹੈ। ਪੂੰਜੀਵਾਦੀ ਚੇਤਨਾ ਗ੍ਰਹਿਣ ਕਰ ਚੁੱਕੀ ਪੇਂਡੂ ਸਮਾਜਿਕਤਾ ਜਦੋਂ ਹੁਣ ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਨਵ-ਪੂੰਜੀਵਾਦੀ ਸੋਚ ਵੱਲ ਵੱਧ ਰਹੀ ਹੈ ਤਾਂ ਪੇਂਡੂ ਸਮਾਜਿਕ ਸਦਭਾਵਨਾ ਦੇ ਟੁੱਟਣ ਦਾ ਸਿਲਸਿਲਾ ਵੀ ਹੋਰ ਤੇਜ਼ ਹੋ ਗਿਆ ਹੈ। ਸੰਘੇੜਾ ਦੀਆਂ ਕਹਾਣੀਆਂ ਦੇ ਪਾਤਰ ਇੱਕ ਪਾਸੇ ਪੁਰਾਣੇ ਪੇਂਡੂ ਸੰਸਕਾਰਾਂ ਨਾਲ ਭਾਵੁਕ ਮੋਹ ਰੱਖਦਿਆਂ ਸਮਾਜ ਨੂੰ ਟੁੱਟਣ ਤੋਂ ਬਚਾਉਣ ਦੀ ਇੱਛਾ ਰੱਖਦੇ ਹਨ ਤਾਂ ਦੂਜੇ ਪਾਸੇ ਜੀਵਨ ਦੇ ਨਵੇਂ ਪੂੰਜੀਵਾਦੀ ਮੁੱਲਾਂ ਨਾਲ ਜੁੜਨ ਦੀ ਮਜਬੂਰੀ ਉਨ੍ਹਾਂ ਦੇ ਸਾਹਮਣੇ ਹੈ। ਅਜਿਹੀ ਦੁਬਿਧਾਗ੍ਰਸਤ ਸਥਿਤੀ ਜਦੋਂ ਉਨ੍ਹਾਂ ਦੀ ਮਾਨਸਿਕ ਛਟਪਟਾਹਟ ਵਿਚ ਤਬਦੀਲ ਹੁੰਦੀ ਹੈ ਤਾਂ ਸੰਘੇੜਾ ਇਸਨੂੰ ਸੂਖਮ ਕਲਮੀ ਛੋਹਾਂ ਰਾਹੀਂ ਰੂਪਮਾਨ ਕਰਕੇ ਆਪਣੀਆਂ ਕਹਾਣੀਆਂ ਦਾ ਗਲਪੀ ਬਿਰਤਾਂਤ ਸਿਰਜਦਾ ਹੈ।

ਪੇਂਡੂ ਕਿਸਾਨ ਦੀਆਂ ਆਰਥਿਕ ਜੜ੍ਹਾਂ, ਉਨ੍ਹਾਂ ਦੀ ਜ਼ਮੀਨੀ ਮਾਲਕੀਅਤ ਵਿਚ ਡੂੰਘੀਆਂ ਧੱਸੀਆਂ ਹੁੰਦੀਆਂ ਹਨ, ਪਰ ਅਜੋਕੀ ਸਰਕਾਰ ਦੀਆਂ ਉਦਾਰੀਕਰਨ ਦੀਆਂ ਨੀਤੀਆਂ ਇਨ੍ਹਾਂ ਜੜ੍ਹਾਂ ਨੂੰ ਕੱਟਣ ਦਾ ਕਾਰਜ ਕਰ ਰਹੀਆਂ ਹਨ। ਸੰਗ੍ਰਹਿ ਦੀ ਟਾਈਟਲ ਕਹਾਣੀ 'ਹਾਏ ਉਏ ਦੁੱਲਿਆ' ਬਹੁਕੌਮੀ ਕੰਪਨੀਆਂ ਵਲੋਂ ਦੇਸ਼ ਦੀ ਤਰੱਕੀ ਦੇ ਨਾਂ 'ਤੇ ਕਿਸਾਨਾਂ ਦੇ ਕੀਤੇ ਜਾ ਰਹੇ ਉਜਾੜੇ ਬਾਰੇ ਭਾਵਪੂਰਤ ਸੰਵਾਦ ਸਿਰਜਦੀ ਹੈ। ਜਦੋਂ ਕਿਸਾਨ ਜਾਗੀਰ ਸਿੰਘ ਦੀ ਜ਼ਮੀਨ ਨੂੰ ਬਹੁਕੌਮੀ ਕੰਪਨੀ ਵਲੋਂ ਬਿਨਾਂ ਨੋਟਿਸ ਦਿੱਤੇ ਐਕਵਾਇਰ ਕਰ ਲਿਆ ਜਾਂਦਾ ਹੈ ਤਾਂ ਉਸ ਅੰਦਰ ਪੈਦਾ ਹੋਇਆ ਆਪਣੇ ਪਿਤਾ ਪੁਰਖੀ ਭੋਇੰ ਤੋਂ ਟੁੱਟਣ ਦਾ ਹੇਰਵਾ ਉਸਦੀ ਹਾਲਤ ਨੀਮ ਪਾਗਲਾਂ ਵਰਗੀ ਬਣਾ ਦਿੰਦਾ ਹੈ। ਜ਼ਮੀਨ ਦੀ ਭਾਈਵੰਡ ਰੋਕਣ ਲਈ ਸਾਰੀ ਉਮਰ ਲੜਦੇ ਰਹੇ ਉਸਦੇ ਤਾਏ ਦੁੱਲੇ ਦੀ ਸਮਾਧ ਵੀ ਜਦੋਂ ਕੰਪਨੀ ਵਲੋਂ ਰੋਕੀ ਜ਼ਮੀਨ ਦੇ ਹਿੱਸੇ ਵਿਚ ਚਲੀ ਜਾਂਦੀ ਹੈ ਤਾਂ ਉਸ ਅੰਦਰਲਾ ਦਰਦ ਤੇ ਰੋਸ ਆਪਣੀ ਚਰਮ ਸੀਮਾ ਤੇ ਪਹੁੰਚ ਜਾਂਦਾ ਹੈ। ਕੰਪਨੀ ਦੇ ਸਿਪਾਹੀ ਦੀ ਮੱਦਦ ਨਾਲ ਉਹ ਤਾਏ ਦੁੱਲੇ ਦੀ ਸਮਾਧ ਦੀਆਂ ਇੱਟਾਂ ਤਾਂ ਵਾਪਸ ਲੈਣ ਵਿਚ ਸਫ਼ਲ ਹੋ ਜਾਂਦਾ ਹੈ ਪਰ ਇਨ੍ਹਾਂ ਸਮਾਧ ਦੀਆਂ ਇੱਟਾਂ ਸਾਹਮਣੇ ਉਸ ਵਲੋਂ ਜਗਾਇਆ ਦੀਵਾ ਹੁਣ ਚੁਫੇਰੇ ਦੇ ਨ੍ਹੇਰੇ ਨਾਲ ਲੜਨ ਦੇ ਸਮਰੱਥ ਵਿਖਾਈ ਨਹੀਂ ਦਿੰਦਾ। ਇਸ ਤਰ੍ਹਾਂ ਇਹ ਕਹਾਣੀ ਆਉਣ ਵਾਲੇ ਸਮੇਂ ਵਿਚ ਕਿਸਾਨੀ ਸੰਕਟ ਦੇ ਹੋਰ ਡੂੰਘੇ ਹੋਣ ਦੀ ਚਿਤਾਵਨੀ ਵੀ ਦੇ ਜਾਂਦੀ ਹੈ।

ਸੰਗ੍ਰਹਿ ਦੀ ਕਹਾਣੀ "ਪੁਨਰ ਜਨਮ" ਪੇਂਡੂ ਕਿਸਾਨਾਂ ਦੇ ਦਿਹਾੜੀਦਾਰ ਮਜ਼ਦੂਰ ਬਨਣ ਦੀ ਤੇਜ਼ ਹੁੰਦੀ ਜਾ ਰਹੀ ਪ੍ਰਕਿਰਿਆ ਨੂੰ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਦੀ ਹੈ। ਕਹਾਣੀ ਵਿਚਲਾ ਕਿਸਾਨ ਸੁਖਦੇਵ ਸਿੰਘ ਘਰੇਲੂ ਤੰਗੀਆਂ ਤੁਰਸ਼ੀਆਂ ਤੋਂ ਪ੍ਰੇਸ਼ਾਨ ਹੋ ਕੇ ਸ਼ਹਿਰ ਦਿਹਾੜੀ ਕਰਨ ਜਾਂਦਾ ਹੈ ਪਰ ਕਿਸੇ ਅੱਗੇ ਨਾ ਝੁਕਣ ਵਾਲਾ ਉਸਦਾ ਜੱਟ ਕਿਸਾਨੀ ਖਾਸਾ ਹੀ ਉਸਦੇ ਰਾਹ ਦੀ ਰੁਕਾਵਟ ਬਣ ਜਾਂਦਾ ਹੈ। ਕਹਾਣੀ ਦੇ ਵਿਸ਼ਲੇਸ਼ਣੀ ਸਿੱਟੇ ਅਨੁਸਾਰ ਕਿਸੇ ਜੱਟ ਕਿਸਾਨ ਦੇ ਦਿਹਾੜੀਦਾਰ ਮਜ਼ਦੂਰ ਵਿਚ ਤਬਦੀਲ ਹੋਣ ਦੀ ਘਟਨਾ ਉਸ ਲਈ ਪੁਨਰ ਜਨਮ ਦੇ ਅਰਥ ਰੱਖਦੀ ਹੈ।

ਕਹਾਣੀ 'ਕੂਕ' ਨਵੇਂ ਯੁੱਗ ਦੇ ਵਿਅਕਤੀਵਾਦ ਵਲੋਂ ਪੇਂਡੂ ਸਮਾਜਿਕ ਰਿਸ਼ਤਿਆਂ ਨੂੰ ਪਹੁੰਚਾਏ ਜਾ ਰਹੇ ਨੁਕਸਾਨ ਦਾ ਭਾਵਪੂਰਤ ਜਾਇਜ਼ਾ ਪੇਸ਼ ਕਰਦੀ ਹੈ। ਕਹਾਣੀ ਦਾ ਮੁੱਖ ਪਾਤਰ ਸੰਤੋਖ ਸਿੰਘ ਸਿਰੇ ਦੀਆਂ ਤੰਗੀਆਂ ਤੁਰਸ਼ੀਆਂ ਹੰਢਾ ਕੇ ਵੀ ਆਪਣੇ ਪੁੱਤਰ ਨੂੰ ਪਟਵਾਰੀ ਬਣਾਉਣ ਵਿਚ ਸਫਲ ਹੋ

ਜਾਂਦਾ ਹੈ। ਨੌਕਰੀ ਹਾਸਿਲ ਕਰਨ ਤੋਂ ਬਾਅਦ ਕੁਝ ਸਮਾਂ ਤਾਂ ਇਹ ਪੁੱਤਰ ਸਾਂਝੇ ਪਰਿਵਾਰ ਦੀ ਆਰਥਿਕਤਾ ਨੂੰ ਉੱਪਰ ਚੁੱਕਣ ਦਾ ਯਤਨ ਕਰਦਾ ਹੈ ਪਰ ਫਿਰ ਨਵੇਂ ਯੁੱਗ ਦੀ ਹਵਾ ਲੱਗਣ ਤੇ ਉਹ ਮਾਂ-ਬਾਪ ਨਾਲੋਂ ਵੱਖ ਹੋ ਜਾਂਦਾ ਹੈ। ਇਸ ਕਹਾਣੀ ਦੇ ਆਖ਼ਿਰ ਵਿਚ ਪੁੱਤਰ ਨੇ ਘਰ ਆਏ ਅਫ਼ਸਰਾਂ ਦੀਆਂ ਗੱਡੀਆਂ ਵਲੋਂ ਮਿੱਧੀ ਸੰਤੋਖ ਸਿੰਘ ਦੀ ਪੱਗ ਪੂੰਜੀਵਾਦੀ ਦਬਾਵਾਂ ਹੇਠ ਮਿੱਧੇ ਜਾ ਰਹੇ ਸਾਡੇ ਸਮਾਜਿਕ ਰਿਸ਼ਤਿਆਂ ਦੀ ਤਰਜ਼ਮਾਨੀ ਕਰਦੀ ਹੈ।

ਕਹਾਣੀ 'ਦੌੜ' ਮੱਧਵਰਗੀ ਪਰਿਵਾਰਾਂ ਅੰਦਰ ਆਪਣੀ ਆਰਥਿਕਤਾ ਦੀ ਮਜ਼ਬੂਤੀ ਲਈ ਵਿਦੇਸ਼ ਵਿਚ ਜਾ ਕੇ ਵੱਸਣ ਦੀ ਵੱਧ ਰਹੀ ਲਾਲਸਾ 'ਤੇ ਨਜ਼ਰਸਾਨੀ ਕਰਦੀ ਹੈ। ਕਹਾਣੀ ਦਾ ਮੁੱਖ ਪਾਤਰ ਰਣਜੋਧ ਸਿੰਘ ਮੁਲਾਜ਼ਮ ਘੋਲਾਂ ਦਾ ਹੰਢਿਆ ਵਰਤਿਆ ਘੁਲਾਟੀਆ ਹੈ ਪਰ ਆਪਣੀ ਔਲਾਦ ਨੂੰ ਵਿਦੇਸ਼ ਵਿਚ ਸੈੱਟ ਕਰਨ ਦੀ ਇੱਛਾ ਅਧੀਨ ਉਹ ਵੀ ਆਪਣੀ ਜ਼ਮੀਰ ਤੋਂ ਉਲਟ ਫੈਸਲਾ ਲੈਣ ਲਈ ਪ੍ਰੇਰਿਤ ਹੋ ਜਾਂਦਾ ਹੈ। ਉਹ ਆਪਣੀ ਧੀ ਰਣਜੀਤ ਦਾ ਕਾਗਜ਼ੀ ਰਿਸ਼ਤਾ ਅਧਿਆਪਕ ਆਗੂ ਗੁਰਦੇਵ ਸਿੰਘ ਦੇ ਕੈਨੇਡਾ ਰਹਿੰਦੇ ਲੜਕੇ ਨਾਲ ਕਰ ਦਿੰਦਾ ਹੈ ਜਦੋਂ ਕਿ ਤੈਅ ਹੋਏ ਮਾਮਲੇ ਅਨੁਸਾਰ ਉਸਦੀ ਬੇਟੀ ਦਾ ਅਸਲੀ ਵਿਆਹ ਤਿੰਨ ਸਾਲ ਬਾਅਦ ਗੁਰਦੇਵ ਸਿੰਘ ਦੇ ਸਾਲੇ ਦੇ ਮੁੰਡੇ ਨਾਲ ਕੀਤਾ ਜਾਣਾ ਹੈ। ਆਪਣੀ ਧੀ ਦਾ ਫਰਜ਼ੀ ਵਿਆਹ ਕੀਤੇ ਜਾਣ ਦੀ ਗੱਲ ਜੱਗ ਜ਼ਾਹਿਰ ਹੋਣ ਦਾ ਡਰ ਰਣਜੋਧ ਸਿੰਘ ਲਈ ਵੱਡਾ ਮਾਨਸਿਕ ਸੰਤਾਪ ਹੋ ਨਿਬੜਦਾ ਹੈ। ਆਖ਼ਿਰ ਪੁੱਤਰਾਂ ਤੋਂ ਵੀ ਵੱਧ ਕੇ ਆਪਣੇ ਫਰਜ਼ਾਂ ਪ੍ਰਤੀ ਜਾਗਰੂਕ ਇਸ ਧੀ 'ਤੇ ਅਥਾਹ ਵਿਸ਼ਵਾਸ ਹੀ ਉਸਨੂੰ ਦੁਬਿਧਾ ਵਿਚੋਂ ਕੱਢ ਕੇ ਸਹਿਜ ਸਥਿਤੀ ਵਿਚ ਲਿਆਉਂਦਾ ਹੈ। ਇਸ ਤਰ੍ਹਾਂ ਇਹ ਕਹਾਣੀ ਔਰਤ ਅੰਦਰ ਛੁਪੀ ਸਿਰਜਣਾਤਮਿਕ ਸ਼ਕਤੀ ਨੂੰ ਵੀ ਆਪਣੇ ਵਲੋਂ ਪੂਰਾ ਸਨਮਾਨ ਦੇ ਜਾਂਦੀ ਹੈ।

ਨਾਰੀ ਸ਼ਕਤੀ ਨੂੰ ਹੀ ਸਮਰਪਿਤ ਕਹਾਣੀ 'ਮਾਰੂਥਲ' ਇਸ ਸੰਗ੍ਰਹਿ ਦੀ ਸਭ ਤੋਂ ਵੱਧ ਤਾਕਤਵਰ ਕਹਾਣੀ ਹੈ। 'ਪੁੱਤਰ ਪ੍ਰਾਪਤੀ' ਰਾਹੀਂ ਆਪਣੀਆਂ ਜੜ੍ਹਾਂ ਜੱਗ ਵਿਚ ਲਾਉਣ ਦੀ ਸਮਾਜਿਕ ਮਿੱਥ ਦੁਆਲੇ ਘੁੰਮਦੀ ਇਹ ਕਹਾਣੀ ਪੇਂਡੂ ਸਮਾਜ ਦੀਆਂ ਕਈ ਹੋਰ ਗੈਰ-ਵਿਵਹਾਰਕ ਤੇ ਗੈਰ-ਸਮਾਜਿਕ ਸਥਾਪਨਾਵਾਂ ਨੂੰ ਵੀ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਦੀ ਹੈ। ਇਸ ਬਹੁ-ਪਰਤੀ ਕਹਾਣੀ ਦਾ ਮੁੱਖ ਪਾਤਰ ਕਰਤਾਰ ਸਿੰਘ ਆਪਣੀ ਜਾਇਦਾਦ ਦੇ ਵਾਰਿਸ ਦੀ ਪ੍ਰਾਪਤੀ ਲਈ ਦੋ ਵਿਆਹ ਕਰਾਉਂਦਾ ਹੈ। ਪਹਿਲੀ ਪਤਨੀ ਸੀਤੋ ਵਾਂਗ ਉਸਦੀ ਦੂਜੀ ਪਤਨੀ ਕਰਮਜੀਤ ਦਾ ਸਮਾਜਿਕ ਰੁਤਬਾ ਤੇ ਸਤਿਕਾਰ ਵੀ ਇਸ ਗੱਲ 'ਤੇ ਨਿਰਭਰ ਹੈ ਕਿ ਉਸਦੀ ਕੁੱਖ ਦੀ ਜਰਖੇਜ਼ ਜ਼ਮੀਨ ਵਿਚੋਂ ਪੁੱਤਰ ਰੂਪੀ ਬੂਟਾ ਪੈਦਾ ਹੋ ਸਕਦਾ ਹੈ ਜਾਂ ਨਹੀਂ। ਜਦੋਂ ਉਹ ਇੱਕ ਤੋਂ ਬਾਅਦ ਦੂਜੀ ਕੁੜੀ ਨੂੰ ਜਨਮ ਦਿੰਦੀ ਹੈ ਤਾਂ ਘਰ ਵਿਚ ਉਸਦਾ ਦਰਜ਼ਾ ਬੰਜਰ ਭੋਇੰ ਜਿਹਾ ਬਣ ਜਾਂਦਾ ਹੈ, ਜਦੋਂ ਕਿ ਸੀਤੋ ਇੱਕ ਪੁੱਤਰ ਦੀ ਮਾਂ ਬਣਨ ਤੋਂ ਬਾਅਦ ਮੁੜ ਆਪਣੇ ਵਸੇਬੇ ਨੂੰ ਮੁੱਲਵਾਨ ਅਰਥ ਪ੍ਰਦਾਨ ਕਰਨ ਵਿਚ ਸਫ਼ਲ ਹੋ ਜਾਂਦੀ ਹੈ। ਕਹਾਣੀ ਦੀ ਸਿਰਜਣਾਤਮਿਕ ਦੇਣ ਇਹ ਹੈ ਕਿ ਮੁੱਖ ਪਾਤਰ ਕਰਮਜੀਤ 'ਛੁੱਟੜ ਜਨਾਨੀ' ਵਜੋਂ ਆਪਣੀ ਨਵੀਂ ਪਹਿਚਾਣ ਸਵੀਕਾਰਨ ਕਰਨ ਦੀ ਬਜਾਇ ਆਪਣੀ ਜ਼ਿੰਦਗੀ ਦਾ ਹਰ ਫੈਸਲਾ ਆਪ ਕਰਨ ਦਾ ਮਨ ਬਣਾਉਂਦੀ ਹੈ। ਉਸ ਵਲੋਂ ਦੋਧੀ ਜੱਗੇ ਨਾਲ ਕੀਤੀ ਨਵੀਂ ਗ੍ਰਿਹਸਥੀ ਦੀ ਸ਼ੁਰੂਆਤ ਜਿਥੇ ਉਸਦੀ ਪਹਿਚਾਣ ਇਕ ਸਿਰਜਣਾਤਮਿਕ ਤੇ ਜੁਝਾਰੂ ਪਾਤਰ ਵਜੋਂ ਬਣਾਉਂਦੀ ਹੈ, ਉਥੇ ਔਰਤ ਦੀ ਮੁਕਤੀ ਲਈ ਇੱਕ ਨਵਾਂ ਰਾਹ ਵੀ ਖੋਲ੍ਹਦੀ ਹੈ।

ਇਨ੍ਹਾਂ ਕਹਾਣੀਆਂ ਦੇ ਪਾਤਰਾਂ ਦਾ ਆਪਣੀ ਵਾਰਤਾਲਾਪ ਜਿੱਥੇ ਮੱਲਵਈ ਉਪ-ਭਾਸ਼ਾਈ ਸੱਭਿਆਚਾਰ ਨੂੰ ਉਘੇੜਦਾ ਹੈ ਉੱਥੇ ਇਹ ਉਨ੍ਹਾਂ ਦੇ ਵਿਅਕਤੀਤਵ ਦੇ ਵੱਖ-ਵੱਖ ਪਹਿਲੂਆਂ ਨੂੰ ਵੀ ਸਫਲਤਾਪੂਰਵਕ ਬਿਆਨ ਕਰ ਜਾਂਦਾ ਹੈ। ਇਹ ਕਹਾਣੀਆਂ ਆਪਣੇ ਪਾਠ ਦੀ ਸਮਾਪਤੀ ਤੋਂ ਬਾਅਦ ਵੀ ਪਾਠਕਾਂ ਦੀ ਸੋਚਣ ਲਈ ਬਹੁਤ ਕੁਝ ਛੱਡ ਜਾਂਦੀਆਂ ਹਨ। – ਨਿਰੰਜਣ ਬੋਹਾ



# ਧੜਕਦੀ ਜ਼ਿੰਦਗੀ ਦਾ ਉਮਾਹ — ਦਿਲ ਦਰਵਾਜ਼ੇ

(ਤ੍ਰੈਲੋਚਨ ਲੋਚੀ)

ਦਿਲ ਦਰਵਾਜ਼ੇ ਸੁਖਨਵਰ ਤ੍ਰੈਲੋਚਨ ਲੋਚੀ ਦਾ ਪਲੇਠਾ ਗ਼ਜ਼ਲ ਸੰਗ੍ਰਹਿ ਹੈ। ਗੁਲਾਬ ਵਾਂਗ ਹਰ ਸਮੇਂ ਮਹਿਕਦਾ ਦੇ ਹਸੂੰ-ਹਸੂੰ ਕਰਦਾ ਨੌਜਵਾਨ ਲੋਚੀ ਜਦ ਵੀ ਮਿਲਦਾ ਹੈ ਨਵੇਂ ਤੇ ਮੌਲਿਕ ਸ਼ਿਅਰ ਵਾਂਗ ਮਿਲਦਾ ਹੈ। ਇਵੇਂ ਲੱਗਦਾ ਹੈ ਕਿ ਜਿਵੇਂ ਉਹ ਖ਼ੁਦ ਹੀ ਇਕ ਸ਼ਾਇਰੀ ਦੀ ਕਿਤਾਬ ਹੋਵੇ। ਸਟੇਜ ਉੱਤੇ ਸ਼ਿਅਰ ਕਹਿੰਦਿਆਂ ਉਹ ਸ਼ਿਵ ਬਟਾਲਵੀ ਦੀ ਯਾਦ ਤਾਜ਼ਾ ਕਰਵਾ ਦਿੰਦਾ ਹੈ। ਲੋਚੀ ਨਿੱਕੀ ਉਮਰੇ ਦੀ ਸ਼ਾਇਰੀ ਨੂੰ ਸਮਰਪਿਤ ਹੋ ਗਿਆ ਸੀ। ਲੁਧਿਆਣੇ ਦੀ ਸਾਹਿਤਕ ਬਗੀਚੀ ਵਿਚ ਉਹ ਸੂਹਾ ਫੁੱਲ ਦੂਰੋਂ ਵੱਖਰਾ ਦਿਸਦਾ ਹੈ। ਲੋਚੀ ਨੇ ਭਾਵੇਂ ਇਹ ਪੁਸਤਕ ਪਹਿਲੀ ਹੀ ਛਪਵਾਈ ਹੈ ਪਰ ਉਸਦੀ ਮਸ਼ਹੂਰੀ ਕਈ-ਕਈ ਕਿਤਾਬਾਂ ਵਾਲੇ ਲੇਖਕਾਂ ਨਾਲੋਂ ਵੀ ਵੱਧ ਹੈ। ਮੈਂ ਜਦ ਉਸਦੀ ਗ਼ਜ਼ਲ ਜੇਕਰ ਕਿਸੇ ਮੈਗਜ਼ੀਨ 'ਚੋਂ ਵੀ ਪੜ੍ਹਾਂ ਤਾਂ ਸ਼ਿਅਰ ਤਰੱਨੁਮ 'ਚ ਹੀ ਮਿਲਦੇ ਹਨ। ਲੋਚੀ ਵਰਗੀ ਸ਼ਿਅਰੀ ਮਾਨਤਾ ਨਿੱਕੀ ਉਮਰੇ ਵਿਰਲਿਆਂ ਨੂੰ ਹੀ ਮਿਲਦੀ ਹੈ। ਸਾਹਿਤਕ ਹਲਕਿਆਂ ਵਿਚ ਉਸਦਾ ਸ਼ੁਮਾਰ ਹਵਾਵਾਂ 'ਚ ਘੁਲੀ ਅਗਰਬੱਤੀ ਦੀ ਖੁਸ਼ਬੋ ਜਿਹਾ ਹੁੰਦਾ ਹੈ।

ਦਿਲ ਦਰਵਾਜ਼ੇ ਦੀਆਂ ਗ਼ਜ਼ਲਾਂ ਦੇ ਸ਼ਿਅਰ ਪਿਆਰ, ਸੁੰਦਰਤਾ ਅਤੇ ਸਮੇਂ ਦੇ ਦੁੱਖਾਂ ਦਰਦਾਂ ਤੱਕ ਫੈਲੇ ਹੋਏ ਹਨ। ਉਸਦੇ ਸ਼ਿਅਰ ਫੁੱਲ ਦੇ ਖਿੜਨ ਵਾਂਗ ਖੜਾਕ ਨਹੀਂ ਕਰਦੇ। ਬੱਸ ਅਹਿਸਾਸ ਕਰਵਾਉਂਦੇ ਹਨ। ਉਸਦੇ ਸ਼ਿਅਰਾਂ ਵਿਚ ਤਿੱਤਲੀਆਂ ਜਿਹੀ ਨਾਜ਼ੁਕਤਾ ਤੇ ਹਵਾਵਾਂ ਵਰਗੀ ਤਾਜ਼ਗੀ ਹੁੰਦੀ ਹੈ। ਲੋਚੀ ਸੁਖਨਵਰ ਵੀ ਹੈ ਤੇ ਸੁਖਨਸਾਜ਼ ਵੀ। ਸ਼ਾਇਦ ਲੋਚੀ ਅਜਿਹੇ ਭਾਵਪੂਰਤ ਸ਼ਿਅਰਾਂ ਦੀ ਸਿਰਜਣਾ ਕਰਦਾ ਹੈ ਜੋ ਵੱਖਰੇ ਸੁਭਾਅ ਕਰਕੇ ਵਿਲੱਖਣ ਤਾਜ਼ਗੀ ਦਾ ਅਹਿਸਾਸ ਕਰਵਾਉਂਦੇ ਹਨ।

ਲੋਚੀ ਦੇ ਸ਼ਿਅਰ ਭਾਵੇਂ ਸਰਲਤਾ ਤੇ ਤਰਲਤਾ ਭਰਪੂਰ ਹਨ ਪਰ ਉਹਨਾਂ ਦੇ ਅਰਥ ਸਾਗਰ ਦੀ ਡੂੰਘਾਈ 'ਚੋਂ ਮਿਲਦੇ ਮੋਤੀਆਂ ਵਰਗੇ ਹਨ। ਉਹ ਆਪਣੇ ਸ਼ਿਅਰ ਕਿ 'ਤੂੰ ਕਦੇ ਲੋਚੀ ਰਲੀਂ ਨਾ ਭੀੜ ਵਿਚ, ਤੇਜ਼ ਗੱਡੀ ਦੇ ਮੁਸਾਫਿਰ ਬਹੁਤ ਨੇ।' ਵਾਂਗ ਸ਼ਾਇਰਾਂ ਦੀਆਂ ਭੀੜਾਂ ਤੋਂ ਅੱਡਰੇ ਦਾ ਅੱਡਰਾ ਦਿੱਸਦਾ ਹੈ। ਉਸਦਾ ਇਹ ਗ਼ਜ਼ਲ ਸੰਗ੍ਰਹਿ ਇਵੇਂ ਲੱਗਦਾ ਹੈ ਜਿਵੇਂ ਧੀਆਂ ਨੂੰ ਗ਼ਜ਼ਲੀ ਸਲਾਮ ਹੋਵੇ। ਅਨੇਕਾਂ ਸ਼ਿਅਰ ਜੋ ਅਮਰਤਾ ਨੂੰ ਪਹੁੰਚਦੇ ਹਨ, ਧੀਆਂ ਬਾਰੇ ਹਨ। ਸੁਣਿਆ ਹੈ ਕਿ ਇਕ ਬਾਲੜੀ ਧੀ ਦੀ ਰੂਹ ਉਸ ਵਿਚ ਰਹਿੰਦੀ ਹੈ। ਬਾਲੜੀ ਜੋ ਉਸ ਦੀਆਂ ਬਾਹਾਂ 'ਚੋਂ ਅਣਦੱਸੇ ਸੰਸਾਰ ਵੱਲ ਉਡਾਰੀ ਮਾਰ ਗਈ ਇਸੇ ਲਈ ਉਸਨੇ ਇਹ ਸ਼ਿਅਰ ਟਾਈਟਲ ਵਿਚ ਦਿੱਤਾ ਹੈ, 'ਮੈਂ ਬੇਟੀ ਨੂੰ ਭਰਦਾ ਹਾਂ ਝੱਟ ਹੀ ਕਲਾਵੇ, ਬਨੇਰੇ ਤੋਂ ਉੱਡਦੀ ਕੋਈ ਜਦ ਚਿੜੀ ਹੈ।' ਸੱਤ ਦਰਜਣ ਗ਼ਜ਼ਲਾਂ ਇਸ ਪੁਸਤਕ ਦੀ ਸ਼ੋਭਾ ਹਨ ਤੇ ਹਰ ਗ਼ਜ਼ਲ ਦਾ ਚਿਹਰਾ ਮੁਹਰਾ ਕੁੜੀਆਂ ਵਾਂਗ ਵੱਖ-ਵੱਖਰਾ ਹੈ। ਉਹ ਕੁੜੀਆਂ ਨੂੰ ਕਵਿਤਾਵਾਂ ਕਹਿੰਦਾ ਹੈ, 'ਜ਼ਾਲਿਮ ਕਹਿਣ ਬਲਾਵਾਂ ਹੁੰਦੀਆਂ, ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ।'

ਲੋਚੀ ਦੇ ਸਾਰੇ ਸ਼ਿਅਰ ਸੌਖੇ ਬਹਿਰਾਂ ਵਿਚ ਹਨ। ਉਸਨੇ ਉਹੀ ਬਹਿਰ ਤੇ ਛੰਦ ਅਪਣਾਏ ਹਨ ਜੋ ਪੰਜਾਬੀਆਂ ਦੀ ਸੁਰ ਲਹਿਰੀ ਵਿਚ ਸਮਾ ਚੁੱਕੇ ਹਨ ਅਤੇ ਜਿਨ੍ਹਾਂ ਨੂੰ ਤਰੱਨੁਮ ਵਿਚ ਪੇਸ਼ ਕਰ ਸਕਦਾ ਹੈ। ਉਸਦੇ ਸ਼ਿਅਰ ਜ਼ਿੰਦਗੀ ਦੇ ਹੇਕ ਵੀ ਹਨ ਪਰ ਹੂਕ ਵੀ । ਉਹ ਦਿਲ ਨੂੰ ਸਕੂਨ ਵੀ ਦਿੰਦੇ ਹਨ, ਉਦਾਸ ਵੀ ਕਰਦੇ ਹਨ। 'ਦਿਲ ਦਰਵਾਜ਼ੇ' ਨੂੰ ਦਿਲੋਂ ਜੀ ਆਇਆ।

**ਏਸ ਨਗਰ ਦੇ ਲੋਕਾਂ 'ਤੇ ਹੁਣ ਕਿੰਝ ਕਰੀਏ ਇਤਬਾਰ,**
**ਹੱਥਾਂ ਵਿਚ ਗੁਲਦਸਤੇ ਰੱਖਣ, ਬੁੱਕਲ ਵਿਚ ਕਟਾਰ।**

– ਸੁਲੱਖਣ ਸਰਹੱਦੀ

# ਪੁਸਤਕ ਪ੍ਰਾਪਤੀ

1. ਧਰਤੀ ਅੰਬਰ ਤੇ ਖੁਸ਼ਬੂ (ਨਜ਼ਮਾਂ/ ਗ਼ਜ਼ਲਾਂ) ਜਨਕ ਸਿੰਘ ਪ੍ਰੀਤ ਪੰਨੇ 80, ਮੁੱਲ 85/- ਕੁਕਨੂਸ ਪ੍ਰਕਾਸ਼ਨ, ਜਲੰਧਰ।
2. ਪਾਟਦੀ ਧੁੰਦ (ਕਹਾਣੀਆਂ) ਜੋਰਾ ਸਿੰਘ ਸੰਧੂ, ਪੰਨੇ 120, ਮੁੱਲ 140/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ।
3. ਗੋਰੀ ਧਰਤੀ ਦੇ ਅਫ਼ਸਾਨੇ (ਕਹਾਣੀਆਂ) ਖੋਜੀ ਕਾਫਰ ਪੰਨੇ 240, ਮੁੱਲ 200/- ਸਿੰਘ ਬ੍ਰਦਰਜ਼, ਅੰਮ੍ਰਿਤਸਰ।
4. ਸੂਰਜ ਦੀਆਂ ਕਿਰਨਾਂ (ਕਵਿਤਾਵਾਂ) ਮਹਿੰਦਰ ਮਾਨ ਪੰਨੇ 96, ਮੁੱਲ 80/- ਸੁਰਜੀਤ ਲਿਟਰੇਰੀ ਬੁੱਕ ਸ਼ਾਪ, ਨਵਾਂਸ਼ਹਿਰ
5. ਚੰਦਨ ਦੇ ਰੁੱਖ (ਰੇਖਾ-ਚਿੱਤਰ) ਸੁਰਿੰਦਰ ਰਾਮਪੁਰੀ ਪੰਨੇ 90, ਮੁੱਲ 100/- ਲਾਹੌਰ ਬੁੱਕ ਸ਼ਾਪ, ਲੁਧਿਆਣਾ।
6. ਵਿਗੋਚਾ (ਨਾਵਲ) ਜਰਨੈਲ ਸਿੰਘ ਸੇਖਾ, ਪੰਨੇ 324, ਮੁੱਲ 300/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
7. ਸਪੌਂਸਰਸ਼ਿਪ (ਨਾਵਲ) ਨਦੀਮ ਪਰਮਾਰ, ਪੰਨੇ 160, ਮੁੱਲ 160/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
8. Metallurgy In Archaeology of Punjabi Pakistan (Ph. D. Thesis) English pages 176, Price 395/- ਚੇਤਨਾ ਪ੍ਰਕਾਸ਼ਨ, ਲੁਧਿਆਣਾ
9. ਮੈਂ ਭੋਲਾਵਾ ਪਗ ਦਾ (ਸਵੈ-ਜੀਵਨੀ) ਕਰਮਜੀਤ ਸਿੰਘ ਭਾਗਾ -2, ਪੰਨੇ 320, ਮੁੱਲ 400/- ਮਨਪ੍ਰੀਤ ਪ੍ਰਕਾਸ਼ਨ, ਦਿੱਲੀ
10. ਦੁਮੇਲ ਤੋਂ ਪਰੇ (ਕਵਿਤਾਵਾਂ) ਸੁਰਿੰਦਰ ਰਾਮਪੁਰੀ, ਪੰਨੇ 136, ਮੁੱਲ 150/- ਯੂਨੀਸਟਾਰ ਬੁਕਸ, ਚੰਡੀਗੜ੍ਹ
11. ਪਿੰਜਰ ਦੀ ਤਲਾਸ਼ (ਕਵਿਤਾਵਾਂ) ਰਤਨ ਟਾਹਲਵੀ ਪੰਨੇ 96, ਮੁੱਲ 100/- ਸੁੰਦਰ ਬੁੱਕ ਡਿਪੂ, ਜਲੰਧਰ।
12. ਪੰਜਾਬੀ ਸਾਹਿਤ-ਸਮੀਖਿਆ ਚੇਤਨਾ (ਆਲੋਚਨਾ) ਪ੍ਰਿਤਪਾਲ ਸਿੰਘ ਮਹਿਰੋਕ ਪੰਨੇ 162, ਮੁੱਲ 250/- ਮਨਪ੍ਰੀਤ ਪ੍ਰਕਾਸ਼ਨ, ਦਿੱਲੀ
13. ਵੱਧਦੇ ਕਦਮ (ਸਾਂਝਾ ਕਾਵਿ-ਸੰਗ੍ਰਹਿ) ਪੰਜਾਬੀ ਸਾਹਿਤ ਸਭਾ ਜ਼ੀਰਾ ਸਫ਼ੇ 80, ਮੁੱਲ 80/-
14. ਬਸਰੇ ਦੀ ਲਾਮ (ਕਹਾਣੀਆਂ) ਜਸਪਾਲ ਮਾਨਖੇੜਾ ਪੰਨੇ 100, ਮੁੱਲ 120/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
15. ਦਿਲ ਦਰਵਾਜ਼ੇ (ਗ਼ਜ਼ਲਾਂ) ਤ੍ਰੈਲੋਚਨ ਲੋਚੀ ਪੰਨੇ 104, ਮੁੱਲ 125/- ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ।
16. ਮੰਥਨ (ਕਹਾਣੀਆਂ) ਅਸ਼ਵਨੀ ਬਾਗੜੀਆਂ ਪੰਨੇ 114, ਮੁੱਲ 130/- ਯੂਨੀਸਟਾਰ ਬੁੱਕਸ, ਚੰਡੀਗੜ੍ਹ



## ਤੇਰਾ ਸਿੰਘ ਚੰਨ ਦਾ ਯਾਦਗਾਰੀ ਗੀਤ

ਹੇ ਪਿਆਰੀ ਭਾਰਤ ਮਾਂ, ਅਸੀਂ ਤੈਨੂੰ ਸੀਸ ਨਿਵਾਂਦੇ ਹਾਂ
ਤੇਰੇ ਤੋਂ ਸਦਕੇ ਜਾਂਦੇ ਹਾਂ।

ਸਾਨੂੰ ਲੋਰੀਆਂ ਦਿੱਤੀਆਂ ਮਾਂ, ਤੇਰੇ ਗਿੱਧਿਆਂ ਦੀ ਬੋਲੀ ਨੇ
ਸਾਨੂੰ ਹੱਸਣਾ ਦੱਸਿਆ ਮਾਂ, ਤੇਰੇ ਭੰਗੜੇ ਦੀ ਟੋਲੀ ਨੇ।
ਅਸੀਂ ਡਿਗ-ਡਿਗ ਹੋਏ ਜਵਾਨ, ਨਾ ਸਮਝੇ ਸਾਨੂੰ ਕੋਈ ਨਾਦਾਨ,
ਅਗਾਂਹ ਨੂੰ ਕਦਮ ਵਧਾਂਦੇ ਹਾਂ।

ਸਾਨੂੰ ਟੁਰਨਾ ਦੱਸਿਆ ਮਾਂ, ਤੇਰੇ ਵਗਦੇ ਦਰਿਆਵਾਂ ਨੇ
ਸਾਨੂੰ ਨੱਚਣਾ ਦੱਸਿਆ ਮਾਂ, ਲਹਿਰਾਂ ਦੀਆਂ ਸ਼ੋਖ ਅਦਾਵਾਂ ਨੇ
ਤੇਰੀ ਮਿੱਠੜੀ ਮਸਤ ਹਵਾ, ਸਾਨੂੰ ਅਰਸ਼ੀਂ ਦਏ ਪੁਚਾ
ਸੁਰਗ ਦੇ ਕੋਲ ਬੁਲਾਂਦੇ ਹਾਂ।

ਸਾਨੂੰ ਹਿੰਮਤ ਦਿੱਤੀ ਮਾਂ, ਤੇਰੇ ਇਸ ਉੱਚ ਹਿਮਾਲੇ ਨੇ
ਸਾਨੂੰ ਦਿੱਤਾ ਸੱਚ, ਨਿਆਂ, ਗੰਗਾ ਦੇ ਇਕ ਉਛਾਲੇ ਨੇ
ਤੇਰੇ ਹਰੇ-ਭਰੇ ਨੇ ਖੇਤ, ਕਿ ਤੇਰੀ ਸੋਨੇ ਵਰਗੀ ਰੇਤ
ਮੱਥੇ 'ਤੇ ਧੂੜੀ ਲਾਂਦੇ ਹਾਂ।

ਸਾਨੂੰ ਜਿਊਣਾ ਦੱਸਿਆ ਮਾਂ, ਤੇਰੀਆਂ ਮਸਤ ਬਹਾਰਾਂ ਨੇ
ਸਾਨੂੰ ਮਰਨਾ ਦੱਸਿਆ ਮਾਂ, ਭਗਤ ਸਿੰਘ ਜਹੇ ਸਰਦਾਰਾਂ ਨੇ
ਸਾਨੂੰ ਬੁੱਧ ਵਰਗੇ ਭਗਵਾਨ, ਤੇ ਸਾਡੇ ਗਾਂਧੀ ਜਹੇ ਇਨਸਾਨ
ਉਹਨਾਂ ਤੋਂ ਸਿੱਖਿਆ ਪਾਂਦੇ ਹਾਂ।

ਅਸੀਂ ਸਹੁੰ ਖਾਂਦੇ ਹਾਂ ਮਾਂ, ਭਗਤ ਸਿੰਘ ਦੀ ਕੁਰਬਾਨੀ ਦੀ
ਅਸੀਂ ਸਹੁੰ ਖਾਂਦੇ ਹਾਂ ਮਾਂ, ਤੇਰੀ ਝਾਂਸੀ ਦੀ ਰਾਣੀ ਦੀ
ਤੇਰੇ ਵੱਲ ਜਿਹੜਾ ਤੱਕੇਗਾ, ਉਹ ਸਾਥੋਂ ਬਚ ਨਹੀਂ ਸਕੇਗਾ
ਅਸੀਂ ਇਹ ਕਸਮਾਂ ਖਾਂਦੇ ਹਾਂ।

Chirag Quarterly Oct. - Dec. 2009
Registered with the Registrar of News-Papers of India No. PUN-PUN 0 2276/AL/TC94

ਹਾਸ਼ਮ ਫਤਿਹ ਨਸੀਬ ਉਨ੍ਹਾਂ ਨੂੰ ਜਿਨਾਂ ਹਿੰਮਤ ਯਾਰ ਬਣਾਈ।

ਇੱਕ ਨਾਂ ਜਿਸ ਤੇ ਤੁਸੀਂ ਭਰੋਸਾ ਕਰ ਸਕਦੇ ਹੋ ®

ਅਮਰ ਪ੍ਰੀਤ

ਅਤੇ

AMAR PREET

Growth is Life

ਸੰਗਰਾਮ (ਗੋਲੀ ਅਤੇ ਮੈਸ਼)

ਸੰਤੁਲਿਤ ਪਸ਼ੂ ਖੁਰਾਕ

ਡੀਲਰਸ਼ਿਪ ਲਈ ਸੰਪਰਕ ਕਰੋ-

ਪ੍ਰੀਤ ਫੀਡ ਸੇਲਜ਼ ਤਰਨ ਤਾਰਨ

ਫੋਨ :-

01852-222927 (M) 98760-72265

Fax:- 01852-225327